JOSHI LAW OFFICE
Barrister, Solicitor & Notary Public
❖ Immigration
❖ Real Estate
❖ Commercial Law
❖ Affidavit
❖ Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

To view our online newspaper visit punjabipost.ca/epaper | Vol 21* Issue 144 | Friday, July 22, 2022 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

## ਯੂਰਪ ਨੂੰ ਐਨਰਜੀ ਸਪਲਾਈ ਕਿਵੇਂ ਵਧਾਈ ਜਾਵੇ ਇਸ 'ਤੇ ਵਿਚਾਰ ਕਰ ਰਿਹਾ ਹੈ ਕੈਨੇਡਾ : ਟਰੂਡੋ




ਨੋਵਾ ਸਕੋਸ਼ੀਆ, 21 ਜੁਲਾਈ (ਪੋਸਟ ਬਿਊਰੋ) : ਰੂਸ ਤੋਂ ਐਨਰਜੀ ਸਪਲਾਈ ਬੰਦ ਕਰਨ ਲਈ ਯੂਰਪੀਅਨ ਦੇਸ਼ਾਂ ਉੱਤੇ ਪਾਏ ਜਾ ਰਹੇ ਦਬਾਅ ਦੇ ਮੱਦੇਨਜ਼ਰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖਿਆ ਕਿ ਉਹ ਕਈ ਮਹੀਨਿਆਂ ਤੋਂ ਜਰਮਨੀ ਦੇ ਚਾਂਸਲਰ ਓਲਫ ਸ਼ੋਲਜ਼ ਨਾਲ ਇਸ ਸਬੰਧ ਵਿੱਚ ਗੱਲ ਕਰ ਰਹੇ ਹਨ ਤੇ ਉਨ੍ਹਾਂ ਨੂੰ ਪੁੱਛ ਰਹੇ ਹਨ ਕਿ ਕੈਨੇਡਾ ਕਿਸ ਤਰ੍ਹਾਂ ਉਨ੍ਹਾਂ ਦੇ ਕੰਮ ਆ ਸਕਦਾ ਹੈ?


ਵੀਰਵਾਰ ਨੂੰ ਟਰੂਡੋ ਨੇ ਆਖਿਆ ਕਿ ਅਸੀਂ ਘੱਟ ਸਮੇਂ ਵਿੱਚ ਕਾਫੀ ਕੁੱਝ ਕਰਨਾ ਚਾਹ ਰਹੇ ਹਾਂ। ਉਨ੍ਹਾਂ ਆਖਿਆ ਕਿ ਰੂਸ ਵੱਲੋਂ ਗੈਸ ਤੇ ਤੇਲ ਨੂੰ ਹਥਿਆਰ ਬਣਾ ਕੇ ਵਰਤਿਆ ਜਾ ਰਿਹਾ ਹੈ ਤੇ ਇਸ ਕਾਰਨ ਜਰਮਨੀ ਨੂੰ ਕਾਫੀ ਵੱਡੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਯੂਰਪੀਅਨ ਕਮਿਸ਼ਨ ਦੀ ਪ੍ਰੈਜ਼ੀਡੈਂਟ ਉਰਸੁਲਾ ਵੌਨ ਡੇਰ ਲੇਯੇਨ ਨੇ ਬੁੱਧਵਾਰ ਨੂੰ ਸਾਰੇ ਯੂਰਪੀਅਨ ਯੂਨੀਅਨ ਮੈਂਬਰਾਂ ਨੂੰ ਸੱਦਾ ਦਿੱਤਾ ਕਿ ਉਹ ਆਉਣ ਵਾਲੇ ਮਹੀਨਿਆਂ ਵਿੱਚ ਗੈਸ ਦੀ ਖਪਤ 15 ਫੀ ਸਦੀ ਘਟਾ ਦੇਣ ਤਾਂ ਕਿ ਰੂਸ ਵੱਲੋਂ ਸੰਭਾਵੀ ਤੌਰ ਉੱਤੇ ਕੁਦਰਤੀ ਗੈਸ ਸਪਲਾਈਜ਼ ਵਿੱਚ ਕਟੌਤੀ ਕੀਤੇ ਜਾਣ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਉਹ ਸਿਆਲਾਂ ਦੀ ਰੁੱਤ ਲਈ ਗੈਸ ਬਚਾ ਸਕਣ।

ਉਨ੍ਹਾਂ ਆਖਿਆ ਕਿ ਰੂਸ ਸਾਨੂੰ ਬਲੈਕਮੇਲ ਕਰ ਰਿਹਾ ਹੈ ਤੇ ਐਨਰਜੀ ਨੂੰ ਹਥਿਆਰ ਬਣਾ ਕੇ ਵਰਤ ਰਿਹਾ ਹੈ। ਇਸ ਲਈ ਰੂਸ ਵੱਲੋਂ ਗੈਸ ਸਪਲਾਈ ਨੂੰ ਅੰਸ਼ਕ ਜਾਂ ਮੁਕੰਮਲ ਤੌਰ ਉੱਤੇ ਕੱਟ ਕਰਨ ਦੀ ਸੂਰਤ ਵਿੱਚ ਯੂਰਪ ਪੂਰੀ ਤਰ੍ਹਾਂ ਤਿਆਰ ਰਹਿ ਸਕੇ। ਇਸ ਦੌਰਾਨ ਟਰੂਡੋ ਨੇ ਆਖਿਆ ਕਿ ਦੁਨੀਆ ਭਰ ਦੀ ਸਪਲਾਈ ਚੇਨ ਕੈਨੇਡਾ ਉੱਤੇ ਟੇਕ ਲਾਈ ਬੈਠੀ ਹੈ ਕਿ ਫੌਰੀ ਤੌਰ ਉੱਤੇ ਅਸੀਂ ਯੂਰਪ ਦੀ ਤੇਲ ਤੇ ਗੈਸ ਦੀ ਲੋੜ ਕਿਸ ਤਰ੍ਹਾਂ ਪੂਰੀ ਕਰ ਸਕਾਂਗੇ? ਉਨ੍ਹਾਂ ਆਖਿਆ ਕਿ ਇਸ ਦੇ ਨਾਲ ਹੀ ਸਾਨੂੰ ਇਹ ਵੀ ਵੇਖਣਾ ਹੋਵੇਗਾ ਕਿ ਅਸੀਂ ਰੂਸ ਜਾਂ ਹੋਰ ਕਿਤੋਂ ਵੀ ਤੇਲ ਤੇ ਗੈਸ ਸਪਲਾਈ ਤੋਂ ਪਾਸੇ ਹਟ ਸਕਦੇ ਹਾਂ। ਇਸ ਲਈ ਇਹ ਮੁੱਦਾ ਦੋ ਧਾਰੀ ਤਲਵਾਰ ਵਰਗਾ ਹੈ।

ਜ਼ਿਕਰਯੋਗ ਹੈ ਕਿ ਕੈਨੇਡਾ ਪਹਿਲਾਂ ਹੀ ਇਹ ਆਖ ਚੁੱਕਿਆ ਹੈ ਕਿ ਰੂਸ ਦੇ ਫੌਸਿਲ ਫਿਊਲ ਉੱਤੇ ਨਿਰਭਰਤਾ ਨੂੰ ਘਟਾਉਣ ਲਈ ਘਰੇਲੂ ਪ੍ਰੋਡਿਊਸਰਜ਼ 2022 ਦੇ ਅੰਤ ਤੱਕ ਤੇਲ ਤੇ ਕੁਦਰਤੀ ਗੈਸ ਦੇ ਉਤਪਾਦਨ ਨੂੰ 300,000 ਬੈਰਲ ਪ੍ਰਤੀ ਦਿਨ ਤੱਕ ਵਧਾ ਸਕਦੇ ਹਨ।

ਇਥੇ ਦੱਸਣਾ ਬਣਦਾ ਹੈ ਕਿ ਸ਼ੋਲਜ਼ ਐਨਰਜੀ ਦੇ ਬਦਲ ਵਜੋਂ ਕੈਨੇਡਾ ਨਾਲ ਹੱਥ ਮਿਲਾਉਣ ਵਿੱਚ ਦਿਲਚਸਪੀ ਰੱਖਦੇ ਹਨ ਤੇ ਉਹ ਅਗਸਤ ਵਿੱਚ ਕੈਨੇਡਾ ਦਾ ਦੌਰਾ ਕਰਨ ਦੀ ਯੋਜਨਾ ਬਣਾ ਰਹੇ ਹਨ ਤਾਂ ਕਿ ਐਨਰਜੀ, ਹੋਰ ਅਹਿਮ ਮਿਨਰਲਜ਼ ਤੇ ਸਵੱਛ ਟੈਕਨਾਲੋਜੀ ਲਈ ਕੈਨੇਡਾ ਨਾਲ ਭਾਈਵਾਲੀ ਕੀਤੀ ਜਾ ਸਕੇ।

## ਬਾਇਡਨ ਆਏ ਕੋਵਿਡ-19 ਦੀ ਜਕੜ 'ਚ



ਵਾਸ਼ਿੰਗਟਨ, 21 ਜੁਲਾਈ (ਪੋਸਟ ਬਿਊਰੋ) : ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਵੀਰਵਾਰ ਨੂੰ ਕੋਵਿਡ-19 ਪਾਜ਼ੀਟਿਵ ਪਾਏ ਗਏ ਹਨ। ਮਾਮੂਲੀ ਲੱਛਣਾਂ ਤੋਂ ਬਾਅਦ ਉਹ ਆਈਸੋਲੇਸ਼ਨ ਵਿੱਚ ਚਲੇ ਗਏ। ਇਸ ਦੌਰਾਨ ਵਾਈਟ ਹਾਊਸ ਦੇ ਅਧਿਕਾਰੀਆਂ ਨੇ ਦੱਸਿਆ ਕਿ 79 ਸਾਲਾ ਬਾਇਡਨ ਪੂਰੀ ਤਰ੍ਹਾਂ ਵੈਕਸੀਨੇਟਿਡ ਹਨ ਤੇ ਉਹ ਕੰਮ ਕਰਨਾ ਜਾਰੀ ਰੱਖਣਗੇ।

ਟਵਿੱਟਰ ਉੱਤੇ ਪੋਸਟ ਕੀਤੇ ਗਏ ਬਾਇਡਨ ਦੇ ਵੀਡੀਓ ਵਿੱਚ ਉਨ੍ਹਾਂ ਆਖਿਆ ਕਿ ਉਹ ਬਿਲਕੁਲ ਠੀਕ ਹਨ ਤੇ ਸਾਰੇ ਕੰਮ ਸਹੀ ਢੰਗ ਨਾਲ ਕਰ ਪਾ ਰਹੇ ਹਨ। ਵਾਈਟ ਹਾਊਸ ਦੇ ਕੋਵਿਡ-19 ਕੋਆਰਡੀਨੇਟਰ ਡਾ. ਆਸ਼ਿਸ਼ ਝਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਉਨ੍ਹਾਂ ਦੀ ਫੋਨ ਉੱਤੇ ਰਾਸ਼ਟਰਪਤੀ ਨਾਲ ਗੱਲ ਹੋਈ ਹੈ ਤੇ ਉਹ ਬਿਲਕੁਲ ਠੀਕਠਾਕ ਹਨ। ਇਸ ਦੌਰਾਨ ਬਾਇਡਨ ਦੇ ਡਾਕਟਰ ਕੈਵਿਨ ਓਕੌਨਰ ਨੇ ਇੱਕ ਪੱਤਰ ਵਿੱਚ ਆਖਿਆ ਕਿ ਬਾਇਡਨ ਨੂੰ ਕੱਲ੍ਹ ਸ਼ਾਮ ਤੋਂ ਹੀ ਥਕਾਵਟ ਤੇ ਹਲਕੀ ਜਿਹੀ ਸੁੱਕੀ ਖੰਘ ਦੇ ਨਾਲ ਨਾਲ ਜ਼ੁਕਾਮ ਹੈ। ਬਾਇਡਨ ਨੂੰ ਪੰਜ ਦਿਨਾਂ ਤੱਕ ਆਈਸੋਲੇਟ ਰਹਿਣਾ ਹੋਵੇਗਾ ਤੇ ਨੈਗੇਟਿਵ ਟੈਸਟ ਤੋਂ ਬਾਅਦ ਉਹ ਆਪਣੀਆਂ ਆਮ ਗਤੀਵਿਧੀਆਂ ਵੱਲ ਪਰਤ ਸਕਣਗੇ।

## ਕੰਜ਼ਰਵੇਟਿਵ ਲੀਡਰਸ਼ਿਪ ਬਹਿਸ ਵਿੱਚ ਹਿੱਸਾ ਲੈਣ ਤੋਂ ਪੌਲੀਐਵਰ ਕਰ ਰਹੇ ਹਨ ਇਨਕਾਰ



ਓਟਵਾ, 21 ਜੁਲਾਈ (ਪੋਸਟ ਬਿਊਰੋ) : ਕੰਜ਼ਰਵੇਟਿਵ ਪਾਰਟੀ ਵੱਲੋਂ ਅਗਸਤ ਵਿੱਚ ਤੀਜੀ ਲੀਡਰਸ਼ਿਪ ਬਹਿਸ ਕਰਵਾਉਣ ਬਾਰੇ ਵਿਚਾਰ ਕੀਤਾ ਜਾ ਰਿਹਾ ਹੈ। ਪਰ ਇੱਕ ਉਮੀਦਵਾਰ ਵੱਲੋਂ ਇਸ ਬਹਿਸ ਵਿੱਚ ਹਿੱਸਾ ਲੈਣ ਤੋਂ ਇਨਕਾਰ ਕੀਤਾ ਜਾ ਰਿਹਾ ਹੈ ਤੇ ਦੂਜੇ ਨੂੰ ਲੱਗ ਰਿਹਾ ਹੈ ਕਿ ਇਸ ਦੀ ਕੀ ਲੋੜ ਹੈ।

ਇਸ ਲੀਡਰਸ਼ਿਪ ਦੌੜ ਦੇ ਮੁੱਖ ਦਾਅਵੇਦਾਰਾਂ ਵਿੱਚੋਂ ਇੱਕ ਪਿਏਰ ਪੌਲੀਐਵਰ ਦੀ ਕੈਂਪੇਨ ਵੱਲੋਂ ਵੀਰਵਾਰ ਨੂੰ ਐਲਾਨ ਕੀਤਾ ਗਿਆ ਕਿ ਉਹ ਇਸ ਬਹਿਸ ਵਿੱਚ ਹਿੱਸਾ ਨਹੀਂ ਲੈਣਗੇ। ਇਸ ਕਾਰਨ ਪੌਲੀਐਵਰ ਨੂੰ ਭਾਰੀ ਜੁਰਮਾਨਾ ਵੀ ਹੋ ਸਕਦਾ ਹੈ। ਕੰਜ਼ਰਵੇਟਿਵ ਪਾਰਟੀ ਦੇ ਨਿਯਮਾਂ ਅਨੁਸਾਰ ਉਮੀਦਵਾਰਾਂ ਨੂੰ ਰਸਮੀ ਲੀਡਰਸ਼ਿਪ ਬਹਿਸ ਵਿੱਚ ਲਾਜ਼ਮੀ ਤੌਰ ਉੱਤੇ ਹਿੱਸਾ ਲੈਣਾ ਹੁੰਦਾ ਹੈ ਨਹੀਂ ਤਾਂ ਉਨ੍ਹਾਂ ਨੂੰ ਆਟੋਮੈਟਿਕਲੀ 50,000 ਡਾਲਰ ਦਾ ਜੁਰਮਾਨਾ ਭਰਨਾ ਪੈਂਦਾ ਹੈ।

ਇਸ ਦੌਰਾਨ ਪੌਲੀਐਵਰ ਦੀ ਕੈਂਪੇਨ ਵੱਲੋਂ ਦੂਜੇ ਲੀਡਰਸ਼ਿਪ ਉਮੀਦਵਾਰ ਜੀਨ ਚਾਰੈਸਟ ਉੱਤੇ ਵਾਰੀ ਵਾਰੀ ਤੀਜੀ ਬਹਿਸ ਕਰਵਾਉਣ ਲਈ ਦਬਾਅ ਪਾਉਣ ਦਾ ਦੋਸ਼ ਲਾਇਆ ਜਾ ਰਿਹਾ ਹੈ। ਇਹ ਵੀ ਆਖਿਆ ਜਾ ਰਿਹਾ ਹੈ ਕਿ ਕਿਊਬਿਕ ਦੇ ਸਾਬਕਾ ਪ੍ਰੀਮੀਅਰ ਬਸੰਤ ਦੇ ਮੌਸਮ ਵਿੱਚ ਓਨੀ ਭੀੜ ਇੱਕਠੀ ਨਹੀਂ ਕਰ ਸਕੇ ਸਨ ਜਿੰਨੀ ਪੌਲੀਐਵਰ ਨੇ ਉਦੋਂ ਇੱਕਠੀ ਕਰ ਲਈ ਸੀ ਜਦੋਂ ਉਮੀਦਵਾਰ ਆਪਣੇ ਸਮਰਥਕਾਂ ਨੂੰ ਮੈਂਬਰਸ਼ਿਪ ਵੇਚ ਰਹੇ ਸਨ। ਇਸੇ ਲਈ ਹੁਣ ਉਹ ਤੀਜੀ ਬਹਿਸ ਕਰਵਾਉਣੀ ਚਾਹੁੰਦੇ ਹਨ ਤਾਂ ਕਿ ਪੌਲੀਐਵਰ ਦੀ ਹਰਮਨਪਿਆਰਤਾ ਨੂੰ ਭੁਗਤਾਇਆ ਜਾ ਸਕੇ ਤੇ ਉਸ ਆਡੀਐਂਸ ਨੂੰ ਇੱਕਠਾ ਕੀਤਾ ਜਾ ਸਕੇ ਜਿਹੜੀ ਉਹ ਆਪਣੇ ਦਮ ਉੱਤੇ ਇੱਕਠੀ ਨਹੀਂ ਕਰ ਸਕਦੇ।

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352) Manwinder Mangat
Aaxel InsuranceBrokers Ltd. | 1332 Khalsa Dr, Unit # 11, Mississauga, ON L5S 0A2

OURR HOME & APPLIANCES
BASEMENT Special
JULY BOXING WEEK
Stacked laundry | 30 inch fridge | Electric stove
$2999
Unit #1, 241 Clarence, St Brampton, On L6W 3E7, (416) 551 3343 | 44 Fasken Dr. # 2-9 Etobicoke, On M9W 5M8, (416) 792-0877 | Unit #6 410 Lewis Road, Stoney Creek, On L8E 5Y7, (905) 643-0818 | Unit #4 - 1540 Fanshawe Park Road West London, On N6H 5L8 519-641-1010
WWW.OURRHOMEAPPLIANCES.COM (416) 792-0877 (416) 551 3343

GURBIR CHAHAL
Sales Representative
416.566.7605
gurbir.chahal@yahoo.com
ROYAL LEPAGE Flower City Realty Off : 905.230.3100

NOW HIRING !!! ALLKIND INSURANCE
•Life Insurance •Super Visa Insurance
•Critical illness Ins •Mortgage Insurance
•Travel & Visitor Ins •Disability Insurance
•RESP & TFSA & RRSP •Funeral Insurance
SIMRAN SAINI 416.994.7272
www.allkindinsurance.com

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

INSURANCE
○Home ○Auto
○Business ○Trucking
○Life Insurance ○Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

ROYAL STAR Realty Inc. Brokerage
Off: 905-793-1111 Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL Insurance Advisor 416-724-5000

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Law Office of Aman Sharma
-Real Estate -Commercial Lease
-Business Purchase & Sale
-Notarizations & Affidavits
-Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL (Government Approved Licensed Technician)
416 938 4598

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213

## ਟੋਰਾਂਟੋ ਤੇ ਓਟਵਾ ਦੇ ਮੇਅਰਜ਼ ਨੂੰ ਫੋਰਡ ਦੇਣਗੇ ਵਿਸ਼ੇਸ਼ ਸ਼ਕਤੀਆਂ !

ਓਨਟਾਰੀਓ, 21 ਜੁਲਾਈ (ਪੋਸਟ ਬਿਊਰੋ) : ਇੱਕ ਰਿਪੋਰਟ ਮੁਤਾਬਕ ਪ੍ਰੀਮੀਅਰ ਡੱਗ ਫੋਰਡ ਵੱਲੋਂ ਅਮਰੀਕਾ ਦੇ ਸਟਾਈਲ ਵਾਲੀਆਂ ਸ਼ਕਤੀਆਂ ਰਾਹੀਂ ਟੋਰਾਂਟੋ ਤੇ ਓਟਵਾ ਦੇ ਮੇਅਰਜ਼ ਦੇ ਹੱਥ ਮਜ਼ਬੂਤ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਦੂਜੇ ਪਾਸੇ ਅਹਿਮ ਮੁੱਦਿਆਂ ਉੱਤੇ ਸਿਟੀ ਕਾਊਂਸਲਰਜ਼ ਦੀ ਰਾਇ ਵੀ ਸੀਮਤ ਕਰ ਦਿੱਤੇ ਜਾਣ ਦੀ ਸੰਭਾਵਨਾ ਹੈ।



ਜਾਣਕਾਰ ਸੂਤਰ ਵੱਲੋਂ ਫੋਰਡ ਦੀ ਇਸ ਯੋਜਨਾ ਦੀ ਪੁਸ਼ਟੀ ਕੀਤੀ ਗਈ ਪਰ ਇਹ ਵੀ ਦੱਸਿਆ ਗਿਆ ਕਿ ਅਜੇ ਕੈਬਨਿਟ ਕੋਲ ਕੁੱਝ ਨਹੀਂ ਗਿਆ ਤੇ ਇਸ ਯੋਜਨਾ ਵਿੱਚ ਤਬਦੀਲੀ ਵੀ ਹੋ ਸਕਦੀ ਹੈ। ਦ ਸਟਾਰ ਅਨੁਸਾਰ ਮੇਅਰਜ਼ ਦੀਆਂ ਅਹਿਮ ਸ਼ਕਤੀਆਂ ਸਿਰਫ ਓਟਵਾ ਤੇ ਟੋਰਾਂਟੋ ਦੇ ਮੇਅਰਜ਼ ਨੂੰ ਹੀ ਹਾਸਲ ਹੋਣਗੀਆਂ ਤੇ ਇਨ੍ਹਾਂ ਬਾਰੇ ਆਉਣ ਵਾਲੇ ਹਫਤਿਆਂ ਵਿੱਚ ਜਾਣਕਾਰੀ ਸਾਹਮਣੇ ਆਵੇਗੀ।

ਜੇ ਅਜਿਹਾ ਹੁੰਦਾ ਹੈ ਤਾਂ ਸਬੰਧਤ ਮੇਅਰ ਬਜਟ ਸਬੰਧੀ ਅਹਿਮ ਫੈਸਲੇ ਕਾਊਂਸਲ ਦੇ ਸਮਰਥਨ ਤੋਂ ਬਿਨਾਂ ਲੈ ਸਕਣਗੇ।

## ਜਿਨਸੀ ਹਮਲੇ ਵਰਗੇ ਦਾਅਵਿਆਂ ਨੂੰ ਸੈਟਲ ਕਰਨ ਲਈ ਰੱਖੇ ਫੰਡ ਕਾਰਨ ਹਾਕੀ ਕੈਨੇਡਾ ’ਤੇ ਵਰ੍ਹੇ ਟਰੂਡੋ

ਬ੍ਰਿਟਿਸ਼ ਕੋਲੰਬੀਆ, 21 ਜੁਲਾਈ (ਪੋਸਟ ਬਿਊਰੋ) :ਹਾਕੀ ਕੈਨੇਡਾ ਦੀ ਨਿਖੇਧੀ ਕਰਦੇ ਸਮੇਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਪਣੇ ਸ਼ਬਦਾਂ ਨੂੰ ਮਿੱਠੀ ਚਾਸ਼ਨੀ ਵਿੱਚ ਲਪੇਟਣ ਦੀ ਕੋਸ਼ਿਸ਼ ਵੀ ਨਹੀਂ ਕੀਤੀ, ਬੱਸ ਉਨ੍ਹਾਂ ਆਖਿਆ ਕਿ ਇਹ ਗੱਲ ਸਵੀਕਾਰਨਯੋਗ ਨਹੀਂ ਹੈ ਕਿ ਜਿਨਸੀ ਹਮਲੇ ਵਰਗੇ ਦਾਅਵਿਆਂ ਨੂੰ ਸੈਟਲ ਕਰਨ ਲਈ ਹਾਕੀ ਕੈਨੇਡਾ ਕੋਲ ਬਾਕ-ਾਇਦਾ ਇੱਕ ਫੰਡ ਹੈ।

ਮੰਗਲਵਾਰ ਨੂੰ ਬੋਵਨ ਆਈਲੈਂਡ, ਬੀਸੀ ਉੱਤੇ ਪ੍ਰਸ਼ਨਾਂ ਦੇ ਜਵਾਬ ਦਿੰਦਿਆਂ ਟਰੂਡੋ ਨੇ ਆਖਿਆ ਕਿ ਇਸ ਤੋਂ ਬਾਅਦ ਇਹ ਵੇਖਣਾ ਮੁਸ਼ਕਲ ਹੋਵੇਗਾ ਕਿ ਸਾਡੇ ਦੇਸ਼ ਵਿੱਚ ਕਿਸੇ ਨੂੰ ਵੀ ਹਾਕੀ ਕੈਨੇਡਾ ਉੱਤੇ ਯਕੀਨ ਕਿਵੇਂ ਹੋ ਸਕਦਾ ਹੈ। ਉਨ੍ਹਾਂ ਆਖਿਆ ਕਿ ਉਹ ਸਮਝ ਸਕਦੇ ਹਨ ਕਿ ਸਾਡੀ ਸਰਦ ਰੁੱਤ ਦੀ ਖੇਡ



ਪ੍ਰਤੀ ਕਈ ਮਾਪੇ ਤੇ ਕੈਨੇਡੀਅਨ ਕਿੰਨਾ ਮਾਣ ਕਰਦੇ ਹਨ ਤੇ ਜੋ ਕੁੱਝ ਹੁਣ ਵਾਪਰ ਰਿਹਾ ਹੈ ਉਸ ਕਾਰਨ ਉਨ੍ਹਾਂ ਨੂੰ ਕਿੰਨੀ ਨਮੋਸ਼ੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਟਰੂਡੋ ਦੀਆਂ ਇਹ ਟਿੱਪਣੀਆਂ ਉਸ ਸਮੇਂ ਆਈਆਂ ਜਦੋਂ ਇਹ ਪਤਾ ਲੱਗਿਆ ਕਿ ਖਿਡਾਰੀਆਂ ਦੀ ਰਜਿਸਟ੍ਰੇਸ਼ਨ ਫੀਸ ਰਾਹੀਂ ਵਿੱਤੀ ਮਦਦ ਨਾਲ ਬਹੁ ਕਰੋੜੀ ਫੰਡ ਉਚੇਚੇ ਤੌਰ ਉੱਤੇ ਰੱਖਿਆ ਗਿਆ ਹੈ ਜਿਸ ਦੀ ਵਰਤੋਂ ਇੰਸ਼ੋਰੈਂਸ ਕੰਪਨੀ ਦੀ ਸ਼ਮੂਲੀਅਤ ਤੋਂ ਬਿਨਾਂ ਜਿਨਸੀ ਹਮਲੇ ਵਰਗੇ ਕਥਿਤ ਮਾਮਲਿਆਂ ਨੂੰ ਸੈਟਲ ਕਰਨ ਲਈ ਕੀਤੀ ਜਾਂਦੀ ਰਹੀ ਹੈ। ਇੱਥੇ ਹੀ ਬੱਸ ਨਹੀਂ ਇਸ ਲਈ ਕਿਸੇ ਦੀ ਜਵਾਬਦੇਹੀ ਵੀ ਤੈਅ ਨਹੀਂ ਹੈ। ਇਹ ਵੀ ਪਤਾ ਲੱਗਿਆ ਹੈ ਕਿ ਇਹ ਰਾਖਵਾਂ ਫੰਡ ਪਿਛਲੇ ਕੁੱਝ ਸਾਲਾਂ ਵਿੱਚ 15 ਮਿਲੀਅਨ ਡਾਲਰ ਤੋਂ ਵੀ ਟੱਪ ਚੁੱਕਿਆ ਹੈ ਪਰ ਹਾਕੀ ਕੈਨੇਡਾ ਦੀ ਸਾਲਾਨਾ ਰਿਪੋਰਟ ਵਿੱਚ ਇਹ ਵੇਰਵਾ ਨਹੀਂ ਦਿੱਤਾ ਗਿਆ ਕਿ ਇਸ ਫੰਡ ਨੂੰ ਆਪਰੇਟ ਕਿਵੇਂ ਕੀਤਾ ਜਾਂਦਾ ਹੈ। ਟਰੂਡੋ ਨੇ ਆਖਿਆ ਕਿ ਮਈ ਵਿੱਚ ਇਸ ਤਰ੍ਹਾਂ ਦੇ ਦੋਸ਼ ਸਾਹਮਣੇ ਆਉਣ ਤੋਂ ਬਾਅਦ ਸਰਕਾਰ ਨੇ ਹਾਕੀ ਕੈਨੇਡਾ ਲਈ ਫੰਡ ਰੋਕ ਦਿੱਤੇ ਸਨ। ਪਿਛਲੇ ਮਹੀਨੇ ਵੀ ਕਈ ਕਾਰਪੋਰੇਸ਼ਨਜ਼ ਵੱਲੋਂ ਹੱਥ ਪਿੱਛੇ ਖਿੱਚ ਲਏ ਜਾਣ ਤੋਂ ਬਾਅਦ ਕਈ ਫੰਡ ਰੋਕ ਦਿੱਤੇ ਗਏ।

## ਬੈਂਕ ਆਫ ਕੈਨੇਡਾ ਦੇ ਗਵਰਨਰ ਨੇ ਇਸ ਸਾਲ ਮਹਿੰਗਾਈ ਦਰ ਵੱਧ ਰਹਿਣ ਦਾ ਦਿੱਤਾ ਸੰਕੇਤ

ਓਟਵਾ, 21 ਜੁਲਾਈ (ਪੋਸਟ ਬਿਊਰੋ) : ਪਹਿਲਾਂ ਹੀ ਕੈਨੇਡੀਅਨਜ਼ ਨੂੰ ਮਹਿੰਗਾਈ ਦਾ ਸੇਕ ਕਾਫੀ ਹੱਦ ਤੱਕ ਮਹਿਸੂਸ ਹੋ ਰਿਹਾ ਹੈ ਅਜਿਹੇ ਵਿੱਚ ਬੈਂਕ ਆਫ ਕੈਨੇਡਾ ਦੇ ਗਵਰਨਰ ਟਿੱਫ ਮੈਕਲਮ ਵੱਲੋਂ ਇਹ ਆਖਿਆ ਜਾ ਰਿਹਾ ਹੈ ਕਿ ਕੈਨੇਡਾ ਵਿੱਚ ਮਹਿੰਗਾਈ ਦਰ ਇਸ ਸਾਲ ਵੱਧ ਹੀ ਰਹਿਣ ਦੀ ਸੰਭਾਵਨਾ ਹੈ।

ਬੁੱਧਵਾਰ ਨੂੰ ਸਟੈਟੇਸਟਿਕਸ ਕੈਨੇਡਾ ਵੱਲੋਂ ਜਾਰੀ ਕੀਤੀ ਗਈ ਰਿਪੋਰਟ ਮੁਤਾਬਕ ਜੂਨ ਵਿੱਚ ਸਾਲਾਨਾ ਮਹਿੰਗਾਈ ਦਰ 8.1 ਫੀ ਸਦੀ ਦਰਜ ਕੀਤੀ ਗਈ ਜਦਕਿ ਮਈ ਵਿੱਚ ਇਹ 7.7 ਫੀ ਸਦੀ ਸੀ। ਜਨਵਰੀ 1983 ਤੋਂ ਲੈ ਕੇ ਹੁਣ ਤੱਕ ਇਹ ਸੱਭ ਤੋਂ ਵੱਡੀ ਸਾਲਾਨਾ



ਤਬਦੀਲੀ ਹੈ। ਇੱਕ ਇੰਟਰਵਿਊ ਵਿੱਚ ਮੈਕਲਮ ਨੇ ਇਹ ਆਖਿਆ ਕਿ ਮਹਿੰਗਾਈ ਸਾਰਾ ਸਾਲ ਇਸੇ ਤਰ੍ਹਾਂ ਬਣੀ ਰਹੇਗੀ।

ਪਿਛਲੇ ਮਹੀਨੇ ਮਹਿੰਗਾਈ ਦਰ ਵਿੱਚ ਹੋਣ ਵਾਲੇ ਵਾਧੇ ਦਾ ਕਾਰਨ ਮੁੱਖ ਤੌਰ ਉੱਤੇ ਗੈਸੋਲੀਨ ਦੀਆਂ ਕੀਮਤਾਂ ਵਿੱਚ ਵਾਧਾ ਹੋਣਾ ਦੱਸਿਆ ਗਿਆ। ਮੈਕਲਮ ਨੇ ਆਖਿਆ ਕਿ ਗੈਸ ਦੀਆਂ ਕੀਮਤਾਂ ਵਿੱਚ ਹੁਣ ਕਮੀ ਆਈ ਹੈ ਤੇ ਉਹ ਉਮੀਦ ਕਰਦੇ ਹਨ ਕਿ ਹੁਣ ਤੋਂ ਇੱਕ ਮਹੀਨੇ ਬਾਅਦ ਜਦੋਂ ਨੈਸ਼ਨਲ ਸਟੈਟੇਸਟਿਕਸ ਏਜੰਸੀ ਜੁਲਾਈ ਦੀ ਮਹਿੰਗਾਈ ਦਰ ਦਾ ਡਾਟਾ ਪਬਲਿਸ਼ ਕਰੇਗੀ ਤਾਂ ਇਸ ਦਰ ਵਿੱਚ ਮਾਮੂਲੀ ਕਮੀ ਦਰਜ ਕੀਤੀ ਜਾਵੇਗੀ।

ਉਨ੍ਹਾਂ ਆਖਿਆ ਕਿ ਲੋਕਾਂ ਦੇ ਹਿਸਾਬ ਨਾਲ ਵਸਤਾਂ ਦਾ ਉਤਪਾਦਨ ਕਰਨ ਦੀ ਅਰਥਚਾਰੇ ਦੀ ਸਮਰੱਥਾ ਨਾਲੋਂ ਡਿਮਾਂਡ ਦੋ ਕਦਮ ਅੱਗੇ ਚੱਲ ਰਹੀ ਹੈ ਜਿਸ ਕਾਰਨ ਮਹਿੰਗਾਈ ਵਾਲਾ ਇਹ ਦਬਾਅ ਬਣਿਆ ਰਹੇਗਾ।

## ਚਾਰ ਪ੍ਰੋਵਿੰਸਾਂ ਲਈ ਜਾਰੀ ਕੀਤੀ ਗਈ ਹੀਟ ਵਾਰਨਿੰਗ



ਓਨਟਾਰੀਓ, 21 ਜੁਲਾਈ (ਪੋਸਟ ਬਿਊਰੋ) : ਐਨਵਾਇਰਮੈਂਟ ਕੈਨੇਡਾ ਵੱਲੋਂ ਮੰਗਲਵਾਰ ਨੂੰ ਓਨਟਾਰੀਓ, ਮੈਨੀਟੋਬਾ, ਸਸਕੈਚਵਨ ਤੇ ਕਿਊਬਿਕ ਲਈ ਹੀਟ ਵਾਰਨਿੰਗ ਜਾਰੀ ਕੀਤੀ ਗਈ।

ਐਨਵਾਇਰਮੈਂਟ ਕੈਨੇਡਾ ਨੇ ਆਖਿਆ ਕਿ ਓਨਟਾਰੀਓ ਦੇ ਉੱਤਰਪੱਛਮੀ ਤੇ ਉੱਤਰਪੂਰਬੀ ਹਿੱਸਿਆਂ ਵਿੱਚ ਤਾਪਮਾਨ ਦੇ 30 ਡਿਗਰੀ ਸੈਲਸੀਅਸ ਤੱਕ ਪਹੁੰਚਣ ਦੀ ਉਮੀਦ ਹੈ। ਹਵਾ ਵਿੱਚ ਨਮੀ ਹੋਣ ਕਾਰਨ ਇਹ ਤਾਪਮਾਨ 30 ਡਿਗਰੀ ਤੋਂ ਉੱਪਰ ਮਹਿਸੂਸ ਹੋ ਸਕਦਾ ਹੈ।ਓਨਟਾਰੀਓ ਦੇ ਦੱਖਣਪੱਛਮੀ ਤੇ ਦੱਖਣਪੂਰਬੀ ਹਿੱਸਿਆਂ ਵਿੱਚ ਵੀ ਇਹੋ ਸਥਿਤੀ ਬਣੇ ਰਹਿਣ ਦੀ ਸੰਭਾਵਨਾ ਹੈ।

ਇਸ ਹੀਟ ਵਾਰਨਿੰਗ ਦੇ ਚੱਲਦਿਆਂ ਲੋਕਾਂ ਨੂੰ ਠੰਡਾ ਰੱਖਣ ਲਈ ਸਿਟੀ ਆਫ ਟੋਰਾਂਟੋ ਵੱਲੋਂ ਸੱਤ ਪੂਲਜ਼ ਨੂੰ ਅੱਧੀ ਰਾਤ ਤੱਕ ਖੁੱਲ੍ਹਾ ਰੱਖਿਆ ਜਾਵੇਗਾ। ਉੱਤਰੀ ਮੈਨੀਟੋਬਾ ਵਿੱਚ ਵੀ ਹੀਟ ਵਾਰਨਿੰਗ ਜਾਰੀ ਰਹਿਣ ਦੀ ਸੰਭਾਵਨਾ ਹੈ।ਐਨਵਾਇਰਮੈਂਟ ਕੈਨੇਡਾ ਵੱਲੋਂ ਲਿਟਨ, ਬੀਸੀ ਦੇ ਆਲੇ ਦੁਆਲੇ ਦੇ ਇਲਾਕੇ ਲਈ ਵੀ ਏਅਰ ਕੁਆਲਿਟੀ ਬਿਆਨ ਜਾਰੀ ਕੀਤਾ ਗਿਆ ਹੈ। ਇੱਥੇ ਜੰਗਲ ਦੀ ਅੱਗ 20 ਸਕੁਏਅਰ ਕਿਲੋਮੀਟਰ ਤੱਕ ਫੈਲੀ ਹੋਈ ਹੈ।

ਸਸਕੈਚਵਨ ਵਿੱਚ ਹੀਟ ਵਾਰਨਿੰਗ ਸੈਂਟਰਲ ਤੇ ਉੱਤਰੀ ਰੀਜਨ ਲਈ ਜਾਰੀ ਕੀਤੀ ਗਈ ਹੈ। ਸਸਕੈਚਵਨ ਦੇ ਕਈ ਹਿੱਸਿਆਂ ਵਿੱਚ ਐਤਵਾਰ ਨੂੰ ਗੜੇਮਾਰੀ ਹੋਈ ਤੇ ਭਾਰੀ ਮੀਂਹ ਪਏ।ਸੋਮਵਾਰ ਰਾਤਭਰ ਪਏ ਮੀਂਹ ਕਾਰਨ ਰੇਜਾਈਨਾ ਦੇ ਕਈ ਹਿੱਸਿਆਂ ਵਿੱਚ ਹੜ੍ਹ ਆ ਗਏ। ਹੀਟ ਤੇ ਨਮੀ ਕਾਰਨ ਦੱਖਣੀ ਕਿਊਬਿਕ ਦੇ ਕਈ ਹਿੱਸਿਆਂ ਵਿੱਚ ਤਾਪਮਾਨ 40 ਡਿਗਰੀ ਸੈਲਸੀਅਸ ਤੋਂ ਵੀ ਵੱਧ ਮਹਿਸੂਸ ਹੋਇਆ।

## ਕੈਨੇਡਾ ਦੇ ਕਈ ਹਿੱਸਿਆਂ ਵਿੱਚ ਤਾਪਮਾਨ ਰਹਿ ਸਕਦਾ ਹੈ 30 ਡਿਗਰੀ ਤੋਂ ਵੀ ਵੱਧ



ਓਟਵਾ, 21 ਜੁਲਾਈ (ਪੋਸਟ ਬਿਊਰੋ) : ਐਨਵਾਇਰਮੈਂਟ ਕੈਨੇਡਾ ਵੱਲੋਂ ਕੁੱਝ ਚੋਣਵੇਂ ਪ੍ਰੋਵਿੰਸਾਂ ਲਈ ਹੀਟ ਵਾਰਨਿੰਗ ਜਾਰੀ ਕੀਤੀ ਗਈ ਹੈ। ਆਉਣ ਵਾਲੇ ਦਿਨਾਂ ਵਿੱਚ ਇਨ੍ਹਾਂ ਥਾਂਵਾਂ ਉੱਤੇ ਤਾਪਮਾਨ 30 ਡਿਗਰੀ ਤੱਕ ਪਹੁੰਚਣ ਜਾਂ ਇਸ ਤੋਂ ਵੱਧ ਜਾਣ ਦੀ ਸੰਭਾਵਨਾ ਹੈ।

ਇਹ ਹੀਟ ਐਡਵਾਈਜ਼ਰੀਜ਼ ਨਿਊ ਬਰੰਜ਼ਵਿੱਕ, ਨੋਵਾ ਸਕੋਸ਼ੀਆ, ਓਨਟਾਰੀਓ ਤੇ ਕਿਊਬਿਕ ਲਈ ਜਾਰੀ ਕੀਤੀ ਗਈ ਹੈ। ਇਹ ਵੀ ਆਖਿਆ ਗਿਆ ਹੈ ਕਿ ਕਈ ਇਲਾਕਿਆਂ ਵਿੱਚ ਵੀਕੈਂਡ ਤੱਕ ਤਾਪਮਾਨ ਵਿੱਚ ਕੋਈ ਰਾਹਤ ਨਹੀਂ ਮਿਲਣ ਵਾਲੀ। ਮੌਸਮ ਏਜੰਸੀ ਨੇ ਲੋਕਾਂ ਨੂੰ ਚੇਤੇ ਕਰਵਾਇਆ ਕਿ ਗਰਮ ਤੇ ਨਮੀ ਵਾਲੇ ਮੌਸਮ ਕਾਰਨ ਹਵਾ ਦੇ ਮਿਆਰ ਵਿੱਚ ਵੀ ਗਿਰਾਵਟ ਦਰਜ ਕੀਤੀ ਜਾ ਸਕਦੀ ਹੈ। ਇਸ ਦੇ ਨਾਲ ਹੀ ਲੋਕਾਂ ਨੂੰ ਗਰਮੀ ਕਾਰਨ ਹੋਣ ਵਾਲੀ ਬਿਮਾਰੀ, ਜਿਸ ਵਿੱਚ ਸੋਜ, ਧੱਫੜ ਪੈਣਾ, ਖੱਲੀਆਂ ਪੈਣਾ, ਬੇਹੋਸ਼ ਹੋਣਾ, ਗਰਮੀ ਕਾਰਨ ਘਬਰਾਹਟ ਤੇ ਹੀਟ ਸਟ੍ਰੋਕ ਤੋਂ ਸਾਵਧਾਨ ਰਹਿਣ ਦੀ ਹਦਾਇਤ ਵੀ ਕੀਤੀ ਗਈ।

ਬ੍ਰਿਟਿਸ਼ ਕੋਲੰਬੀਆ ਦੇ ਪਬਲਿਕ ਸੇਫਟੀ ਮੰਤਰੀ ਵੱਲੋਂ ਵੀ ਲੋਕਾਂ ਨੂੰ ਹੀਟ ਵੇਵ ਲਈ ਤਿਆਰ ਰਹਿਣ ਲਈ ਆਖਿਆ ਜਾ ਰਿਹਾ ਹੈ। ਐਨਵਾਇਰਮੈਂਟ ਕੈਨੇਡਾ ਦਾ ਕਹਿਣਾ ਹੈ ਕਿ ਇਹ ਹੀਟ ਵੇਵ ਦੱਖਣੀ ਤੱਟ ਉੱਤੇ ਦਰਮਿਆਨੇ ਤੋਂ 20 ਡਿਗਰੀ ਸੈਲਸੀਅਸ ਤੱਕ ਪਹੁੰਚ ਗਈ ਹੈ ਤੇ ਉੱਤਰੀ ਹਿੱਸੇ ਦੇ ਅੰਦਰੂਨੀ ਭਾਗ ਵਿੱਚ ਇਸ ਦੇ ਅਗਲੇ ਹਫਤੇ ਤੱਕ ਪਹੁੰਚਣ ਦੀ ਸੰਭਾਵਨਾ ਹੈ।

## ਹਾਕੀ ਕੈਨੇਡਾ ਨਾਲ ਜੁੜੇ ਜਿਨਸੀ ਹਮਲੇ ਦੀ ਜਾਂਚ ਦਾ ਮੁਲਾਂਕਣ ਕਰੇਗੀ ਪੁਲਿਸ

ਓਨਟਾਰੀਓ, 21 ਜੁਲਾਈ (ਪੋਸਟ ਬਿਊਰੋ) : ਕੈਨੇਡਾ 2018 ਦੀ ਵਿਸ਼ਵ ਜੂਨੀਅਰ ਹਾਕੀ ਟੀਮ ਦੇ ਮੈਂਬਰਾਂ ਉੱਤੇ ਹੋਏ ਕਥਿਤ ਜਿਨਸੀ ਹਮਲੇ ਦੇ ਮਾਮਲੇ ਵਿੱਚ ਲੰਡਨ, ਓਨਟਾਰੀਓ ਪੁਲਿਸ ਵੱਲੋਂ ਅੰਤਰਿਮ ਰਵਿਊ ਦੇ ਹੁਕਮ ਦਿੱਤੇ ਗਏ ਹਨ।

ਇਸ ਦੌਰਾਨ ਹਾਕੀ ਕੈਨੇਡਾ ਨੇ ਆਖਿਆ ਕਿ ਉਨ੍ਹਾਂ ਵੱਲੋਂ ਜਿਨਸੀ ਹਮਲਿਆਂ ਦੇ ਮਾਮਲਿਆਂ ਨੂੰ ਨਿਪਟਾਉਣ ਲਈ ਦੇਸ਼ ਭਰ ਵਿੱਚੋਂ ਜਿਹੜੀ ਮੈਂਬਰਸ਼ਿਪ ਫੀਸ ਇੱਕਠੀ ਕਰਕੇ ਫੰਡ ਮੇਨਟੇਨ ਕੀਤਾ ਜਾ ਰਿਹਾ ਸੀ ਹੁਣ ਉਸ ਦੀ ਵਰਤੋਂ ਇਸ ਤਰ੍ਹਾਂ ਦੇ ਮਾਮਲਿਆਂ ਲਈ ਨਹੀਂ ਕੀਤੀ ਜਾਵੇਗੀ।ਲੰਡਨ ਪੁਲਿਸ ਚੀਫ ਸਟੀਵ ਵਿਲੀਅਮਜ਼ ਨੇ ਇੱਕ ਬਿਆਨ ਜਾਰੀ ਕਰਕੇ ਆਖਿਆ ਕਿ ਉਨ੍ਹਾਂ ਦੇ ਡਿਪਾਰਟਮੈਂਟ ਵੱਲੋਂ ਕੀਤੇ ਜਾਣ ਵਾਲੇ ਰਵਿਊ ਨਾਲ ਇਹ ਤੈਅ ਹੋ ਜਾਵੇਗਾ ਜੇ ਵਾਧੂ ਜਾਂਚ ਦੀ ਲੋੜ ਹੈ ਜਾਂ ਨਹੀਂ।ਉਨ੍ਹਾਂ ਆਖਿਆ ਕਿ ਇਸ ਮਾਮਲੇ ਦੀ ਅਸਲ ਜਾਂਚ, ਜਿਸ ਵਿੱਚ ਕਿਸੇ ਖਿਲਾਫ ਕੋਈ ਚਾਰਜ ਨਹੀਂ ਲਾਇਆ ਗਿਆ, ਕਾਫੀ ਤਫਸੀਲ ਵਾਲੀ ਸੀ।



ਜ਼ਿਕਰਯੋਗ ਹੈ ਕਿ ਹਾਕੀ ਕੈਨੇਡਾ ਦਾ ਤਥਾ-ਕਥਿਤ ਨੈਸ਼ਨਲ ਇਕੁਇਟੀ ਫੰਡ ਇਸ ਹਫਤੇ ਉਸ ਸਮੇਂ ਸਾਹਮਣੇ ਆਇਆ ਜਦੋਂ ਫੈਡਰੇਸ਼ਨ ਨੂੰ ਕਥਿਤ ਜਿਨਸੀ ਹਮਲੇ ਦੇ ਮਾਮਲੇ ਵਿੱਚ ਨਿਕਲੇ ਨਤੀਜੇ ਨਾਲ ਵਾਰੀ ਵਾਰੀ ਨਜਿੱਠਣਾ ਪਿਆ। ਇਹ ਜਿਨਸੀ ਹਮਲੇ ਦਾ ਮਾਮਲਾ ਚਾਰ ਸਾਲ ਪਹਿਲਾਂ ਦਾ ਹੈ ਤੇ ਇਸ ਵਿੱਚ ਇੱਕ ਈਵੈਂਟ ਦੌਰਾਨ ਅੱਠ ਖਿਡਾਰੀਆਂ ਨੂੰ ਨਿਸ਼ਾਨਾ ਬਣਾਇਆ ਗਿਆ ਸੀ ਪਰ ਉਨ੍ਹਾ ਦੇ ਨਾਂ ਜਾਰੀ ਨਹੀਂ ਕੀਤੇ ਗਏ ਤੇ ਬਾਅਦ ਵਿੱਚ ਇਨ੍ਹਾਂ ਸਾਰੇ ਖਿਡਾਰੀਆਂ ਨਾਲ ਕੋਰਟ ਤੋਂ ਬਾਹਰ ਹੀ ਸੈਟਲਮੈਂਟ ਕਰ ਲਈ ਗਈ।



# ਮੋਟਰਸਾਈਕਲ ਤੇ ਗੱਡੀ ਦੀ ਟੱਕਰ ਵਿੱਚ ਇੱਕ ਹਲਾਕ

ਵਾਅਨ, 21 ਜੁਲਾਈ (ਪੋਸਟ ਬਿਊਰੋ) : ਮੰਗਲਵਾਰ ਰਾਤ ਨੂੰ ਇੱਕ ਗੱਡੀ ਨਾਲ ਟਕਰਾ ਜਾਣ ਕਾਰਨ ਮੋਟਰਸਾਈਕਲਿਸਟ ਦੀ ਮੌਤ ਹੋ ਗਈ। ਇਹ ਜਾਣਕਾਰੀ ਪੁਲਿਸ ਨੇ ਦਿੱਤੀ।

ਯੌਰਕ ਰੀਜਨਲ ਪੁਲਿਸ ਨੇ ਦੱਸਿਆ ਕਿ ਮੋਟਰਸਾਈਕਲ ਤੇ ਕਈ ਲੋਕਾਂ ਨਾਲ ਭਰੀ ਗੱਡੀ ਦਰਮਿਆਨ ਟੱਕਰ ਹੋਣ ਦੀ ਜਾਣਕਾਰੀ ਦੇ ਕੇ ਉਨ੍ਹਾਂ ਨੂੰ ਮੰਗਲਵਾਰ ਰਾਤ ਨੂੰ 10:00 ਵਜੇ ਮਾਰਟਿਨ ਗ੍ਰੋਵ ਰੋਡ ਦੇ ਕਾਰਨਰ ਤੇ ਹਾਈਵੇਅ 7 ਉੱਤੇ ਸੱਦਿਆ ਗਿਆ। ਪੁਲਿਸ ਨੇ ਦੱਸਿਆ ਕਿ ਇਸ ਹਾਦਸੇ ਵਿੱਚ ਮੋਟਰਸਾਈਕਲਿਸਟ ਦੀ ਮੌਤ ਹੋ ਗਈ।

ਗੱਡੀ ਵਿੱਚ ਸਵਾਰ ਲੋਕਾਂ ਨੂੰ ਹਾਦਸੇ ਤੋਂ ਬਾਅਦ ਹਸਪਤਾਲ ਲਿਜ-ਾਇਆ ਗਿਆ ਜਿੱਥੇ ਉਨ੍ਹਾਂ ਦੀ ਹਾਲਤ ਸਥਿਰ ਦੱਸੀ ਜਾਂਦੀ ਹੈ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਮਿਸੀਸਾਗਾ ਵਿੱਚ ਟੋਇੰਗ ਫੀਸ ਵਿੱਚ ਹੋਵੇਗਾ ਸੈਂਕੜੇ ਡਾਲਰਾਂ ਦਾ ਵਾਧਾ

ਮਿਸੀਸਾਗਾ, 21 ਜੁਲਾਈ (ਪੋਸਟ ਬਿਊਰੋ) : ਮਿਸੀਸਾਗਾ ਵਿੱਚ ਟੋਇੰਗ ਫੀਸ ਵਿੱਚ ਸੈਂਕੜੇ ਹੋਰ ਡਾਲਰ ਦਾ ਇਜਾਫਾ ਹੋਣ ਜਾ ਰਿਹਾ ਹੈ। ਇੰਸ਼ੋਰੈਂਸ ਬਿਊਰੋ ਆਫ ਕੈਨੇਡਾ ਦਾ ਕਹਿਣਾ ਹੈ ਕਿ ਇਸ ਨਾਲ ਡਰਾਈਵਰਾਂ ਉੱਤੇ ਹੀ ਦਬਾਅ ਨਹੀਂ ਵਧੇਗਾ ਸਗੋਂ ਪ੍ਰੀਮੀਅਮਜ਼ ਵਿੱਚ ਵੀ ਵਾਧਾ ਹੋਵੇਗਾ।

ਪਿਛਲੇ ਮਹੀਨੇ ਮਿਸੀਸਾਗਾ ਦੀ ਸਿਟੀ ਕਾਊਂਸਲ ਵੱਲੋਂ ਸਰਬਸੰਮਤੀ ਨਾਲ ਵੋਟ ਕਰਕੇ ਉਸ ਸਮੇਂ ਟੋਇੰਗ ਫੀਸ ਵਿੱਚ ਵਾਧਾ ਕਰਨ ਲਈ ਵੋਟ ਕੀਤਾ ਗਿਆ ਜਦੋਂ ਗੱਡੀਆਂ ਨੂੰ ਕੋਲਿਜ਼ਨ ਰਿਪੋਰਟ ਸੈਂਟਰ ਭੇਜਿਆ ਜਾਂਦਾ ਹੈ। ਇਸ ਮਤੇ ਦੀ ਦੋ ਹਫਤੇ ਪਹਿਲਾਂ ਹੀ ਪੁਸ਼ਟੀ ਕੀਤੀ ਜਾ ਚੁੱਕੀ ਹੈ। ਜਿਨ੍ਹਾਂ ਗੱਡੀਆਂ ਦਾ ਵਜ਼ਨ 6,000 ਪਾਊਂਡ ਤੋਂ ਵੱਧ ਨਹੀਂ ਹੁੰਦਾ ਤੇ ਜਿਨ੍ਹਾਂ ਨੂੰ ਸਿੰਗਲ ਲੋਕੇਸ਼ਨ ਉੱਤੇ ਭੇਜਿਆ ਜਾਂਦਾ ਹੈ, ਉਨ੍ਹਾਂ ਲਈ ਫੀਸ 400 ਡਾਲਰ ਤੱਕ ਕੀਤੀ ਗਈ ਹੈ ਜਦਕਿ ਜਿਨ੍ਹਾਂ ਗੱਡੀਆਂ ਨੂੰ ਟੋਅ ਕਰਕੇ ਕੋਲਿਜ਼ਨ ਰਿਪੋਰਟ ਸੈਂਟਰ ਲਿਜਾਇਆ ਜਾਂਦਾ ਹੈ ਤੇ ਫਿਰ ਦੂਜੀ ਲੋਕੇਸ਼ਨ ਉੱਤੇ



ਭੇਜਿਆ ਜਾਂਦਾ ਹੈ ਉਨ੍ਹਾਂ ਦੀ ਫੀਸ 750 ਡਾਲਰ ਕੀਤੀ ਗਈ ਹੈ।

ਮਤੇ ਵਿੱਚ ਇਹ ਵੀ ਆਖਿਆ ਗਿਆ ਕਿ ਪੁਰਾਣੀ ਫੀਸ ਵਿੱਚ ਫਿਊਲ ਦੀਆਂ ਕੀਮਤਾਂ, ਇੰਸ਼ੋਰੈਂਸ ਤੇ ਹੋਰ ਸਬੰਧਤ ਖਰਚਿਆਂ ਨੂੰ ਵੀ ਨਹੀਂ ਸੀ ਜੋੜਿਆ ਜਾਂਦਾ। 22 ਜੂਨ ਨੂੰ ਪੇਸ਼ ਕੀਤੇ ਗਏ ਇਸ ਮਤੇ ਨੂੰ ਸਿਟੀ ਦੇ ਨੌਂ ਕੌਂਸਲਰਾਂ ਵੱਲੋਂ ਮਨਜ਼ੂਰੀ ਦੇ ਦਿੱਤੀ ਗਈ ਜਦਕਿ ਤਿੰਨ ਹੋਰ, ਜਿਨ੍ਹਾਂ ਵਿੱਚ ਮੇਅਰ ਬੌਨੀ ਕ੍ਰੌਂਬੀ ਵੀ ਸ਼ਾਮਲ ਸੀ, ਗੈਰਹਾਜ਼ਰ ਰਹੇ।

ਇਸ ਫੈਸਲੇ ਤੋਂ ਬਾਅਦ ਇੰਸ਼ੋਰੈਂਸ ਬਿਊਰੋ ਆਫ ਕੈਨੇਡਾ (ਆਈਬੀਸੀ) ਨੇ ਮਿਸੀਸਾਗਾ ਕਾਊਂਸਲ ਨੂੰ ਲਿਖੇ ਪੱਤਰ ਵਿੱਚ ਟੋਇੰਗ ਫੀਸ ਵਿੱਚ ਕੀਤੇ ਗਏ 87.5 ਫੀ ਸਦੀ ਵਾਧੇ ਉੱਤੇ ਚਿੰਤਾ ਪ੍ਰਗਟਾਈ। ਆਈਬੀਸੀ ਦੇ ਓਨਟਾਰੀਓ ਲਈ ਵਾਈਸ ਪ੍ਰੈਜ਼ੀਡੈਂਟ ਕਿੰਮ ਡੌਨਲਡਸਨ ਨੇ ਆਖਿਆ ਕਿ ਇਸ ਨਾਲ ਕੰਜ਼ਿਊਮਰਜ਼ ਦੇ ਨਾਲ ਨਾਲ ਇੰਡਸਟਰੀ ਉੱਤੇ ਵੀ ਅਸਰ ਪਵੇਗਾ।

# ਇੱਕ ਘਰ ਵਿੱਚ ਮ੍ਰਿਤਕ ਪਾਏ ਗਏ ਵਿਅਕਤੀ ਦੇ ਮਾਮਲੇ ਦੀ ਜਾਂਚ ਕਰ ਰਹੀ ਹੈ ਹੋਮੀਸਾਈਡ ਯੂਨਿਟ

ਬਰੈਂਪਟਨ, 21 ਜੁਲਾਈ (ਪੋਸਟ ਬਿਊਰੋ) : ਬੁੱਧਵਾਰ ਸਵੇਰੇ ਬਰੈਂਪਟਨ ਦੇ ਪੱਛਮੀ ਹਿੱਸੇ ਵਿੱਚ ਇੱਕ ਪੇਂਡੂ ਪ੍ਰਾਪਰਟੀ ਉੱਤੇ ਇੱਕ ਵਿਅਕਤੀ ਦੇ ਮ੍ਰਿਤਕ ਪਾਏ ਜਾਣ ਤੋਂ ਬਾਅਦ ਪੀਲ ਪੁਲਿਸ ਦੇ ਹੋਮੀਸਾਈਡ ਡਿਟੈਕਟਿਵਜ਼ ਮਾਮਲੇ ਦੀ ਜਾਂਚ ਕਰ ਰਹੇ ਹਨ।

ਪੁਲਿਸ ਨੂੰ ਸਵੇਰੇ 8:30 ਵਜੇ ਵਿੰਸਟਨ ਚਰਚਿਲ ਬੁਲੇਵਾਰਡ ਨੇੜੇ ਵੇਨਲੈੱਸ ਡਰਾਈਵ ਉੱਤੇ ਸਥਿਤ ਇੱਕ ਘਰ ਵਿੱਚ ਇੱਕ ਵਿਅਕਤੀ ਦੇ ਜ਼ਖ਼ਮੀ ਹੋਣ ਦੀ ਖਬਰ ਮਿਲੀ। ਡਿਊਟੀ ਇੰਸਪੈਕਟਰ ਨੈਟਲੀ ਹਿਲਟਜ਼ ਨੇ ਦੱਸਿਆ ਕਿ ਜ਼ਖ਼ਮੀ ਵਿਅਕਤੀ ਘਰ ਦੇ ਅੰਦਰ ਮੌਜੂਦ ਸੀ ਤੇ ਉਸ ਉੱਤੇ ਜ਼ੋਰਦਾਰ ਹਮਲਾ ਕੀਤਾ ਗਿਆ ਸੀ। ਉਸ ਨੂੰ ਮੌਕੇ ਉੱਤੇ ਹੀ ਮ੍ਰਿਤਕ



ਐਲਾਨ ਦਿੱਤਾ ਗਿਆ।

ਪੁਲਿਸ ਨੂੰ ਘਰ ਦੇ ਬਾਹਰ ਇੱਕ ਹੋਰ ਵਿਅਕਤੀ ਮਿਲਿਆ ਤੇ ਪੁਲਿਸ ਨੇ ਉਸ ਨੂੰ ਹਿਰਾਸਤ ਵਿੱਚ ਲੈ ਲਿਆ। ਉਸ ਉੱਤੇ ਕੀ ਚਾਰਜਿਜ਼ ਲਾਏ ਗਏ ਹਨ ਇਸ ਬਾਰੇ ਅਜੇ ਤੱਕ ਕੋਈ ਜਾਣਕਾਰੀ ਨਹੀਂ ਮਿਲੀ ਹੈ। ਮ੍ਰਿਤਕ ਤੇ ਗ੍ਰਿਫਤਾਰ ਕੀਤੇ ਗਏ ਵਿਅਕਤੀ ਵਿਚਾਲੇ ਕੀ ਸਬੰਧ ਸੀ ਇਸ ਦਾ ਖੁਲਾਸਾ ਵੀ ਅਜੇ ਨਹੀਂ ਹੋਇਆ ਹੈ।

# ਕੈਨੇਡਾ ਦੇ ਵੰਡਰਲੈਂਡ ਨੇੜੇ ਡਾਕੇ ਮਾਰਨ ਵਾਲੇ 12 ਟੀਨੇਜਰਜ਼ ਨੂੰ ਕੀਤਾ ਗਿਆ ਗ੍ਰਿਫਤਾਰ

ਓਨਟਾਰੀਓ, 21 ਜੁਲਾਈ (ਪੋਸਟ ਬਿਊਰੋ) : ਪਿਛਲੇ ਮਹੀਨੇ ਵਾਅਨ ਵਿੱਚ ਮਾਰੇ ਗਏ ਡਾਕਿਆਂ ਦੇ ਸਬੰਧ ਵਿੱਚ ਯੌਰਕ ਰੀਜਨ ਦੀ ਪੁਲਿਸ ਵੱਲੋਂ 12 ਟੀਨੇਜਰਜ਼ ਨੂੰ ਗ੍ਰਿਫਤਾਰ ਤੇ ਚਾਰਜ ਕੀਤਾ ਗਿਆ ਹੈ।

ਜੂਨ ਮਹੀਨੇ ਵਿੱਚ ਕੈਨੇਡਾ ਦੇ ਵੰਡਰਲੈਂਡ ਏਰੀਆ ਵਿੱਚ ਪੁਲਿਸ ਨੂੰ ਇੱਕੋ ਜਿਹੀਆਂ ਘਟਨਾਵਾਂ ਵਾਪਰਨ ਦੀਆਂ ਕਈ ਖਬਰਾਂ ਮਿਲੀਆਂ ਤੇ ਪੁਲਿਸ ਵੱਲੋਂ ਤੁਰੰਤ ਕਾਰਵਾਈ ਵੀ ਕੀਤੀ ਗਈ। ਪੁਲਿਸ ਨੇ ਦੱਸਿਆ ਕਿ ਥੀਮ ਪਾਰਕ ਦੇ ਨੇੜੇ, ਸਾਈਡਵਾਕਜ਼ ਤੇ ਪਲਾਜ਼ਾ ਵਿੱਚ ਰੌਬਰੀ ਦੀਆਂ ਕਈ ਘਟਨਾਵਾਂ ਉੱਪਰੋ-ਥੱਲੀ ਵਾਪਰੀਆਂ। ਹਰ ਵਾਰੀ ਇਹ ਪਤਾ ਲੱਗਿਆ ਕਿ ਸ਼ਾਮ ਦੇ ਸਮੇਂ ਟੀਨੇਜਰਜ਼ ਦਾ ਇੱਕ ਵੱਡਾ ਗਰੁੱਪ ਇੱਕਠਾ ਹੋ ਕੇ ਧਾਵਾ ਬੋਲਦਾ ਹੈ ਤੇ ਡਾਕਾ ਮਾਰ ਕੇ ਚਲਾ





ਜਾਂਦਾ ਹੈ।

ਪੁਲਿਸ ਵੱਲੋਂ ਜਾਰੀ ਕੀਤੀ ਗਈ ਰਲੀਜ਼ ਅਨੁਸਾਰ ਯੌਰਕ ਰੀਜਨਲ ਪੁਲਿਸ ਨੇ ਕੈਨੇਡਾ ਡੇਅ ਲਾਂਗ ਵੀਕੈਂਡ ਉੱਤੇ ਆਪਰੇਸ਼ਨ ਬੀਹੇਵ ਲਾਂਚ ਕੀਤਾ, ਗਸ਼ਤ ਵਿੱਚ ਵੀ ਵਾਧਾ ਕੀਤਾ ਗਿਆ ਤੇ ਜਿਨ੍ਹਾਂ ਇਲਾਕਿਆਂ ਵਿੱਚ ਡਾਕੇ ਮਾਰੇ ਜਾ ਰਹੇ ਸਨ ਉੱਥੇ ਵੀ ਪੁਲਿਸ ਵੱਡੀ ਮਾਤਰਾ ਵਿੱਚ ਹਾਜ਼ਰ ਰਹਿਣ ਲੱਗੀ। ਇਹ ਸਕੀਮ ਕਾਫੀ ਅਸਰਦਾਰ ਰਹੀ ਤੇ ਇਸ ਪ੍ਰੋਜੈਕਟ ਦੇ ਸ਼ੁਰੂ ਹੋਣ ਤੋਂ ਲੈ ਕੇ ਹੁਣ ਤੱਕ ਕੋਈ ਡਾਕਾ ਨਹੀਂ ਮਾਰਿਆ ਗਿਆ ਹੈ।

ਜੂਨ ਵਿੱਚ ਪੁਲਿਸ ਨੇ ਜਨਤਕ ਚੇਤਾਵਨੀ ਜਾਰੀ ਕਰਦਿਆਂ ਅਜਨਬੀਆਂ ਤੋਂ ਸਥਾਨਕ ਰੈਜ਼ੀਡੈਂਟਸ ਨੂੰ ਸਾਵਧਾਨ ਰਹਿਣ ਲਈ ਆਖਿਆ ਗਿਆ। ਪੁਲਿਸ ਨੇ ਦੱਸਿਆ ਕਿ ਇਹ ਗਰੁੱਪ ਪਰਸ, ਸ਼ਰਾਬ, ਸਿਗਰਟ ਤੇ ਖਾਣਾ ਤੱਕ ਖੋਹ ਲੈਂਦਾ ਸੀ। ਇਸ ਸਬੰਧ ਵਿੱਚ 12 ਟੀਨੇਜਰਜ਼ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਤੇ ਉਨ੍ਹਾਂ ਉੱਤੇ ਡਾਕਾ ਮਾਰਨ, ਸ਼ਰਾਰਤ ਕਰਨ ਤੇ ਗੜਬੜੀ ਫੈਲਾਉਣ ਵਰਗੇ ਚਾਰਜਿਜ਼ ਲਾਏ ਗਏ ਹਨ। ਮਸ਼ਕੂਕਾਂ ਦੀ ਉਮਰ 13 ਤੋਂ 17 ਸਾਲ ਦਰਮਿਆਨ ਦੱਸੀ ਜਾਂ ਰਹੀ ਹੈ ਤੇ ਇਹ ਟੋਰਾਂਟੋ, ਮਿਸੀਸਾਗਾ, ਓਕਵਿੱਲ ਤੇ ਯੌਰਕ ਰੀਜਨ ਨਾਲ ਸਬੰਧਤ ਦੱਸੇ ਜਾਂਦੇ ਹਨ। ਇੱਕ 16 ਸਾਲਾ ਲੜਕੇ ਨੂੰ ਜੂਨ ਵਿੱਚ ਇਨ੍ਹਾਂ ਸੱਭ ਤੋਂ ਪਹਿਲਾਂ ਵੀ ਗ੍ਰਿਫਤਾਰ ਕੀਤਾ ਗਿਆ ਸੀ।

ਪੁਲਿਸ ਨੇ ਦੱਸਿਆ ਕਿ ਇਹ ਆਪਰੇਸ਼ਨ ਗਰਮੀਆਂ ਵਿੱਚ ਜਾਰੀ ਰਹੇਗਾ ਤੇ ਜਾਂਚਕਾਰ ਕੈਨੇਡਾ ਦੇ ਵੰਡਰਲੈਂਡ ਦੀ ਸਕਿਊਰਿਟੀ ਅਤੇ ਬਿਜ਼ਨਸ ਓਨਰਜ਼ ਨਾਲ ਰਲ ਕੇ ਜਾਂਚ ਕਰਦੇ ਰਹਿਣਗੇ।

# ਓਨਟਾਰੀਓ ਪੁਲਿਸ ਨੇ ਡਰਾਈਵਰਾਂ ਨੂੰ ਲਾਇਸੰਸ ਪਲੇਟ ਰਨਿਊ ਕਰਵਾਉਣ ਲਈ ਜਾਰੀ ਕੀਤਾ ਰਿਮਾਂਈਡਰ

ਓਨਟਾਰੀਓ, 21 ਜੁਲਾਈ (ਪੋਸਟ ਬਿਊਰੋ) : ਓਨਟਾਰੀਓ ਪੁਲਿਸ ਵੱਲੋਂ ਡਰਾਈਵਰਾਂ ਨੂੰ ਆਪਣੀ ਲਾਇਸੰਸ ਪਲੇਟਾਂ ਰਨਿਊ ਕਰਵਾਉਣ ਲਈ ਆਖਿਆ ਜਾ ਰਿਹਾ ਹੈ। ਹੁਣ ਇਨ੍ਹਾਂ ਨੂੰ ਰਨਿਊ ਕਰਵਾਉਣ ਉੱਤੇ ਭਾਵੇਂ ਕੋਈ ਪੈਸੇ ਵੀ ਨਹੀਂ ਲੱਗਣੇ।

ਹਾਲਾਂਕਿ ਓਨਟਾਰੀਓ ਵੱਲੋਂ ਮਾਰਚ ਵਿੱਚ ਹੀ ਲਾਇਸੰਸ ਪਲੇਟ ਰਨਿਊ ਕਰਵਾਉਣ ਸਬੰਧੀ ਫੀਸ ਲੈਣ ਦੇ ਫੈਸਲੇ ਨੂੰ ਮਨਸੂਖ ਕਰ ਦਿੱਤਾ ਗਿਆ ਸੀ ਪਰ ਰਨਿਊਲ ਪ੍ਰਕਿਰਿਆ ਦੀ ਅਜੇ





ਵੀ ਲੋੜ ਹੈ। ਉਸ ਸਮੇਂ ਸਰਕਾਰ ਨੇ ਆਖਿਆ ਸੀ ਕਿ ਇਸ ਫੀਸ ਨੂੰ ਖ਼ਤਮ ਕਰਨ ਨਾਲ ਡਰਾਈਵਰਾਂ ਨੂੰ ਸਾਲ ਦੇ 120 ਡਾਲਰ ਦੀ ਬਚਤ ਹੋਵੇਗੀ। ਇੱਕ ਵੀਡੀਓ ਵਿੱਚ ਓਪੀਪੀ ਸਾਰਜੈਂਟ ਕੈਰੀ ਸ਼ਮਿਡਟ ਮੋਟਰਿਸਟਸ ਨੂੰ ਇਹ ਚੇਤਾਵਨੀ ਦਿੰਦੇ ਨਜ਼ਰ ਆ ਰਹੇ ਹਨ ਕਿ ਜੇ ਉਨ੍ਹਾਂ ਵੱਲੋਂ ਆਪਣੀਆਂ ਲਾਇਸੰਸ ਪਲੇਟਾਂ ਨੂੰ ਰਨਿਊ ਨਹੀਂ ਕਰਵਾਇਆ ਜਾਂਦਾ ਤਾਂ ਉਨ੍ਹਾਂ ਨੂੰ ਭਾਰੀ ਜੁਰਮਾਨਿਆਂ ਦਾ ਸਾਹਮਣਾ ਕਰਨਾ ਹੋਵੇਗਾ। ਓਨਟਾਰੀਓ ਦੇ ਕੁੱਝ ਡਰਾਈਵਰਾਂ ਨੂੰ ਅਜਿਹਾ ਨਾ ਕਰਨ ਦੀ ਸੂਰਤ ਵਿੱਚ 500 ਡਾਲਰ ਤੱਕ ਦਾ ਜੁਰਮਾਨਾ ਲੱਗ ਚੁੱਕਿਆ ਹੈ।

ਸ਼ਮਿਡਟ ਨੇ ਆਖਿਆ ਕਿ ਟਰਾਂਸਪੋਰਟੇਸ਼ਨ ਮੰਤਰਾਲੇ ਵੱਲੋਂ ਹੁਣ ਕਿਸੇ ਨੂੰ ਵੀ ਪੈਸੈਂਜਰ ਗੱਡੀ, ਲਾਈਟ ਕਮਰਸ਼ੀਅਲ ਟਰੱਕ, ਮੋਟਰਸਾਈਕਲ ਜਾਂ ਮੋਪਡ ਲਈ ਆਪਣਾ ਵੈਲ ਟੈਗ ਰਨਿਊ ਕਰਵਾਉਣ ਲਈ ਨੋਟਿਸ ਨਹੀਂ ਭੇਜਿਆ ਜਾਵੇਗਾ। ਉਨ੍ਹਾਂ ਆਖਿਆ ਕਿ ਇਸ ਉੱਤੇ ਭਾਵੇਂ ਹੁਣ ਕੋਈ ਫੀਸ ਨਹੀਂ ਵਸੂਲੀ ਜਾਵੇਗੀ ਪਰ ਤੁਹਾਨੂੰ ਆਨਲਾਈਨ ਜਾ ਕੇ ਆਪਣੀ ਰਜਿਸਟ੍ਰੇਸ਼ਨ ਰਨਿਊ ਕਰਵਾਉਣੀ ਹੋਵੇਗੀ।

ਸ਼ਮਿਡਟ ਨੇ ਇਹ ਵੀ ਆਖਿਆ ਕਿ ਇਸ ਦੀ ਐਕਸਪਾਇਰੀ ਤਰੀਕ ਅਕਸਰ ਗੱਡੀ ਦੇ ਮਾਲਕ ਦੇ ਜਨਮਦਿਨ ਦੇ ਨੇੜੇ ਤੇੜੇ ਹੁੰਦੀ ਹੈ ਤੇ ਉਸ ਨੂੰ ਰਨਿਊ ਕਰਵਾਉਣ ਦੀ ਜ਼ਿੰਮੇਵਾਰੀ ਵੀ ਅਕਸਰ ਮਾਲਕ ਦੀ ਹੀ ਹੁੰਦੀ ਹੈ। ਇੱਥੇ ਦੱਸਣਾ ਬਣਦਾ ਹੈ ਕਿ ਓਨਟਾਰੀਓ ਦੇ ਡਰਾਈਵਰ ਆਪਣੀ ਲਾਇਸੰਸ ਪਲੇਟ ਸਰਵਿਸ ਓਨਟਾਰੀਓ ਦੀ ਲੋਕੇਸ਼ਨ ਉੱਤੇ ਜਾ ਕੇ ਜਾਂ ਆਨਲਾਈਨ ਜਾਂ ਡਾਕ ਰਾਹੀਂ ਰਨਿਊ ਕਰਵਾ ਸਕਦੇ ਹਨ।

# 170 ਸੇਫਟੀ ਇੰਸਪੈਕਟਰਜ਼ ਗਏ ਹੜਤਾਲ ਉੱਤੇ

ਓਨਟਾਰੀਓ, 21 ਜੁਲਾਈ (ਪੋਸਟ ਬਿਊਰੋ) :ਟੈਕਨੀਕਲ ਸਟੈਂਡਰਡਜ਼ ਐਂਡ ਸੇਫਟੀ ਅਥਾਰਟੀ (ਟੀਐਸਐਸਏ) ਵਿਖੇ ਸੇਫਟੀ ਇੰਸਪੈਕਟਰਜ਼ ਦੀ ਨੁਮਾਇੰਦਗੀ ਕਰਨ ਵਾਲੀ ਯੂਨੀਅਨ ਦਾ ਕਹਿਣਾ ਹੈ ਕਿ ਕਾਂਟਰੈਕਟ ਸਬੰਧੀ ਗੱਲਬਾਤ ਵਿਚਾਲੇ ਹੀ ਟੁੱਟ ਜਾਣ ਕਾਰਨ ਇਸ ਦੇ 170 ਮੈਂਬਰਾਂ ਵੱਲੋਂ ਵੀਰਵਾਰ ਨੂੰ ਹੜਤਾਲ ਉੱਤੇ ਜਾਣ ਦਾ ਫੈਸਲਾ ਕੀਤਾ ਗਿਆ ਹੈ।

ਆਪਣੀ ਵੈੱਬਸਾਈਟ ਉੱਤੇ ਪੋਸਟ ਕੀਤੇ ਗਏ ਬਿਆਨ ਵਿੱਚ ਓਪੀਐਸਈਯੂ/ਐਸਈਐਫਪੀਓ ਨੇ ਆਖਿਆ ਕਿ ਲੋਕਲ 546 ਦੇ ਸੇਫਟੀ ਇੰਸਪੈਕਟਰਾਂ ਵੱਲੋਂ ਨਵੰਬਰ 2021 ਤੋਂ ਹੀ ਆਪਣੇ ਪਹਿਲੇ ਕਾਂਟਰੈਕਟ ਲਈ ਤੋਲ-ਮੋਲ ਕੀਤਾ ਜਾ ਰਿਹਾ ਹੈ ਪਰ ਬੁੱਧਵਾਰ ਨੂੰ ਇਹ ਗੱਲਬਾਤ



ਬਿਨਾਂ ਕਿਸੇ ਤਣ-ਪੱਤਣ ਲੱਗਿਆਂ ਹੀ ਟੁੱਟ ਗਈ। ਯੂਨੀਅਨ ਦਾ ਕਹਿਣਾ ਹੈ ਕਿ ਹੜਤਾਲ ਉੱਤੇ ਜਾਣ ਵਾਲੇ ਵਰਕਰਜ਼ ਐਮਿਊਜ਼ਮੈਂਟ ਪਾਰਕ ਦੀਆਂ ਰਾਈਡਜ਼, ਫੂਡ ਟਰੱਕਸ, ਐਲੀਵੇਟਰਜ਼, ਫਿਊਲ ਬਰਨਿੰਗ ਇਕਿਊਪਮੈਂਟ, ਬੌਇਲਰਜ਼ ਤੇ ਪ੍ਰੈਸ਼ਰ ਵੈਸਲਜ਼ ਤੇ ਨਿਊਕਲੀਅਰ ਪਾਵਰ ਪਲਾਂਟ ਦੇ ਐਲੀਮੈਂਟਸ ਦਾ ਮੁਆਇਨਾ ਕਰਦੇ ਹਨ। ਟੀਐਸਐਸਏ ਵੱਲੋਂ ਗੱਲਬਾਤ ਲਈ ਰੱਖੇ ਗਏ ਮੁੱਦਿਆਂ ਵਿੱਚ ਭੱਤੇ, ਬੈਨੇਫਿਟਸ, ਅੰਡਰਸਟਾਫਿੰਗ ਤੇ ਪਬਲਿਕ ਸੇਫਟੀ ਮਾਪਦੰਡਾਂ ਦੀ ਜਵਾਬਦੇਹੀ ਆਦਿ ਸ਼ਾਮਲ ਸਨ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
CHEEMA
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
LOWEST PRICE IN TOWN
Call Rick or Manminder Cheema: 416.749.9596 / 416.951.6431
Towing Service Car Paint Starts $799* upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ
Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 647-218-7043 647-208-7011

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA, LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
➡ Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
➡ Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

## ਬਰੈਂਪਟਨ ਦਾ ਮੇਅਰ ਬਣਨ ਲਈ ਮੁੜ ਚੋਣ ਲੜਨੀ ਚਾਹੁੰਦੇ ਹਨ ਬ੍ਰਾਊਨ



ਬਰੈਂਪਟਨ, 21 ਜੁਲਾਈ (ਪੋਸਟ ਬਿਊਰੋ) : ਕੰਜ਼ਰਵੇਟਿਵ ਪਾਰਟੀ ਵੱਲੋਂ ਲੀਡਰਸ਼ਿਪ ਦੌੜ ਤੋਂ ਡਿਸਕੁਆਲੀਫਾਈ ਕੀਤੇ ਗਏ ਪੈਟ੍ਰਿਕ ਬ੍ਰਾਊਨ ਨੇ ਐਲਾਨ ਕੀਤਾ ਹੈ ਕਿ ਉਹ ਮੁੜ ਬਰੈਂਪਟਨ ਦਾ ਮੇਅਰ ਬਣਨ ਲਈ ਚੋਣਾਂ ਵਿੱਚ ਹਿੱਸਾ ਲੈਣਗੇ।

ਸੋਮਵਾਰ ਸਵੇਰੇ ਬ੍ਰਾਊਨ ਨੇ ਬਰੈਂਪਟਨ ਦਾ ਮੇਅਰ ਬਣਨ ਲਈ ਆਪਣੇ ਕਾਗਜ਼ ਸਿਟੀ ਹਾਲ ਵਿੱਚ ਜਮ੍ਹਾਂ ਕਰਵਾਏ। ਸਿਟੀ ਹਾਲ ਦੇ ਬਾਹਰ ਆਪਣੀ ਪਤਨੀ ਤੇ ਦੋ ਬੱਚਿਆਂ ਤੇ ਸਮਰਥਕਾਂ ਦੀ ਹਾਜ਼ਰੀ ਵਿੱਚ ਪੱਤਰਕਾਰਾਂ ਨਾਲ ਗੱਲ ਕਰਦਿਆਂ ਬ੍ਰਾਊਨ ਨੇ ਆਖਿਆ ਕਿ ਸਿਟੀ ਦੀ ਸੇਵਾ ਕਰਨਾ ਉਨ੍ਹਾਂ ਨੂੰ ਪਸੰਦ ਹੈ ਤੇ ਇਹ ਰਹਿਣ ਲਈ ਕਮਾਲ ਦੀ ਥਾਂ ਹੈ।

ਪਿਛਲੇ ਹਫਤੇ ਬ੍ਰਾਊਨ ਨੇ ਆਖਿਆ ਸੀ ਕਿ ਮੇਅਰ ਦੀ ਚੋਣ ਮੁੜ ਲੜਨ ਦਾ ਮਨ ਉਨ੍ਹਾਂ ਅਜੇ ਨਹੀਂ ਬਣਾਇਆ ਹੈ ਤੇ ਇਸ ਬਾਰੇ ਪਹਿਲਾਂ ਉਹ ਆਪਣੇ ਪਰਿਵਾਰ ਤੇ ਦੋਸਤਾਂ ਨਾਲ ਸਲਾਹ ਕਰਨਗੇ। ਇਸ ਮਹੀਨੇ ਦੇ ਸ਼ੁਰੂ ਵਿੱਚ ਫੈਡਰਲ ਫਾਇਨੈਂਸਿੰਗ ਲਾਅ ਦੀ ਉਲੰਘਣਾ ਕਰਨ ਦੇ ਦੋਸ਼ ਵਿੱਚ ਬ੍ਰਾਊਨ ਨੂੰ ਫੈਡਰਲ ਲੀਡਰਸ਼ਿਪ ਦੌੜ ਤੋਂ ਡਿਸਕੁਆਲੀਫਾਈ ਕਰ ਦਿੱਤਾ ਗਿਆ ਸੀ।

## ਕਾਰਜੈਕਿੰਗ ਕਰਨ ਵਾਲੀ ਮਹਿਲਾ ਗ੍ਰਿਫਤਾਰ

ਟੋਰਾਂਟੋ, 21 ਜੁਲਾਈ (ਪੋਸਟ ਬਿਊਰੋ) : ਟੋਰਾਂਟੋ ਦੇ ਗਾਰਡੀਨਰ ਐਕਸਪ੍ਰੈੱਸਵੇਅ ਉੱਤੇ ਦਿਨ ਦਿਹਾੜੇ ਵਾਪਰੀ ਕਾਰਜੈਕਿੰਗ ਦੀ ਘਟਨਾ ਤੋਂ ਬਾਅਦ ਪੁਲਿਸ ਵੱਲੋਂ ਪੈਦਲ ਹੀ ਮਸ਼ਕੂਕ ਦਾ ਪਿੱਛਾ ਕੀਤਾ ਗਿਆ ਤੇ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ।

ਪੁਲਿਸ ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਇੱਕ ਸਾਈਕਲਿਸਟ ਵੱਲੋਂ ਗੱਡੀ ਲਿਜਾ ਰਹੇ ਵਿਅਕਤੀ ਨੂੰ ਰੋਕ ਕੇ ਉਸ ਤੋਂ ਗੱਡੀ ਖੋਹ ਲਈ ਗਈ ਤੇ ਗੱਡੀ ਵਿੱਚ ਬੈਠ ਕੇ ਮਸ਼ਕੂਕ ਫਰਾਰ ਹੋ ਗਿਆ। ਪੁਲਿਸ ਅਧਿਕਾਰੀਆਂ ਵੱਲੋਂ ਜਲਦ ਹੀ ਚੋਰੀ ਹੋਈ ਗੱਡੀ ਦਾ ਪਤਾ ਲਾ ਲਿਆ ਗਿਆ। ਡਰਾਈਵਰ ਨੇ ਗਾਰਡੀਨਰ ਉੱਤੇ ਯੂ-ਟਰਨ ਲੈ ਲਈ ਤੇ ਪਾਰਕ ਲਾਅਨ ਰੈਂਪ ਰਾਹੀਂ ਗਲਤ ਦਿਸ਼ਾ ਵੱਲ ਚਲਾ ਗਿਆ। ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਰੈਂਪ ਉੱਤੇ ਚੋਰੀ ਕੀਤੀ ਗੱਡੀ ਦੀ ਇੱਕ ਹੋਰ ਗੱਡੀ ਨਾਲ ਮਾਮੂਲੀ ਟੱਕਰ ਵੀ ਹੋਈ। ਮਸ਼ਕੂਕ ਗੱਡੀ ਛੱਡ ਕੇ ਜੰਗਲ ਵਾਲੇ ਇਲਾਕੇ ਵੱਲ ਫਰਾਰ ਹੋ ਗਿਆ। ਪੁਲਿਸ ਵੱਲੋਂ ਉਸ ਦਾ ਪਿੱਛਾ ਕੀਤਾ ਗਿਆ ਤੇ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ।

ਟੋਰਾਂਟੋ ਪੁਲਿਸ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਇਸ ਮਾਮਲੇ ਵਿੱਚ 28 ਸਾਲਾ ਮਹਿਲਾ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਕਾਰਜੈਕਿੰਗ ਦਾ ਸ਼ਿਕਾਰ ਹੋਣ ਵਾਲੀ ਮਹਿਲਾ 70 ਸਾਲਾਂ ਦੀ ਸੀ। ਇੱਕ ਚਸ਼ਮਦੀਦ ਨੇ ਦੱਸਿਆ ਕਿ ਇੱਕ ਕੈਬ ਡਰਾਈਵਰ ਨੇ ਮਸ਼ਕੂਕ ਨੂੰ ਫੜ੍ਹ ਕੇ ਜ਼ਮੀਨ ਉੱਤੇ ਸੁੱਟ ਲਿਆ ਤੇ ਫਿਰ ਪੁਲਿਸ ਅਧਿਕਾਰੀਆਂ ਨੇ ਉਸ ਨੂੰ ਕਾਬੂ ਕਰ ਲਿਆ। ਮਸ਼ਕੂਕ ਮਹਿਲਾ ਦੀ ਪਛਾਣ 28 ਸਾਲਾ ਐਂਡਰੀਆ ਮੌਸ ਵਜੋਂ ਕੀਤੀ ਗਈ ਹੈ ਤੇ ਉਸ ਦਾ ਕੋਈ ਪੱਕਾ ਟਿਕਾਣਾ ਵੀ ਨਹੀਂ ਹੈ। ਟੋਰਾਂਟੋ ਪੁਲਿਸ ਨੇ ਦੱਸਿਆ ਕਿ ਮੌਸ ਖਿਲਾਫ ਡਾਕਾ ਮਾਰਨ, ਖਤਰਨਾਕ ਜੁਰਮ ਕਰਨ ਤੇ ਗ੍ਰਿਫਤਾਰੀ ਤੋਂ ਬਚਣ ਲਈ ਹਮਲਾ ਕਰਨ ਦੇ ਚਾਰਜਿਜ਼ ਲਾਏ ਗਏ ਹਨ। ਗੱਡੀ ਵਿੱਚ ਸਵਾਰ ਬਜ਼ੁਰਗ ਮਹਿਲਾ ਨੂੰ ਮਾਮੂਲੀ ਜ਼ਖ਼ਮੀ ਹੋਣ ਅਤੇ ਦੋ ਪੁਲਿਸ ਅਧਿਕਾਰੀਆਂ ਨੂੰ ਵੀ ਮਾਮੂਲੀ ਸੱਟਾਂ ਲੱਗਣ ਕਾਰਨ ਇਲਾਜ ਲਈ ਹਸਪਤਾਲ ਲਿਜਾਇਆ ਗਿਆ।



## ਇੰਡੀਆਨਾ ਮਾਲ ਵਿਚ ਚੱਲੀ ਗੋਲੀ, 3 ਹਲਾਕ




ਗ੍ਰੀਨਵੁੱਡ, ਇੰਡੀਆਨਾ, 21 ਜੁਲਾਈ (ਪੋਸਟ ਬਿਊਰੋ) : ਇੱਕ ਬੰਦੂਕਧਾਰੀ ਵੱਲੋਂ ਫੂਡ ਕੋਰਟ ਉੱਤੇ ਚਲਾਈਆਂ ਗਈਆਂ ਗੋਲੀਆਂ ਕਾਰਨ ਤਿੰਨ ਵਿਅਕਤੀਆਂ ਦੀ ਮੌਤ ਹੋ ਗਈ ਤੇ ਦੋ ਹੋਰ ਜ਼ਖ਼ਮੀ ਹੋ ਗਏ। ਇਸ ਦਰਾਨ ਇੱਕ ਹਥਿਆਰਬੰਦ ਚਸ਼ਮਦੀਦ ਵੱਲੋਂ ਗੋਲੀ ਚਲਾ ਕੇ ਹਮਲਾਵਰ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਇਹ ਜਾਣਕਾਰੀ ਪੁਲਿਸ ਨੇ ਦਿੱਤੀ।

ਇੱਕ ਵਿਅਕਤੀ ਰਾਈਫਲ ਦੇ ਨਾਲ ਗ੍ਰੀਨਵੁੱਡ ਪਾਰਕ ਮਾਲ ਵਿੱਚ ਦਾਖਲ ਹੋਇਆ, ਉਸ ਕੋਲ ਗੋਲੀਆਂ ਨਾਲ ਭਰੇ ਕਈ ਮੈਗਜ਼ੀਨ ਵੀ ਸਨ। ਗ੍ਰੀਨਵੁੱਡ ਪੁਲਿਸ ਡਿਪਾਰਟਮੈਂਟ ਦੇ ਚੀਫ ਜਿੰਮ ਆਇਸਨ ਨੇ ਦੱਸਿਆ ਕਿ ਫੂਡ ਕੋਰਟ ਦਾਖਲ ਹੁੰਦੇ ਸਾਰ ਹੀ ਉਸ ਵਿਅਕਤੀ ਨੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਆਇਸਨ ਨੇ ਨਿਊਜ਼ ਕਾਨਫਰੰਸ ਵਿੱਚ ਦੱਸਿਆ ਕਿ ਇਸ ਦੌਰਾਨ ਬਾਰਥੌਲਮਿਊ ਕਾਊਂਟੀ ਦੇ 22 ਸਾਲਾ ਵਿਅਕਤੀ, ਜਿਸ ਕੋਲ ਲਾਇਸੰਸੀ ਹਥਿਆਰ ਸੀ, ਨੇ ਗੰਨਮੈਨ ਨੂੰ ਗੋਲੀ ਮਾਰ ਕੇ ਮਾਰ ਮੁਕਾਇਆ।

ਗੋਲੀਆਂ ਲੱਗਣ ਕਾਰਨ ਜਖਮੀ ਹੋਏ ਪੰਜ ਵਿਅਕਤੀਆਂ ਵਿੱਚੋਂ ਚਾਰ ਮਹਿਲਾਵਾਂ ਤੇ ਇੱਕ ਪੁਰਸ਼ ਸੀ। ਮਾਰੇ ਗਏ ਲੋਕਾਂ ਦੀ ਉਮਰ ਤੇ ਲਿੰਗ ਬਾਰੇ ਅਜੇ ਪੁਲਿਸ ਨੂੰ ਸਪਸ਼ਟ ਜਾਣਕਾਰੀ ਨਹੀਂ ਮਿਲ ਸਕੀ ਹੈ। ਉਨ੍ਹਾਂ ਦੱਸਿਆ ਕਿ ਦੋ ਜ਼ਖ਼ਮੀਆਂ ਵਿੱਚ ਇੱਕ 12 ਸਾਲਾ ਬੱਚੀ ਵੀ ਸ਼ਾਮਲ ਸੀ ਦੋਵਾਂ ਦੀ ਦੀ ਹਾਲਤ ਸਥਿਰ ਦੱਸੀ ਜਾਂਦੀ ਹੈ। ਫੂਡ ਕੋਰਟ ਨੇੜੇ ਬਾਥਰੂਮ ਵਿੱਚੋਂ ਪੁਲਿਸ ਨੂੰ ਇੱਕ ਸ਼ੱਕੀ ਬੈਕਪੈਕ ਵੀ ਮਿਲਿਆ।

ਇਸ ਮਾਮਲੇ ਦੀ ਜਾਂਚ ਇੰਡੀਆਨਾਪੋਲਿਸ ਮੈਟਰੋਪਾਲੀਟਿਨ ਪੁਲਿਸ ਤੇ ਕਈ ਹੋਰ ਏਜੰਸੀਆਂ ਵੀ ਰਲ ਕੇ ਕਰ ਰਹੀਆਂ ਹਨ।

## ਹੈੱਲਜ਼ ਏਂਜਲਜ਼ ਦੇ ਵ੍ਹਿਟਬੀ ਪਹੁੰਚਣ ਦੀ ਸੰਭਾਵਨਾ ਕਾਰਨ ਪੁਲਿਸ ਨੇ ਲੋਕਾਂ ਨੂੰ ਕੀਤਾ ਐਲਰਟ




ਦਰਹਾਮ, 21 ਜੁਲਾਈ (ਪੋਸਟ ਬਿਊਰੋ) : ਦਰਹਾਮ ਪੁਲਿਸ ਵੱਲੋਂ ਇੱਕ ਪ੍ਰੈੱਸ ਕਾਨਫਰੰਸ ਕਰਕੇ ਸੋਮਵਾਰ ਨੂੰ ਜਨਤਾ ਨੂੰ ਐਲਰਟ ਕੀਤਾ ਗਿਆ ਕਿ ਸ਼ੁੱਕਰਵਾਰ ਨੂੰ ਹੈੱਲਜ਼ ਏਂਜਲਜ਼ ਮੋਟਰਸਾਈਕਲ ਗੈਂਗ ਵ੍ਹਿਟਬੀ ਆ ਸਕਦਾ ਹੈ।

ਡਿਟੈਕਟਿਵ ਇੰਸਪੈਕਟਰ ਸਕੌਟ ਵੇਡ ਨੇ ਆਖਿਆ ਕਿ ਉਹ ਨਹੀਂ ਚਾਹੁੰਦੇ ਕਿ ਰੈਜ਼ੀਡੈਂਟਸ ਇਹ ਖਬਰ ਸੁਣ ਕੇ ਡਰ ਜਾਣ ਪਰ ਇਸ ਗੈਂਗ ਦੀ ਗੜਬੜੀ ਕਰਨ ਦੀ ਆਦਤ ਕਾਰਨ ਇਹ ਚੇਤਾਵਨੀ ਦਿੱਤੀ ਗਈ ਹੈ। ਉਨ੍ਹਾਂ ਆਖਿਆ ਕਿ ਬਹੁਤੇ ਮੋਟਰਸਾਈਕਲ ਕਲੱਬ ਤੇ ਮੋਟਰਸਾਈਕਲ ਦੀਵਾਨੇ ਮਨੋਰੰਜਨ ਲਈ ਮੋਟਰਸਾਈਕਲਾਂ ਦੀ ਵਰਤੋਂ ਕਰਦੇ ਹਨ ਤੇ ਨਾਲ ਦੀ ਨਾਲ ਕਾਨੂੰਨ ਦੀ ਪਾਲਣਾ ਵੀ ਕਰਦੇ ਹਨ ਪਰ ਹੈੱਲਜ਼ ਏਂਜਲਜ਼ ਅਜਿਹਾ ਗਰੁੱਪ ਨਹੀਂ ਹੈ।

ਪੁਲਿਸ ਨੇ ਆਖਿਆ ਕਿ ਆਪਣੇ ਕੈਨੇਡਾ ਰੰਨ ਈਵੈਂਟ ਲਈ 1000 ਦੇ ਨੇੜੇ ਤੇੜੇ ਹੈੱਲਜ਼ ਏਂਜਲਜ਼ ਦੇ ਮੈਂਬਰਾਂ ਦੇ ਵ੍ਹਿਟਬੀ ਦੀ ਬਰੁੱਕਲਿਨ ਕਮਿਊਨਿਟੀ ਵਿੱਚ ਪਹੁੰਚਣ ਦੀ ਸੰਭਾਵਨਾ ਹੈ। ਡਿਪਟੀ ਚੀਫ ਡੀਨ ਬਟਰਰਿੱਮ ਨੇ ਦੱਸਿਆ ਕਿ ਇਸ ਦੇ ਨਾਲ ਹੀ ਬਰੁੱਕਲਿਨ ਤੋਂ ਇਲਾਵਾ ਇਸ ਗੈਂਗ ਦੇ ਮੈਂਬਰ ਰੀਜਨ ਦੇ ਹੋਰਨਾਂ ਏਰੀਆਜ਼ ਵਿੱਚ ਵੀ ਨਜ਼ਰ ਆ ਸਕਦੇ ਹਨ। ਪੁਲਿਸ ਨੇ ਦੱਸਿਆ ਕਿ ਅਤੀਤ ਵਿੱਚ ਵੀ ਇਸ ਤਰ੍ਹਾਂ ਦੀਆਂ ਰਾਈਡਜ਼ ਕਾਰਨ ਹਾਈਵੇਅ ਟਰੈਫਿਕ ਐਕਟ ਦੀ ਉਲੰਘਣਾ ਹੋਈ ਹੈ।

ਇਸ ਲਈ ਪੁਲਿਸ ਕਿਸੇ ਵੀ ਤਰ੍ਹਾਂ ਦਾ ਰਿਸਕ ਨਹੀਂ ਲੈਣਾ ਚਾਹੁੰਦੀ। ਉਨ੍ਹਾਂ ਆਖਿਆ ਕਿ ਅਸੀਂ ਲੋਕਾਂ ਨੂੰ ਡਰਾ ਨਹੀਂ ਰਹੇ ਪਰ ਇਸ ਤਰ੍ਹਾਂ ਦੇ ਗੈਂਗ ਦੇ ਮੈਂਬਰ ਜਦੋਂ ਇਲਾਕੇ ਵਿੱਚ ਹੋਣ ਤਾਂ ਕੋਈ ਮੁਜਰਮਾਨਾਂ ਘਟਨਾ ਵਾਪਰਨ ਦਾ ਡਰ ਬਣਿਆ ਰਹਿੰਦਾ ਹੈ। ਇੱਥੇ ਦੱਸਣਾ ਬਣਦਾ ਹੈ ਕਿ ਪੁਲਿਸ ਕੋਲੰਬਸ ਰੋਡ ਦੇ ਉੱਤਰ ਵੱਲ ਹਾਈਵੇਅ 12 ਨੂੰ ਪੂਰੇ ਵੀਕੈਂਡ ਬੰਦ ਰੱਖੇਗੀ ਤੇ ਹੋਰ ਰੋਡਜ਼ ਨੂੰ ਲੋਕਲ ਟਰੈਫਿਕ ਲਈ ਖੁੱਲ੍ਹਾ ਰੱਖਿਆ ਜਾਵੇਗਾ।

## ਨਾਈਟਕਲੱਬ ਵਿੱਚ ਗੋਲੀ ਲੱਗਣ ਕਾਰਨ ਪੰਜਾਬੀ ਮੂਲ ਦੇ ਵਿਅਕਤੀ ਦੀ ਹੋਈ ਮੌਤ



ਟੋਰਾਂਟੋ, 21 ਜੁਲਾਈ (ਪੋਸਟ ਬਿਊਰੋ) : ਟੋਰਾਂਟੋ ਪੁਲਿਸ ਨੇ ਦੱਸਿਆ ਕਿ ਵੀਕੈਂਡ ਉੱਤੇ ਕਿੰਗ ਸਟਰੀਟ ਨਾਈਟਕਲੱਬ ਵਿੱਚ ਜਿਨ੍ਹਾਂ ਦੋ ਵਿਅਕਤੀਆਂ ਨੂੰ ਗੋਲੀ ਮਾਰੀ ਗਈ ਸੀ ਉਨ੍ਹਾਂ ਵਿੱਚੋਂ ਇੱਕ ਦੀ ਮੌਤ ਹੋ ਗਈ।

ਜ਼ਿਕਰਯੋਗ ਹੈ ਕਿ 17 ਜੁਲਾਈ ਨੂੰ ਤੜਕੇ 3:30 ਵਜੇ ਤੋਂ ਠੀਕ ਬਾਅਦ ਬਾਥਰਸਟ ਸਟਰੀਟ ਨੇੜੇ 647 ਕਿੰਗ ਸਟਰੀਟ ਵੈਸਟ ਉੱਤੇ ਸਥਿਤ ਈਐਫਐਸ ਸੋਸ਼ਲ ਕਲੱਬ ਵਿੱਚ ਦੋ ਵਿਅਕਤੀਆਂ ਨੂੰ ਗੋਲੀ ਮਾਰ ਦਿੱਤੀ ਗਈ। ਪੁਲਿਸ ਨੂੰ ਕਲੱਬ ਦੇ ਅੰਦਰੋਂ ਦੋ ਵਿਅਕਤੀ ਜ਼ਖ਼ਮੀ ਹਾਲਤ ਵਿੱਚ ਮਿਲੇ। ਇੱਕ 26 ਸਾਲਾ ਵਿਅਕਤੀ ਨੂੰ ਨਾਜ਼ੁਕ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ ਜਦਕਿ 24 ਸਾਲਾ ਮਹਿਲਾ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ।

ਸੋਮਵਾਰ ਸ਼ਾਮ ਨੂੰ ਪੁਲਿਸ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਹਸਪਤਾਲ ਵਿੱਚ ਜ਼ਖ਼ਮਾਂ ਦੀ ਤਾਬ ਨਾ ਸਹਾਰਦਿਆਂ ਹੋਇਆਂ ਪੁਰਸ਼ ਦਮ ਤੋੜ ਗਿਆ। ਪੁਲਿਸ ਵੱਲੋਂ ਮ੍ਰਿਤਕ ਦੀ ਪਛਾਣ 26 ਸਾਲਾ ਪ੍ਰਦੀਪ ਬਰਾੜ ਵਜੋਂ ਕੀਤੀ ਗਈ ਹੈ ਉਹ ਬਰੈਂਪਟਨ ਦਾ ਹੀ ਰਹਿਣ ਵਾਲਾ ਸੀ। ਮਹਿਲਾ ਦਾ ਇਲਾਜ ਕੀਤੇ ਜਾਣ ਤੋਂ ਬਾਅਦ ਉਸ ਨੂੰ ਛੁੱਟੀ ਦੇ ਦਿੱਤੀ ਗਈ। ਅਜੇ ਤੱਕ ਮਸ਼ਕੂਕਾਂ ਦਾ ਕੋਈ ਥਹੁ ਪਤਾ ਨਹੀਂ ਲੱਗ ਸਕਿਆ ਹੈ।

## ਹਾਦਸੇ ਵਿੱਚ ਇੱਕ ਹਲਾਕ ਇੱਕ ਜ਼ਖ਼ਮੀ





ਮਿਸੀਸਾਗਾ, 21 ਜੁਲਾਈ (ਪੋਸਟ ਬਿਊਰੋ) : ਮਿਸੀਸਾਗਾ ਵਿੱਚ ਹਾਈਵੇਅ 401 ਉੱਤੇ ਦੋ ਗੱਡੀਆਂ ਦੀ ਟੱਕਰ ਵਿੱਚ ਇੱਕ ਮਹਿਲਾ ਦੀ ਮੌਤ ਹੋ ਗਈ ਤੇ ਇੱਕ ਵਿਅਕਤੀ ਦੀ ਹਾਲਤ ਨਾਜ਼ੁਕ ਦੱਸੀ ਜਾਂਦੀ ਹੈ।

ਇਹ ਹਾਦਸਾ ਡਿਕਸੀ ਰੋਡ ਦੇ ਪੂਰਬ ਵੱਲ ਹਾਈਵੇਅ ਦੀਆਂ ਪੂਰਬ ਵਾਲੀਆਂ ਐਕਸਪ੍ਰੈੱਸ ਲੇਨਜ਼ ਉੱਤੇ ਤੜਕੇ 4:00 ਵਜੇ ਤੋਂ ਬਾਅਦ ਵਾਪ-ਰਆ। ਪੁਲਿਸ ਨੇ ਦੱਸਿਆ ਕਿ ਇਲਾਕੇ ਵਿੱਚ ਇੱਕ ਹਾਦਸਾ ਵਾਪਰਨ ਕਾਰਨ ਟਰੈਫਿਕ ਨੂੰ ਥੋੜ੍ਹਾ ਮੱਠੀ ਰਫਤਾਰ ਨਾਲ ਤੋਰਿਆ ਜਾ ਰਿਹਾ ਸੀ ਤੇ ਇਸ ਦੌਰਾਨ ਇੱਕ ਕਾਰ ਟਰਾਂਸਪੋਰਟ ਟਰੱਕ ਦੇ ਪਿਛਲੇ ਹਿੱਸੇ ਨਾਲ ਜਾ ਟਕਰਾਈ।

ਓਪੀਪੀ ਨੇ ਦੱਸਿਆ ਕਿ ਐਸਯੂਵੀ ਵਿੱਚ ਸਵਾਰ ਮਹਿਲਾ ਪੈਸੈਂਜਰ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਇੱਕ ਪੁਰਸ਼ ਡਰਾਈਵਰ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਟਰਾਂਸਪੋਰਟ ਟਰੱਕ ਦੇ ਡਰਾਈਵਰ ਨੂੰ ਕੋਈ ਸੱਟ ਨਹੀਂ ਲੱਗੀ ਹੈ।

## ਐਲਪਸ ਦੀਆਂ ਚੋਟੀਆਂ ਉਤੇ ਘੁੰਮਣ ਗਿਆ ਓਟਵਾ ਦਾ ਟੀਨੇਜਰ ਹੋਇਆ ਲਾਪਤਾ



ਓਟਵਾ, 21 ਜੁਲਾਈ (ਪੋਸਟ ਬਿਊਰੋ) : ਗਰਮੀਆਂ ਦੀਆਂ ਛੁੱਟੀਆਂ ਮਨਾਉਣ ਲਈ ਫਰਾਂਸ ਗਿਆ ਓਟਵਾ ਦਾ ਟੀਨੇਜਰ ਪੰਜ ਦਿਨਾਂ ਤੋਂ ਲਾਪਤਾ ਹੈ। ਰੈਸਕਿਊ ਅਧਿਕਾਰੀਆਂ ਅਨੁਸਾਰ ਇਹ ਟੀਨੇਜਰ ਫਰਾਂਸ ਵਿੱਚ ਐਲਪਸ ਦੀਆਂ ਚੋਟੀਆਂ ਉੱਤੇ ਘੁੰਮਣ ਗਿਆ ਸੀ।

ਫਰਾਂਸ ਦੇ ਅਧਿਕਾਰੀਆਂ ਵਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ 17 ਸਾਲਾ ਯਾਸਿਨ ਜੁਆਲੀ ਨੂੰ ਆਖਰੀ ਵਾਰੀ 12 ਜੁਲਾਈ ਨੂੰ ਫਰਾਂਸ ਦੇ ਚੈਮੋਨਿਕਸ-ਮੌਂਟ-ਬਲੈਂਕ ਰੀਜਨ ਵਿੱਚ ਦੋਸਤਾਂ ਨਾਲ ਪਹਾੜੀ ਰੇਂਜ ਉੱਤੇ ਵੇਖਿਆ ਗਿਆ ਸੀ। ਇਹ ਫਰਾਂਸ, ਸਵਿਟਜ਼ਰਲੈਂਡ ਤੇ ਇਟਲੀ ਜੰਕਸ਼ਨ ਨੇੜੇ ਇੱਕ ਰਿਜ਼ਾਰਟ ਏਰੀਆ ਹੈ। ਚੈਮੋਨਿਕਸ ਵਿੱਚ ਜ਼ੈਂਡਰਮਰੀ ਡੀ ਹਾਤ ਮਾਂਟੇਨ (ਪੀਜੀਐਚਐਮ) ਪੈਲੋਟਨ ਦੇ ਕਮਾਂਡਰ ਆਂਦਰੇ ਵਿਏਨੀ ਐਸਪਿਨੈਸ ਨੇ ਆਖਿਆ ਕਿ ਜੁਆਲੀ ਨੂੰ ਆਖਰੀ ਵਾਰੀ ਟਰੇਲ ਉੱਤੇ ਦੌੜ ਲਾਉਂਦਿਆਂ ਵੇਖਿਆ ਗਿਆ। ਉਸ ਦੇ ਦੋਸਤਾਂ ਨੇ ਪਿਛਲੇ ਮੰਗਲਵਾਰ ਨੂੰ ਉਸ ਦੇ ਲਾਪਤਾ ਹੋਣ ਦੀ ਰਿਪੋਰਟ ਲਿਖਵਾਈ ਸੀ।

ਚੈਮੋਨਿਕਸ-ਮੌਂਟ-ਬਲੈਂਕ ਪੀਜੀਐਚਐਮ ਵੱਲੋਂ ਇੱਕ ਵਿਅਕਤੀ ਦੇ ਲਾਪਤਾ ਹੋਣ ਉੱਤੇ ਬੁੱਧਵਾਰ ਨੂੰ ਐਲਰਟ ਵੀ ਜਾਰੀ ਕੀਤਾ ਗਿਆ। ਇਹ ਵੀ ਦੱਸਿਆ ਗਿਆ ਕਿ ਚੈਮੋਨਿਕਸ ਤੇ ਮੌਂਟੇਨਵਰਜ਼ ਦਰਮਿਆਨ ਸਾਰੀਆਂ ਟਰੇਲਜ਼ ਉੱਤੇ ਉਸ ਦੀ ਭਾਲ ਕੀਤੀ ਜਾ ਰਹੀ ਹੈ। ਉਸ ਦੀ ਭਾਲ ਕਰਨ ਲਈ 35 ਵਿਅਕਤੀ ਲੱਗੇ ਹੋਏ ਹਨ ਤੇ ਉਨ੍ਹਾਂ ਕੋਲ ਡਰੋਨਜ਼ ਤੇ ਸੂਹੀਆ ਕੁੱਤਿਆਂ ਦੀਆਂ ਟੀਮਾਂ ਵੀ ਹਨ। ਉਨ੍ਹਾਂ ਦੱਸਿਆ ਕਿ ਜੁਆਲੀ ਦੇ ਪਰਿਵਾਰ ਨਾਲ ਵੀ ਪੂਰਾ ਰਾਬਤਾ ਰੱਖਿਆ ਜਾ ਰਿਹਾ ਹੈ।

ਉਸ ਦੇ ਦੋਸਤਾਂ ਨੇ ਦੱਸਿਆ ਕਿ ਜੁਆਲੀ ਨੇ ਪਿੱਛੇ ਜਿਹੇ ਹੀ ਓਟਵਾ ਦੇ ਸਰ ਰੌਬਰਟ ਬਰਡਨ ਹਾਈ ਸਕੂਲ ਤੋਂ ਆਪਣੀ ਗ੍ਰੈਜੂਏਸ਼ਨ ਮੁਕੰਮਲ ਕੀਤੀ ਸੀ। ਉਸ ਦੀ ਭਾਲ ਲਈ ਕਈ ਪਰਿਵਾਰਕ ਮੈਂਬਰ ਤੇ ਦੋਸਤ ਵੀ ਫਰਾਂਸ ਪਹੁੰਚ ਗਏ ਹਨ।

## ਗੋਲੀ ਲੱਗਣ ਕਾਰਨ ਇੱਕ ਜ਼ਖ਼ਮੀ




ਟੋਰਾਂਟੋ, 21 ਜੁਲਾਈ (ਪੋਸਟ ਬਿਊਰੋ) : ਐਤਵਾਰ ਸ਼ਾਮ ਨੂੰ ਡੈਨਫੋਰਥ ਐਵਨਿਊ ਤੇ ਮੇਨ ਸਟਰੀਟ ਏਰੀਆ ਵਿੱਚ ਗੋਲੀ ਲੱਗਣ ਕਾਰਨ ਇੱਕ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ। ਇਹ ਜਾਣਕਾਰੀ ਟੋਰਾਂਟੋ ਪੁਲਿਸ ਨੇ ਦਿੱਤੀ।

ਰਾਤੀਂ 9:00 ਵਜੇ ਤੋਂ ਪਹਿਲਾਂ ਪੁਲਿਸ ਨੂੰ ਕਿਸੇ ਦੇ ਗੋਲੀ ਲੱਗਣ ਦੀ ਰਿਪੋਰਟ ਮਿਲੀ ਤੇ ਮੌਕੇ ਉੱਤੇ ਪਹੁੰਚਣ ਉੱਤੇ ਪੁਲਿਸ ਨੂੰ ਇੱਕ ਵਿਅਕਤੀ ਜ਼ਖ਼ਮੀ ਹਾਲਤ ਵਿੱਚ ਮਿਲਿਆ। ਪੈਰਾਮੈਡਿਕਸ ਵੱਲੋਂ ਉਸ ਨੂੰ ਹਸਪਤਾਲ ਲਿਜਾਇਆ ਗਿਆ।

ਇਸ ਸਮੇਂ ਜ਼ਖ਼ਮੀ ਵਿਅਕਤੀ ਦੀ ਸਥਿਤੀ ਸਬੰਧੀ ਕੋਈ ਜਾਣਕਾਰੀ ਹਾਸਲ ਨਹੀਂ ਹੋ ਸਕੀ ਹੈ। ਇਸ ਤੋਂ ਇਲਾਵਾ ਪੁਲਿਸ ਕੋਲ ਮਸ਼ਕੂਕ ਬਾਰੇ ਵੀ ਕੋਈ ਜਾਣਕਾਰੀ ਨਹੀਂ ਹੈ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

## ਕਤਲ ਦੇ ਮਾਮਲੇ ਵਿੱਚ 2 ਟੀਨੇਜਰਜ਼ ਸਮੇਤ ਚਾਰਾਂ ਨੂੰ ਕੀਤਾ ਗਿਆ ਚਾਰਜ



ਸਕਾਰਬਰੋ, 21 ਜੁਲਾਈ (ਪੋਸਟ ਬਿਊਰੋ): ਪਿਛਲੇ ਮਹੀਨੇ ਸਕਾਰਬਰੋ ਵਿੱਚ ਘਾਤਕ ਸ਼ੂਟਿੰਗ ਵਿੱਚ ਮਾਰੇ ਗਏ ਵਿਅਕਤੀ ਦੇ ਮਾਮਲੇ ਦੇ ਸਬੰਧ ਵਿੱਚ ਪੁਲਿਸ ਨੇ ਚਾਰ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ ਤੇ ਇਨ੍ਹਾਂ ਉੱਤੇ ਫਰਸਟ ਡਿਗਰੀ ਮਰਡਰ ਦੇ ਚਾਰਜਿਜ਼ ਵੀ ਲਾਏ ਗਏ ਹਨ। ਇਨ੍ਹਾਂ ਵਿੱਚ ਦੋ 16 ਸਾਲਾ ਲੜਕੇ ਵੀ ਸ਼ਾਮਲ ਹਨ।

ਜ਼ਿਕਰਯੋਗ ਹੈ ਕਿ 8 ਜੂਨ ਦੀ ਸ਼ਾਮ ਨੂੰ ਸਕਾਰਬਰੋ ਗੌਲਫ ਕਲੱਬ ਰੋਡ ਦੇ ਪੂਰਬ ਵੱਲ ਲਾਅਰੈਂਸ ਐਵਨਿਊ ਈਸਟ ਤੇ ਮੌਸਬੈਂਕ ਡਰਾਈਵ ਉੱਤੇ ਸਥਿਤ ਇੱਕ ਰਿਹਾਇਸ਼ੀ ਬਿਲਡਿੰਗ ਉੱਤੇ ਚਲਾਈਆ ਗਈਆਂ ਕਈ ਗੋਲੀਆਂ ਦੀਆਂ ਰਿਪੋਰਟਾਂ ਪੁਲਿਸ ਨੂੰ ਮਿਲੀਆਂ। ਮੌਕੇ ਉੱਤੇ ਪਹੁੰਚੀ ਪੁਲਿਸ ਨੂੰ ਇਸ ਇਮਾਰਤ ਦੇ ਪਿਛਲੇ ਹਿੱਸੇ ਵਿੱਚ ਸਥਿਤ ਬਾਸਕਿਟਬਾਲ ਕੋਰਟ ਨੇੜੇ ਇੱਕ ਵਿਅਕਤੀ ਜ਼ਖ਼ਮੀ ਹਾਲਤ ਵਿੱਚ ਮਿਲਿਆ। ਬਾਅਦ ਵਿੱਚ ਉਸ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ।

ਜਾਂਚਕਾਰਾਂ ਵੱਲੋਂ ਮ੍ਰਿਤਕ ਦੀ ਪਛਾਣ 24 ਸਾਲਾਂ ਦੇ ਜੈਵੌਂਤੇ ਡੇਲੀ ਵਜੋਂ ਕੀਤੀ ਗਈ। ਪੁਲਿਸ ਨੇ ਇਸ ਮਾਮਲੇ ਦੇ ਸਬੰਧ ਵਿੱਚ ਦੋ ਵਿਅਕਤੀਆਂ ਤੇ ਦੋ ਟੀਨੇਜ ਲੜਕਿਆਂ ਨੂੰ ਬੁੱਧਵਾਰ ਤੋਂ ਜੀਟੀਏ ਤੋਂ ਗ੍ਰਿਫਤਾਰ ਕੀਤਾ ਗਿਆ। ਜਾਮਾਰ ਬਰਨਾਰਡ ਤੇ ਇਮੈਨੂਅਲ ਕਾਈਟਿੰਗੇ, ਦੋਵਾਂ ਦੀ ਉਮਰ 19 ਸਾਲ ਦੱਸੀ ਗਈ ਹੈ, ਤੋਂ ਇਲਾਵਾ ਦੋ ਟੀਨੇਜ ਲੜਕਿਆਂ ਨੂੰ ਫਰਸਟ ਡਿਗਰੀ ਮਰਡਰ ਚਾਰਜ ਦਾ ਸਾਹਮਣਾ ਕਰਨਾ ਹੋਵੇਗਾ। ਚਾਰਾਂ ਨੂੰ ਬੁੱਧਵਾਰ ਨੂੰ ਵਾਇਆ ਵੀਡੀਓ ਲਿੰਕ ਅਦਾਲਤ ਵਿੱਚ ਪੇਸ਼ ਕੀਤਾ ਗਿਆ।

## ਸਾਥੀਆਂ ਨਾਲ ਮਿਲ ਕੇ ਛੋਟੇ ਭਰਾ ਦਾ ਕਤਲ

ਸਮਾਣਾ, 21 ਜੁਲਾਈ (ਪੋਸਟ ਬਿਊਰੋ)- ਪਿੰਡ ਚੌਂਹਠ ਵਿਚ ਇਕ ਨੌਜਵਾਨ ਨੇ ਆਪਣੇ ਦੋ ਸਾਥੀਆਂ ਨਾਲ ਮਿਲ ਕੇ ਛੋਟੇ ਭਰਾ ਦਾ ਕਤਲ ਕਰ ਦਿੱਤਾ। ਮ੍ਰਿਤਕ ਦੀ ਪਛਾਣ ਗੁਰਲਾਲ ਸਿੰਘ ਉਰਫ ਲਾਲ ਵਜੋਂ ਹੋਈ ਹੈ। ਸਦਰ ਥਾਣਾ ਮੁਖੀ ਇੰਸਪੈਕਟਰ ਮਹਿਮਾ ਸਿੰਘ ਨੇ ਦੱਸਿਆ ਕਿ ਗੁਰਲਾਲ ਸਿੰਘ ਦੀ ਮਾਂ ਸੁਰਜੀਤ ਕੌਰ ਪਤਨੀ ਜਸਵੰਤ ਸਿੰਘ ਵੱਲੋਂ ਦਿੱਤੇ ਬਿਆਨ ਅਨੁਸ-ਾਰ 18 ਜੁਲਾਈ ਨੂੰ ਉਸ ਦਾ ਵੱਡਾ ਪੁੱਤ ਪਰਮਜੀਤ ਸਿੰਘ ਉਰਫ ਗੋਪਾ ਆਪਣੇ ਦੋ ਸਾਥੀਆਂ ਹਰਵਿੰਦਰ ਸਿੰਘ ਉਰਫ ਹੈਪੀ ਅਤੇ ਹਰਜੀਤ ਸਿੰਘ ਵਾਸੀ ਚੁਪਕੀ ਨਾਲ ਕਾਰ ਉੱਤੇ ਘਰੋਂ ਗਏ ਸਨ ਅਤੇ ਉਨ੍ਹਾਂ ਗੁਰਲਾਲ ਨੂੰ ਵੀ ਨਹਿਰ ਵਿੱਚ ਨਹਾਉਣ ਦਾ ਕਹਿ ਕੇ ਨਾਲ ਬਿਠਾ ਲਿਆ, ਪਰ ਦੇਰ ਰਾਤ ਤਕ ਵਾਪਸ ਨਹੀਂ ਮੁੜੇ।ਸੁਰਜੀਤ ਕੌਰ ਨੇ ਦੱਸਿਆ ਕਿ ਅਗਲੀ ਸਵੇਰ ਉਸ ਦਾ ਵੱਡਾ ਲੜਕਾ ਪਰਮਜੀਤ ਸਿੰਘ ਇਕੱਲਾ ਆ ਗਿਆ ਤੇ ਗੁਰਲਾਲ ਬਾਰੇ ਪੁੱਛਣ ਉੱਤੇ ਟਾਲ ਮਟੋਲ ਕਰਦਾ ਰਿਹਾ। ਫਿਰ ਉਨ੍ਹਾਂ ਨੂੰ ਪਤਾ ਲੱਗਾ ਕਿ ਸਮਾਣਾ-ਪਟਿਆਲਾ ਮਾਰਗ ਉੱਤੇ ਸਕੂਲ ਨੇੜਿਓਂ ਇਕ ਲਾਸ਼ ਮਿਲੀ ਹੈ। ਹਸਪਤਾਲ ਵਿੱਚ ਸ਼ਨਾਖਤ ਕਰਨ ਉੱਤੇ ਪਤਾ ਲੱਗਿਆ ਕਿ ਇਹ ਗੁਰਲਾਲ ਸਿੰਘ ਦੀ ਲਾਸ਼ ਹੈ ਅਤੇ ਉਸ ਦੇ ਸਰੀਰ ਉੱਤੇ ਸੱਟਾਂ ਦੇ ਨਿਸ਼ਾਨ ਸਨ। ਸੁਰਜੀਤ ਕੌਰ ਨੇ ਕਿਹਾ ਕਿ ਗੁਰਲਾਲ ਸਿੰਘ ਨੂੰ ਉਸ ਦੇ ਵੱਡੇ ਪੁੱਤਰ ਪਰਮਜੀਤ ਸਿੰਘ ਨੇ ਆਪਣੇ ਦੋਵਾਂ ਸਾਥੀਆਂ ਨਾਲ ਮਿਲ ਕੇ ਮਾਰਿਆ ਹੈ ਤੇ ਉਸ ਦੇ ਉਪਰੋਂ ਕੋਈ ਵਾਹਨ ਲੰਘਾ ਕੇ ਐਕਸੀਡੈਂਟ ਕੇਸ ਦਿਖਾਉਣ ਦੀ ਕੋਸ਼ਿਸ਼ ਕੀਤੀ ਹੈ। ਸਦਰ ਪੁਲਸ ਨੇ ਮਾਂ ਦੇ ਬਿਆਨ ਦੇ ਆਧਾਰ ਉੱਤੇ ਵੱਡੇ ਪੁੱਤਰ ਸਣੇ ਉਸ ਦੇ ਦੋ ਸਾਥੀਆਂ ਖਿਲਾਫ ਕੇਸ ਦਰਜ ਕਰ ਕੇ ਮੁਲਜ਼ਮਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

## ਸਿਆਸੀ ਆਗੂਆਂ ਵਿਰੁੱਧ ਕੇਸਾਂ ਦੀ ਜਾਂਚ ਵਿੱਚ ਦੇਰੀ ਤੋਂ ਹਾਈ ਕੋਰਟ ਵੱਲੋਂ ਦੋਂਹ ਰਾਜਾਂ ਨੂੰ ਚਿਤਾਵਨੀ




ਚੰਡੀਗੜ੍ਹ, 21 ਜੁਲਾਈ, (ਪੋਸਟ ਬਿਊਰੋ)- ਪੰਜਾਬ ਹਰਿਆਣਾ ਹਾਈ ਕੋਰਟ ਨੇ ਪੰਜਾਬ ਅਤੇ ਹਰਿਆਣਾ ਸਰਕਾਰਾਂ ਵਲੋਂ ਪੇਸ਼ ਕੀਤੀ ਸਟੇਟਸ ਰਿਪੋਰਟ ਨੂੰ ਵੇਖਦੇ ਹੋਏ ਪਾਰਲੀਮੈਂਟ ਮੈਂਬਰਾਂ, ਵਿਧਾਇਕਾਂ ਤੇ ਹੋਰ ਸਿਆਸੀ ਹਸਤੀਆਂ ਵਿਰੁੱਧਚੱਲ ਰਹੇ ਅਪਰਾਧਿਕ ਕੇਸਾਂ ਦੀ ਜਾਂਚ ਅਤੇ ਸੁਣਵਾਈ ਵਿੱਚ ਦੇਰੀ ਉੱਤੇ ਦੋਵੇਂ ਰਾਜਾਂ ਨੂੰ ਫਿਟਕਾਰ ਲਾ ਕੇ ਸਖ਼ਤੀ ਨਾਲ ਕਿਹਾ ਹੈ ਕਿ ਅਦਾਲਤ ਨੂੰ ਸਬੰਧਤ ਅਧਿਕਾਰੀਆਂ ਉੱਤੇ ਸਖਤੀਕਰਨ ਲਈ ਮਜਬੂਰ ਨਾ ਕਰੋ। ਜਸਟਿਸ ਏ ਜੀ ਮਸੀਹਨੇ ਕਿਹਾ ਕਿ ਅਦਾਲਤ ਵਿੱਚਆਈ ਸਟੇਟਸ ਰਿਪੋਰਟ ਨੂੰ ਦੇਖ ਕੇ ਜਾਪਦਾ ਹੈ ਕਿ ਪੁਲਸ ਅਤੇ ਜਾਂਚ ਏਜੰਸੀਆਂ ਦੋਸ਼ੀ ਸਿਆਸੀ ਆਗੂਆਂ ਨੂੰ ਸ਼ਹਿ ਦੇ ਰਹੀਆਂ ਹਨ।ਉਨ੍ਹਾਂ ਨੇ ਹੁਕਮਾਂ ਵਿੱਚ ਕਿਹਾ ਕਿ ਜਾਂਚ ਏਜੰਸੀ ਨੇਬਹੁਤੇ ਕੇਸਾਂ ਵਿੱਚਉਨ੍ਹਾਂਵਿਰੁੱਧ ਪੇਸ਼ ਕੀਤੇ ਗਏ ਬਿਨਾਂ ਚਲਾਣ ਪੇਸ਼ ਕੀਤੇ ਹਨ, ਪਰ ਜਾਂਚ ਏਜੰਸੀ ਨੇ ਅਦਾਲਤ ਵਿੱਚ ਉਨ੍ਹਾਂ ਨੂੰ ਪੇਸ਼ ਕਰਨ ਲਈ ਕੋਈ ਪਹੁੰਚ ਨਹੀਂ ਕੀਤੀ, ਜੋ ਜਾਂਚ ਏਜੰਸੀਆਂਉੱਤੇ ਸਵਾਲ ਖੜੇ ਕਰਦਾ ਹੈ।

ਪੰਜਾਬ ਸਰਕਾਰ ਦੇ ਏਆਈਜੀਲਿਟੀਗੇਸ਼ਨ ਨੇਅਦਾਲਤ ਨੂੰ ਪੇਸ਼ ਕੀਤੀ ਸਟੇਟਸ ਰਿਪੋਰਟ ਵਿੱ-ਚਦੱਸਿਆ ਕਿ ਪਾਰਲੀਮੈਂਟ ਮੈਂਬਰਾਂ ਤੇ ਵਿਧਾਇਕਾਂ ਵਿਰੁੱਧ 48 ਕੇਸ ਦੀ ਜਾਂਚ ਚੱਲਦੀ ਹੈ। ਪੰਜਾਬ ਸਰਕਾਰ ਵੱਲੋਂ ਪੇਸ਼ ਕੀਤੀ ਸਟੇਟਸ ਰਿਪੋਰਟ ਉੱਤੇ ਕੋਰਟ ਮਿੱਤਰ (ਐਮੀਕਸ ਕਿਊਰੀ) ਨੇ ਕਿਹਾ ਕਿ ਜਿਨ੍ਹਾਂ 48 ਕੇਸਾਂ ਦੀ ਗੱਲ ਸਟੇਟਸ ਰਿਪੋਰਟ ਲਿਖੀ ਹੈ, ਉਹ ਸਾਲ 2022 ਵਿੱਚ ਦਰਜ ਹੋਏ ਹਨ, ਪੁਰਾਣੇ ਕੇਸਾਂ ਦੀ ਜਾਂਚ ਅਤੇ ਚਲਾਨ ਦਾ ਜ਼ਿਕਰ ਨਹੀਂ ਹੈ। ਚੰਡੀਗੜ੍ਹ ਪ੍ਰਸ਼ਾਸਨ ਦੀ ਸਟੇਟਸ ਰਿਪੋਰਟ ਵਿੱ-ਚਦੱਸਿਆ ਗਿਆ ਕਿ ਓਥੇ ਬਹੁਤੇ ਕੇਸਾਂ ਦੀ ਜਾਂਚ ਪੂਰੀਹੋ ਚੁੱਕੀ ਹੈ ਅਤੇ 3 ਤੋਂ 4 ਹਫ਼ਤਿਆਂ ਵਿੱਚ ਚਲਾਣ ਅਦਾਲਤ ਨੂੰ ਪੇਸ਼ ਕਰ ਦਿੱਤੇ ਜਾਣਗੇ। 19 ਜੁਲਾਈ ਨੂੰ ਦਰਜ ਹੋਏਕੇਸ ਵਿੱਚਮੁੱਖ ਮੰਤਰੀ ਘਰ ਦੇ ਸੀਸੀਟੀਵੀ ਫੁਟੇਜ ਮੰਗੀ ਹੈ, ਜੋ ਛੇਤੀ ਮਿਲ ਗਈ ਤਾਂ 4 ਹਫਤਿਆਂ ਵਿੱਚ ਚਲਾਨ ਪੇਸ਼ ਹੋ ਜਾਵੇਗਾ। ਅਦਾਲਤ ਨੇ ਹੁਕਮ ਦਿੱਤਾ ਕਿ ਚੰਡੀਗੜ੍ਹ ਪੁਲਸ 4 ਹਫ਼ਤਿਆਂ ਵਿੱਚ ਐਫੀਡੇਵਿਟ ਸਮੇਤ ਸਾਰੇ ਪੈਂਡਿੰਗ ਕੇਸਾਂ ਦੀ ਸਟੇਟਸ ਰਿਪੋਰਟ ਪੇਸ਼ ਕਰੇ।

ਹਰਿਆਣਾ ਵੱਲੋਂ ਆਈਜੀ ਪੁਲਸ(ਕ੍ਰਾਈਮ ਬ੍ਰਾਂਚ) ਡਾ. ਰਾਜਸ਼੍ਰੀ ਸਿੰਘ ਵੱਲੋਂ ਪੇਸ਼ ਰਿਪੋਰਟ ਉੱਤੇ ਅਦਾਲਤ ਨੇ ਸਖਤੀ ਨਾਲ ਕਿਹਾ ਕਿ ਹਰਿਆਣਾ ਹਰ ਵਾਰ ਵਾਂਗ ਫਿਰ ਇਹੋ ਕਹਿੰਦਾ ਹੈ ਕਿ ਜਾਂਚ ਚੱਲ ਰਹੀ ਹੈ, ਇਹ ਰਾਜ 2005 ਤੋਂ ਦਰਜ ਹੋਏ ਕੇਸਾਂ ਤੋਂ ਇਹੋ ਰਾਗ ਅਲਾਪ ਰਿਹਾ ਹੈ। ਅਦਾਲਤ ਨੇ ਰਾਜ ਸਰਕਾਰ ਦੇ ਵਕੀਲ ਨੂੰ ਪੁੱਛਿਆ ਕਿ ਕੀ ਅਦਾਲਤ ਨੇ ਪੜਤਾਲ ਉੱਤੇ ਜਾਂ ਚਲਾਨ ਪੇਸ਼ ਕਰਨ ਦਾ ਸਟੇਅ ਲਾਇਆ ਹੈ? ਇਸ ਉੱਤੇ ਸਰਕਾਰੀ ਵਕੀਲ ਚੁੱਪ ਰਿਹਾ। ਅਦਾਲਤ ਨੇ ਕਿਹਾ ਕਿ ਲੱਗਦਾ ਹੈ ਕਿ ਹਰਿਆਣਾ ਦੀਆਂ ਜਾਂਚ ਏਜੰਸੀਆਂ ਦੋਸ਼ੀਆਂ ਨੂੰ ਪਨਾਹ ਦੇਂਦੀਆਂ ਹਨ ਤੇ ਨਹੀਂ ਚਾਹੁੰਦੀਆਂ ਕਿ ਜਾਂਚ ਕਿਸੇ ਸਿੱਟੇ ਉੱਤੇ ਪਹੁੰ-ਚੇ।ਇਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇੱਕ ਹੋਰ ਕੇਸ ਬਾਰੇ ਅਦਾਲਤ ਨੇ ਕਿਹਾ ਕਿ ਜਾਂਚ ਏਜੰਸੀ ਨੇ ਦੋਸ਼ੀ ਦੀ ਆਵਾਜ਼ ਦੇ ਸੈਂਪਲ ਨਹੀਂ ਲਏ ਜਾਂ ਦੋਸ਼ੀ ਨੇ ਨਹੀਂ ਦਿੱਤੇ, ਇਹ ਕੀ ਹੈ? ਸਰਕਾਰੀ ਵਕੀਲ ਨੇ ਇਸ ਦਾ ਵੀ ਜਵਾਬ ਨਹੀਂ ਦਿੱਤਾ ਅਤੇ ਸਾਰੀ ਜਾਣਕਾਰੀ ਇੱਕੱਠੀ ਕਰਨ ਅਤੇ ਨਵੀਂ ਸਟੇਟਸ ਰਿਪੋਰਟ ਬਣਾਉਣ ਲਈ ਸਮਾਂ ਮੰਗ ਕੇ ਸੁਣਵਾਈ ਮੁਲਤਵੀ ਕਰਨ ਲਈ ਕਿਹਾ। ਇਸ ਕੇਸ ਦੀ ਅਗਲੀ ਸੁਣਵਾਈ 7 ਸਤੰਬਰ ਨੂੰ ਹੋਵੇਗੀ।



## ਅੱਜ ਨਾਮਾ

ਮੰਨ ਕੇ ਮੁੱਕਰ ਗਈ ਕੇਂਦਰ ਸਰਕਾਰ ਬੇਲੀ,
ਛਿੜਿਆ ਇਹਦੇ ਨਾਲ ਨਵਾਂ ਤਕਰਾਰ ਬੇਲੀ।
ਖਰੀਦ ਕੀਮਤ ਆ ਫਸਲ ਦੀ ਤੈਅ ਕਰਨੀ,
ਕਮੇਟੀ ਉਸ ਦੇ ਲਈ ਕਰੀ ਤਿਆਰ ਬੇਲੀ।
ਲੀਡਰ ਲਿਆ ਕਿਸਾਨਾਂ ਦਾ ਅਸਲ ਕੋਈ ਨਾ,
ਜੋੜ ਲਏ ਸਰਕਾਰ ਦੇ ਸਭ ਵਫਾਦਾਰ ਬੇਲੀ।
ਉਹ ਨਹੀਂ ਭਲਾ ਕਿਸਾਨ ਲਈ ਸੋਚ ਸਕਦੇ,
ਪਦਵੀਆਂ ਪਿੱਛੇ ਜੋ ਹਰਦਮ ਤਿਆਰ ਬੇਲੀ।
ਏਧਰ ਪਾਟਕ ਕਿਸਾਨਾਂ ਵਿੱਚ ਪਿਆ ਤਕੜਾ,
ਇਹ ਵੀ ਪਾਉਂਦਾ ਹੈ ਬਹੁਤ ਵਿਗਾੜ ਬੇਲੀ।
ਕਿਹੜਾ ਉੱਠੇ, ਸਮਝਾਉਣੀਆਂ ਦੇਣ ਬਹੁੜੇ,
ਕਰੋ ਕੁਝ ਅਕਲ ਤੇ ਮੇਟ ਲਉ ਪਾੜ ਬੇਲੀ।

**ਤੀਸ ਮਾਰ ਖਾਂ**

# ਦ੍ਰੋਪਦੀ ਮੁਰਮੂ ਭਾਰਤ ਦੀ ਪਹਿਲੀ ਮਹਿਲਾ ਆਦਿਵਾਸੀ ਰਾਸ਼ਟਰਪਤੀ ਬਣੇ

### * ਵਿਰੋਧੀ ਉਮੀਦਵਾਰ ਯਸ਼ਵੰਤ ਸਿਨਹਾ ਨੂੰ ਵੱਡੇ ਫਰਕ ਨਾਲ ਹਰਾਇਆ



ਨਵੀਂ ਦਿੱਲੀ, 21 ਜੁਲਾਈ, (ਪੋਸਟ ਬਿਊਰੋ)- ਭਾਰਤ ਵਿੱਚ ਰਾਜ ਕਰਦੇ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੇ ਐਨਡੀਏ ਗੱਠਜੋੜ ਦੀ ਉਮੀਦਵਾਰ ਦ੍ਰੋਪਦੀਮੁਰਮੂ ਰਾਸ਼ਟਰਪਤੀ ਚੋਣ ਜਿੱਤ ਗਏ ਹਨ। ਉਹ ਭਾਰਤ ਦੀ ਪਹਿਲੀ ਮਹਿਲਾ ਆਦਿਵਾਸੀ ਰਾਸ਼ਟਰਪਤੀ ਹੋਣਗੇ।ਦ੍ਰੋਪਦੀਮੁਰਮੂਨੇ ਵਿਰੋਧੀ ਧਿਰ ਦੇ ਸਾਂਝੇ ਉਮੀਦਵਾਰ ਯਸ਼ਵੰਤ ਸਿਨਹਾ ਨੂੰ ਹਰਾਇਆ ਹੈ।

ਦ੍ਰੋਪਦੀਮੁਰਮੂ ਆਜ਼ਾਦ ਭਾਰਤ ਦੇ 15ਵੇਂ ਰਾਸ਼ਟਰਪਤੀ ਬਣੇ ਹਨ। ਤੀਜੇ ਗੇੜ ਦੀ ਗਿਣਤੀ ਵਿੱਚ ਉਨ੍ਹਾਂ ਨੂੰ ਰਾਸ਼ਟਰਪਤੀ ਬਣਨ ਲਈ ਲੋੜੀਂਦੀਆਂ 50 ਫ਼ੀਸਦੀ ਵੋਟਾਂ ਮਿਲ ਗਈਆਂ ਸਨ, ਜਦੋਂ ਕਿ ਵੋਟਾਂ ਦੀ ਗਿਣਤੀ ਦਾ ਅਜੇ ਇਕ ਦੌਰ ਬਾਕੀ ਸੀ, ਪਰ ਚੌਥਾ ਦੌਰ ਸਿਰਫ਼ ਇੱਕ ਰਸਮ ਹੀ ਰਹਿ ਗਿਆ। ਤਿੰਨ ਰਾਊਂਡ ਦੀਆਂ ਕੁੱਲ ਵੋਟਾਂ 3219 ਸਨ, ਜਿਨ੍ਹਾਂ ਦੀ ਵੈਲਿਊ 8,38,839 ਸੀ। ਇਸ ਵਿੱਚੋਂ ਦ੍ਰੋਪਦੀਮੁਰਮੂ ਨੂੰ 2161 ਵੋਟਾਂ (ਮੁੱਲ 5,77,777) ਮਿਲੀਆਂ ਅਤੇ ਯਸ਼ਵੰਤ ਸਿਨਹਾ ਨੂੰ 1058 ਵੋਟਾਂ (ਮੁੱਲ 2,61,062) ਮਿਲੀਆਂ।ਆਖਰੀ ਨਤੀਜੇ ਵਿੱਚ ਦ੍ਰੋਪਦੀ ਮੁਰਮੂ ਨੂੰ ਕੁੱਲ 2284 ਵੋਟ ਮਿਲੇ, ਜਿਨ੍ਹਾਂ ਦੀ ਕੁੱਲ ਕੀਮਤ 676,803 ਸੀ, ਜਦ ਕਿ ਯਸ਼ਵੰਤ ਸਿਨਹਾ ਨੂੰ 1699 ਵੋਟ ਮਿਲੇ, ਜਿਨ੍ਹਾਂ ਦੀ ਕੁੱਲ ਕੀਮਤ 380,177 ਬਣਦੀ ਸੀ।


ਭਾਰਤ ਦਾ ਰਾਸ਼ਟਰਪਤੀ ਨਾ ਸਿਰਫ਼ ਦੇਸ਼ ਦਾ ਸੰਵਿਧਾਕ ਮੁਖੀ ਹੁੰਦਾ ਹੈ, ਸਗੋਂ ਉਹ ਭਾਰਤੀ ਫੌਜਾਂ ਦਾ ਸੁਪਰੀਮ ਕਮਾਂਡਰ ਵੀ ਹੁੰਦਾ ਹੈ।ਦ੍ਰੋਪਦੀ ਮੁਰਮੂ ਭਾਰਤ ਦੀ ਦੂਸਰੀ ਮਹਿਲਾ ਰਾਸ਼ਟਰਪਤੀ ਹੈ। ਪਹਿਲਾਂ ਪ੍ਰਤਿਭਾ ਦੇਵੀ ਸਿੰਘ ਪਾਟਿਲ ਸ਼ੇਖਾਵਤ ਇਸ ਦੇਸ਼ ਦੇ ਰਾਸ਼ਟਰਪਤੀ ਬਣੇ ਸਨ। ਤਾਜ਼ਾ ਚੋਣ ਲਈ 18 ਜੁਲਾਈ ਨੂੰ ਵੋਟਾਂ ਪਈਆਂ ਸਨ।ਮੌਜੂਦਾ ਰਾਸ਼ਟਰਪਤੀ ਰਾਮਨਾਥ ਕੋਵਿੰਦ ਦਾ ਕਾਰਜਕਾਲ 24 ਜੁਲਾਈ ਨੂੰ ਖ਼ਤਮ ਹੋਵੇਗਾ ਅਤੇ ਨਵੇਂ ਰਾਸ਼ਟਰਪਤੀ 25 ਜੁਲਾਈ ਨੂੰ ਸਹੁੰ ਚੁੱਕਣਗੇ।

ਚੋਣ ਨਤੀਜੇ ਦਾ ਰਸਮੀ ਐਲਾਨ ਹੋਣ ਤੋਂ ਪਹਿਲਾਂ ਹੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅੱਜਦਿੱਲੀ ਵਿੱਚਦ੍ਰੋਪਦੀਮੁਰਮੂ ਦੇ ਘਰ ਪਹੁੰਚੇ। ਉਨ੍ਹਾਂ ਨਾਲ ਭਾਜਪਾ ਦੇ ਪ੍ਰਧਾਨ ਜੇਪੀ ਨੱਡਾ ਵੀ ਸਨ। ਦੋਵਾਂ ਨੇ ਦ੍ਰੋਪਦੀ ਮੁਰਮੂ ਨੂੰ ਰਾਸ਼ਟਰਪਤੀ ਚੋਣ ਜਿੱਤਣਦੀ ਵਧਾਈ ਦਿੱਤੀ। ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਵੀ ਦ੍ਰੋਪਦੀਮੁਰਮੂ ਨੂੰ ਵਧਾਈ ਦੇਂਦਿਆਂ ਲਿਖਿਆ ਕਿ 'ਰਾਸ਼ਟਰਪਤੀ ਚੋਣ ਵਿੱਚ ਪ੍ਰਭਾਵਸ਼ਾਲੀ ਜਿੱਤਦੀ ਸ਼੍ਰੀਮਤੀ ਦ੍ਰੋਪਦੀਮੁਰਮੂ ਨੂੰ ਵਧਾਈ। ਉਹ ਪਿੰਡਾਂ, ਗਰੀਬਾਂ, ਪੱਛੜਿਆਂ ਅਤੇ ਝੁੱਗੀ-ਝੌਂਪੜੀ ਵਿੱਚ ਰਹਿਣ ਵਾਲੇ ਲੋਕਾਂ ਦੀ ਭਲਾਈ ਲਈ ਸਰਗਰਮ ਰਹੀ ਹੈ। ਅੱਜ ਉਹ ਉਨ੍ਹਾਂ ਵਿੱਚੋਂ ਉੱਠ ਕੇ ਦੇਸ਼ ਦੇ ਸਭ ਤੋਂ ਉੱਚੇ ਸੰਵਿਧਾਨਕ ਅਹੁਦੇ ਉੱਤੇ ਪਹੁੰਚੀ ਹੈ, ਇਹ ਭਾਰਤੀ ਲੋਕਤੰਤਰ ਦੀ ਤਾਕਤ ਦਾ ਸਬੂਤ ਹੈ।'

ਵਿਰੋਧੀ ਧਿਰ ਦੇ ਇਸ ਚੋਣ ਵਿੱਚ ਹਾਰ ਗਏ ਉਮੀਦਵਾਰ ਯਸ਼ਵੰਤ ਸਿਨਹਾ ਨੇ ਦ੍ਰੋਪਦੀਮੁਰਮੂ ਨੂੰ ਜਿੱਤਣ ਦੀ ਵਧਾਈ ਦਿੱਤੀ ਅਤੇ ਲਿਖਿਆਕਿ ਮੈਂ ਦ੍ਰੋਪਦੀਮੁਰਮੂ ਨੂੰ ਜਿੱਤਦੀ ਵਧਾਈ ਦਿੰਦਾ ਹਾਂ। ਭਾਰਤ ਨੂੰ ਆਸ ਹੈ ਕਿ ਉਹ ਬਿਨਾਂ ਕਿਸੇ ਡਰ ਜਾਂ ਪੱਖ ਦੇ ਸੰਵਿਧਾਨ ਦੇ ਰਖਵਾਲੇ ਵਜੋਂ ਕੰਮ ਕਰਨਗੇ। ਇਸ ਮੌਕੇ ਵਿਰੋਧੀ ਧਿਰ ਦੇ ਕਈ ਨੇਤਾਵਾਂ ਨੇ ਵੀ ਵਧਾਈ ਦਿੱਤੀ ਹੈ।

ਚਿੱਟੀ ਸਾੜ੍ਹੀ ਵਿੱਚ ਬ੍ਰਹਮਾਕੁਮਾਰੀ ਭੈਣਾਂ ਨੂੰ ਆਤਮਾ, ਪ੍ਰਮਾਤਮਾ ਅਤੇ ਆਤਮ-ਗਿਆਨ ਦੀਆਂ ਗੱਲਾਂ ਕਰਦੇ ਆਮ ਲੋਕਾਂ ਨੇ ਦੇਖਿਆ ਤੇ ਸੁਣਿਆ ਹੈ।ਭਾਰਤ ਦੀ ਨਵੀਂ ਬਣੀ ਰਾਸ਼ਟਰਪਤੀ ਦ੍ਰੋਪਦੀਦ੍ਰੋਪਦੀਮੁਰਮੂ ਉਨ੍ਹਾਂ ਵਾਂਗ 'ਰਾਜਾ ਯੋਗਿਨੀ' ਹੈ।ਉਹ ਬ੍ਰਹਮਾਕੁਮਾਰੀ ਈਸ਼ਵਰੀ ਵਿਸ਼ਵਵਿਦਿਆਲਿਆਂ ਨਾਲ ਨਾ ਸਿਰਫ ਦਿਲੋਂ ਜੁੜੀ ਹੋਈ ਹੈ, ਸਗੋਂ ਉਨ੍ਹਾਂ ਵਾਂਗ ਹੀ ਸੰਨਿਆਸੀ ਜੀਵਨ ਬਤੀਤ ਕਰਦੀ ਹੈ ਅਤੇ ਸੰਸਥਾ ਦੇ ਸਰਗਰਮ ਮੈਂਬਰ ਵਾਂਗ ਲੋਕਾਂ ਦਾ ਜੀਵਨ ਬਦਲਣ ਲਈ ਯਤਨਸ਼ੀਲ ਹੈ।ਦ੍ਰੋਪਦੀਮੁਰਮੂ ਨੇ 4 ਸਾਲਾਂ ਵਿੱਚ ਜ਼ਿੰਦਗੀ ਦੇ 3 ਦੁਖਾਂਤ ਦੇਖੇ ਸਨ। ਸਾਲ 2010 ਅਤੇ 2014 ਦੌਰਾਨ ਉਸ ਦੇ 2 ਪੁੱਤਰਾਂ ਤੇ ਪਤੀ ਦੀ ਮੌਤ ਹੋ ਗਈ ਸੀ। ਵੱਡੇ ਪੁੱਤਰ ਦੀ ਮੌਤ ਭੇਦਭਰੇ ਢੰਗ ਨਾਲ ਹੋਈ ਸੀ। ਕਰੀਬੀ ਦੋਸਤਾਂ ਨੇ ਦੱਸਿਆ ਕਿ ਉਹ ਦੋਸਤਾਂ ਦੇ ਘਰ ਪਾਰਟੀ ਕਰਨ ਗਿਆ ਰਾਤ ਨੂੰ ਘਰ ਪਰਤਿਆ, ਜਦੋਂ ਸਵੇਰੇ ਦਰਵਾਜ਼ਾ ਖੜਕਾਇਆ ਤਾਂ ਨਹੀਂ ਖੁੱਲ੍ਹਿਆ ਸੀ। ਕਿਸੇ ਤਰ੍ਹਾਂ ਦਰਵਾਜ਼ਾ ਖੋਲ੍ਹਿਆ ਤਾਂ ਉਹ ਮ੍ਰਿਤਕ ਪਿਆ ਸੀ। 2 ਸਾਲ ਪਿੱਛੋਂ ਛੋਟੇ ਪੁੱਤਰ ਦੀ ਸੜਕ ਹਾਦਸੇ ਵਿੱਚ ਮੌਤ ਹੋ ਗਈ। ਵੱਡੇ ਪੁੱਤਰ ਦੀ ਮੌਤ ਨਾਲ ਦ੍ਰੋਪਦੀ ਟੁੱਟ ਗਈ। ਉਹ ਕਹਿੰਦੀ ਹੈ ਕਿ ਉਹ ਕਈ ਮਹੀਨਿਆਂ ਤੋਂ ਡਿਪ੍ਰੈਸ਼ਨ ਤੋਂ ਉਭਰ ਨਹੀਂ ਸਕੀ, ਫਿਰ ਉਸ ਨੇ ਅਧਿਆਤਮਿਕਤਾ ਦਾ ਸਹਾਰਾ ਲਿਆ ਅਤੇ ਸਦਮੇ ਦੂਰ ਕਰਨ ਲਈ 'ਧਿਆਨ'ਵੱਲ ਰੁਖ ਕੀਤਾ ਸੀ।

## ਗਵਰਨਰ ਨੇ ਸਕਾਲਰਸ਼ਿਪ ਘੁਟਾਲੇ ਸਬੰਧੀ ਮੁੱਖ ਮੰਤਰੀ ਭਗਵੰਤ ਮਾਨ ਤੋਂ ਰਿਪੋਰਟ ਮੰਗੀ





ਚੰਡੀਗੜ੍ਹ, 21 ਜੁਲਾਈ, (ਪੋਸਟ ਬਿਊਰੋ)- ਪੰਜਾਬ ਸਰਕਾਰ ਵੱਲੋਂ ਕਾਲਜ ਵਜ਼ੀਫੇ ਦਾ ਭੁਗਤਾਨ ਨਾ ਕੀਤੇ ਜਾਣ ਉੱਤੇ ਦੋ ਲੱਖ ਤੋਂ ਵੱਧ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਦੇ ਕਾਲਜ ਛੱਡਣ ਲਈ ਮਜਬੂਰ ਹੋਣ ਦੀਆਂ ਰਿਪੋਰਟਾਂ ਦਾ ਨੋਟਿਸ ਲੈਂਦੇ ਹੋਏ ਪੰਜਾਬ ਦੇ ਗਵਰਨਰ ਬਨਵਾਰੀਲਾਲ ਪੁਰੋਹਿਤ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਪੱਤਰ ਲਿਖ ਕੇ ਇਸ ਦੀਵਿਸਥਾਰਤਰਿਪੋਰਟ ਜਲਦੀ ਮੰਗੀ ਹੈ, ਜਿਸ ਦੇ ਕਈ ਅਰਥ ਕੱਢੇ ਜਾ ਰਹੇ ਹਨ।

ਗਵਰਨਰ ਪੰਜਾਬ ਨੇ ਇਸ ਪੱਤਰ ਵਿੱਚ ਮੁੱਖ ਮੰਤਰੀ ਨੂੰ ਕਿਹਾ ਹੈ, 'ਜੇ ਇਹ ਗੱਲ ਸੱਚ ਹੈ ਤਾਂ ਇਹ ਅਨੁਸੂਚਿਤ ਜਾਤੀ ਵਿਦਿਆਰਥੀਆਂ ਦੇ ਸੰਵਿਧਾਨਕ ਅਧਿਕਾਰਾਂ ਦੀ ਸਭ ਤੋਂ ਨਿੰਦਣਯੋਗ ਉਲੰਘਣਾ ਅਤੇ ਉਨ੍ਹਾਂ ਨਾਲ ਬੇਇਨਸਾਫ਼ੀ ਹੋਵੇਗੀ।' ਪੰਜਾਬ ਦੇ ਗਵਰਨਰਨੂੰਪਤਾ ਲੱਗਾ ਸੀ ਕਿ ਸਾਲ 2017 ਤੋਂ 2020 ਤੱਕ 2 ਲੱਖ ਤੋਂ ਵੱਧ ਬੱਚਿਆਂ ਨੇ ਵਜ਼ੀਫੇ ਦੇ ਪੈਸੇ ਨਾ ਮਿਲਣ ਕਰ ਕੇ ਉਨ੍ਹਾਂ ਨੇ ਕਾਲਜ ਛੱਡ ਦਿੱਤਾ ਹੈ, ਜਿਸ ਬਾਰੇ ਉਨ੍ਹਾਂ ਨੇ ਪੰਜਾਬ ਦੇ ਮੁੱਖ ਮੰਤਰੀ ਤੋਂ ਰਿਪੋਰਟ ਮੰਗੀ ਹੈ।

ਵਰਨਣ ਯੋਗ ਹੈ ਕਿ ਪੰਜਾਬ ਸਰਕਾਰ ਵੱਲੋਂ ਕਾਲਜਾਂ ਨੂੰ ਵਜ਼ੀਫੇ ਦਾ ਭੁਗਤਾਨ ਨਾ ਹੋਣ ਕਾਰਨਪੰਜਾਬ ਦੇ ਕਰੀਬ 2 ਲੱਖ ਦਲਿਤ ਵਿਦਿਆਰਥੀਆਂ ਵੱਲੋਂ ਕਾਲਜਾਂ ਦੀ ਪੜ੍ਹਾਈ ਛੱਡ ਦੇਣ ਦੀਆਂ ਖਬਰਾਂਸਨ। ਕੌਮੀ ਅਨੁਸੂਚਿਤ ਜਾਤੀ ਕਮਿਸ਼ਨ ਦੇ ਪ੍ਰਧਾਨ ਵਿਜੇ ਸਾਂਪਲਾ ਨੇ ਵੀ ਪੰਜਾਬ ਸਰਕਾਰ ਤੋਂ 7 ਦਿਨਾਂ ਵਿੱਚਇਸ ਦਾ ਜਵਾਬ ਮੰਗਿਆ ਹੈ।ਉਨ੍ਹਾਂ ਮੁਤਾਬਕ ਜੇ ਪੰਜਾਬ ਸਰਕਾਰ ਨੇ ਪੈਸਾ ਦਿੱਤਾ ਹੁੰਦਾ ਤਾਂ ਇੰਜ ਨਾ ਹੁੰਦਾ।ਉਨ੍ਹਾ ਕਿਹਾ ਕਿ ਪਿਛਲੀ ਸਰਕਾਰ ਵੇਲੇ ਵੀ ਇਹੋ ਹੋਇਆ ਸੀ, ਜਿਸ ਬਾਰੇ ਓਦੋਂਇੱਕ ਅਧਿਕਾਰੀ ਨੇਘਪਲੇ ਦੇ ਦੋਸ਼ ਲਾਏ ਸਨ, ਪਰ ਉਥੇ ਰਕਮ ਵੱਡੀ ਸੀ। ਇਸ ਵਾਰ ਵੀ ਏਦਾਂ ਦੀ ਕਹਾਣੀ ਸੁਣੀਂਦੀ ਹੈ। ਸਾਂਪਲਾ ਨੇ ਕਿਹਾ ਕਿ ਸਾਡੀ ਰਾਏ ਹੈ ਕਿ ਇਹ ਬੜਾ ਸਪੱਸ਼ਟ ਹੈ ਕਿ ਜੇ ਸਰਕਾਰ ਪੈਸੇ ਦੇਵੇ ਤਾਂ ਇਨ੍ਹਾਂ ਬੱਚਿਆਂ ਦਾ ਭਵਿੱਖ ਬਣਿਆ ਰਹੇਗਾ ਅਤੇ ਜੇ ਅਸੀਂ ਕੁਝ ਕਹਿ ਕੇ ਦਾਖਲਾ ਲੈ ਲਿਆ ਤਾਂ ਵੀ ਕਾਲਜ ਇਨ੍ਹਾਂ ਨੂੰ ਸਹੀ ਨਜ਼ਰਾਂ ਨਾਲ ਨਹੀਂ ਦੇਖਦੇ ਅਤੇ ਜਾਤ-ਪਾਤ ਦਾ ਵੀ ਝਗੜਾਆਮ ਹੁੰਦਾ ਹੈ। ਉਨ੍ਹਾ ਕਿਹਾ ਕਿ ਅਸੀਂ ਪੰਜਾਬ ਸਰਕਾਰ ਨੂੰ 1 ਹਫ਼ਤੇ ਦਾ ਸਮਾਂ ਦੇ ਕੇ ਫਿਰ ਬੁਲਾਇਆ ਹੈ।

## ਸੋਨੀਆ ਗਾਂਧੀ ਤੋਂ ਈ ਡੀ ਵੱਲੋਂ ਤਿੰਨ ਘੰਟੇ ਲੰਮੀ ਪੁੱਛਗਿੱਛ, 25 ਜੁਲਾਈ ਨੂੰ ਫਿਰ ਬੁਲਾਇਆ

### * ਸਾਰੇ ਦੇਸ਼ ਵਿੱਚ ਕਾਂਗਰਸ ਦਾ ਜ਼ੋਰਦਾਰ ਰੋਸ ਪ੍ਰਦਰਸ਼ਨ



ਨਵੀਂ ਦਿੱਲੀ, 21 ਜੁਲਾਈ, (ਪੋਸਟ ਬਿਊਰੋ)- ਨੈਸ਼ਨਲ ਹੈਰਾਲਡ ਕੇਸ ਨਾਲ ਸਬੰਧਤ ਮਨੀ ਲਾਂਡਰਿੰਗ ਮੁੱਦੇ ਬਾਰੇ ਕਾਂਗਰਸ ਦੀ ਅੰਤਰਿਮ ਪ੍ਰਧਾਨ ਸੋਨੀਆ ਗਾਂਧੀ ਤੋਂ ਅੱਜ ਈ ਡੀ ਨੇ ਪੁੱਛਗਿੱਛ ਕੀਤੀ।ਕਰੀਬ ਤਿੰਨ ਘੰਟੇ ਦੀ ਪੁੱਛਗਿੱਛਮਗਰੋਂਸੋਨੀਆ ਗਾਂਧੀ ਏਜੰਸੀ ਦੇ ਦਫ਼ਤਰ ਤੋਂ ਚਲੇ ਗਏ।ਈ ਡੀ ਨੇ ਉਨ੍ਹਾਂ ਨੂੰ 25 ਜੁਲਾਈ ਨੂੰ ਫਿਰ ਬੁਲਾਇਆ ਹੈ।

ਪਤਾ ਲੱਗਾ ਹੈ ਕਿ ਈ ਡੀ (ਇਨਫੋਰਸਮੈਂਟ ਡਾਇਰੈਕਟੋਰੇਟ) ਦੀ ਐਡੀਸ਼ਨਲ ਡਾਇਰੈਕਟਰ ਮੋਨਿਕਾ ਸ਼ਰਮਾ ਦੀ ਟੀਮ ਨੇ ਸੋਨੀਆ ਗਾਂਧੀ ਤੋਂ ਪੁੱਛਗਿੱਛ ਕੀਤੀ, ਜਿਸ ਦੌਰਾਨ ਉਨ੍ਹਾਂ ਨਾਲ ਉਨ੍ਹਾਂ ਦਾ ਬੇਟਾ ਰਾਹੁਲ ਗਾਂਧੀ ਅਤੇ ਬੇਟੀ ਪ੍ਰਿਅੰਕਾ ਗਾਂਧੀ ਵੀ ਸਨ। ਕੁਝ ਮਿੰਟਾਂ ਬਾਅਦ ਰਾਹੁਲ ਗਾਂਧੀ ਈ ਡੀ ਦੇ ਹੈੱਡਕੁਆਰਟਰ ਤੋਂ ਚਲੇ ਗਏ, ਪਰ ਪ੍ਰਿਅੰਕਾ ਦਵਾਈ ਦੇਣ ਲਈ ਆਪਣੀ ਮਾਂਦੇ ਕੋਲ ਰਹੀ। ਉਸ ਨੇ ਆਪਣੀ ਮਾਂ ਨਾਲ ਈ ਡੀ ਹੈੱਡਕੁਆਰਟਰ ਵਿੱਚ ਮੌਜੂਦ ਰਹਿਣ ਦੀ ਬੇਨਤੀ ਕੀਤੀ ਸੀ ਤੇ ਸੋਨੀਆ ਗਾਂਧੀ ਦੀ ਸਿਹਤ ਦਾ ਧਿਆਨ ਰੱਖਦੇ ਹੋਏ ਈ ਡੀ ਨੇ ਪ੍ਰਿਅੰਕਾ ਨੂੰ ਵੱਖਰੇ ਕਮਰੇ ਵਿੱਚ ਰਹਿਣ ਦੀ ਇਜਾਜ਼ਤ ਦੇਦਿੱਤੀ ਸੀ।

ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੂੰਈ ਡੀ ਸਾਹਮਣੇ ਪੇਸ਼ ਹੋਣ ਲਈ ਮਜਬੂਰ ਕਰਨ ਵਿਰੁੱਧ ਪਾਰਟੀ ਨੇ ਅੱਜ ਦੇਸ਼ ਭਰ ਵਿੱਚ ਰੋਸ ਪ੍ਰਦਰਸ਼ਨ ਕੀਤਾ।ਪਾਰਟੀ ਦੇ ਕਈ ਪਾਰਲੀਮੈਂਟ ਮੈਂਬਰਾਂ ਅਤੇ ਨੇਤਾਵਾਂ ਨੇ ਸੜਕ ਤੋਂ ਪਾਰਲੀਮੈਂਟ ਤੱਕ ਪ੍ਰਦਰਸ਼ਨ ਕੀਤਾ, ਜਿਸ ਦੌਰਾਨ ਦਿੱਲੀ ਵਿੱਚ ਵਧਦੇ ਪ੍ਰਦਰਸ਼ਨ ਦੇਖ ਕੇ ਪੁਲਸ ਨੇ ਕਈ ਸੀਨੀਅਰ ਕਾਂਗਰਸੀ ਨੇਤਾਵਾਂ ਦੇ ਨਾਲਪਾਰਲੀਮੈਂਟ ਮੈਂਬਰਾਂ ਨੂੰ ਵੀ ਹਿਰਾਸਤ ਵਿੱਚ ਲੈ ਲਿਆ। ਇਹ ਪ੍ਰਦਰਸ਼ਨ ਕਈ ਥਾਵਾਂ ਉੱਤੇ ਹਿੰਸਕ ਵੀ ਹੋ ਗਿਆ। ਇਸ ਦੌਰਾਨ ਦਿੱਲੀ ਅਤੇ ਚੰਡੀਗੜ੍ਹ ਵਿੱਚ ਵੀ ਪੁਲਿਸ ਨੇ ਪ੍ਰਦਰਸ਼ਨਕਾਰੀਆਂ ਉੱਤੇ ਜਲ ਤੋਪਾਂ ਦੀ ਵਰਤੋਂ ਕੀਤੀ ਅਤੇ ਤੇਲੰਗਾਨਾ ਅਤੇ ਕਰਨਾਟਕ ਵਿੱਚ ਤਾਂ ਵਿਰੋਧ ਪ੍ਰਦਰਸ਼ਨ ਇੰਨਾ ਭਿਆਨਕ ਹੋ ਗਿਆਕਿ ਕਾਰਕੁਨਾਂ ਨੇ ਵਾਹਨਾਂ ਨੂੰ ਅੱਗ ਲਾ ਦਿੱਤੀ।ਸੀਨੀਅਰ ਕਾਂਗਰਸ ਆਗੂ ਗੁਲਾਮ ਨਬੀ ਆਜ਼ਾਦ ਨੇ ਕਿਹਾ ਕਿ ਇੱਕੋ ਪਰਿਵਾਰ ਦੇ ਦੋ ਮੈਂਬਰਾਂ ਨੂੰ ਵਾਰ-ਵਾਰ ਤਲਬ ਕਰਨਾ ਬਹੁਤ ਗਲਤ ਹੈ। ਰਾਜਸਥਾਨ ਦੇ ਮੁੱਖ ਮੰਤਰੀ ਅਸ਼ੋਕ ਗਹਿਲੋਤ ਨੇ ਵਿਰੋਧ ਕਰਦੇ ਹੋਏ ਕਿਹਾ ਕਿ ਈ ਡੀ ਨੂੰ ਸੋਨੀਆ ਦੇ ਘਰ ਜਾ ਕੇ ਪੁੱਛਗਿੱਛ ਕਰਨੀ ਚਾਹੀਦੀ ਸੀ। ਉਨ੍ਹਾਂ ਇਸ ਪੁੱਛਗਿੱਛ ਨੂੰ ਨਰਿੰਦਰ ਮੋਦੀ ਸਰਕਾਰ ਦੀ ਬਦਲੇ ਦੀ ਕਾਰਵਾਈ ਕਰਾਰ ਦਿੱਤਾ ਹੈ।

### ਕੇਜਰੀਵਾਲ ਦੀ ਗੁਜਰਾਤ ਵਿੱਚ ਗਾਰੰਟੀ

## ਆਪ ਪਾਰਟੀ ਦੀ ਸਰਕਾਰ ਬਣੇਗੀ ਤਾਂ ਗੁਜਰਾਤ ਦੇ ਲੋਕਾਂ ਨੂੰ ਵੀ 24 ਘੰਟੇ ਮੁਫ਼ਤ ਬਿਜਲੀ ਮਿਲੇਗੀ



ਗਾਂਧੀਨਗਰ, 21 ਜੁਲਾਈ, (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਅੱਜ ਗੁਜਰਾਤ ਦੇ ਲੋਕਾਂ ਨੂੰ ਦਿੱਲੀ ਤੇ ਪੰਜਾਬ ਵਾਂਗ 24 ਘੰਟੇ ਮੁਫ਼ਤ ਬਿਜਲੀ ਦੇਣ ਦੀ ਪਹਿਲੀ ਗਾਰੰਟੀ ਦੇਦਿੱਤੀ ਹੈ। ਉਨ੍ਹਾਂ ਐਲਾਨ ਕੀਤਾ ਕਿ ਸਾਡੀ ਪਾਰਟੀ ਦੀ ਸਰਕਾਰ ਬਣਨ ਦੇ 3 ਮਹੀਨੇ ਅੰਦਰ ਹਰ ਪਰਿਵਾਰ ਨੂੰ ਹਰ ਮਹੀਨੇ 300 ਯੂਨਿਟ ਬਿਜਲੀ ਮੁਫ਼ਤ ਮਿਲੇਗੀ ਤੇ 31 ਦਸੰਬਰ 2021 ਤੱਕ ਦੇ ਸਾਰੇ ਪੁਰਾਣੇ ਬਕਾਇਆ ਬਿੱਲ ਮੁਆਫ਼ ਕਰ ਦਿੱਤੇ ਜਾਣਗੇ।

ਵਰਨਣ ਯੋਗ ਹੈ ਕਿ ਗੁਜਰਾਤ ਵਿੱਚ 2 ਮਹੀਨਿਆਂ ਦਾ ਬਿਜਲੀ ਬਿੱਲਇਕੱਠਾ ਆਉਂਦਾ ਹੈ। 300 ਯੂਨਿਟ ਮਹੀਨਾ ਦੇ ਹਿਸਾਬ 2 ਮਹੀਨਿਆਂ ਦੇ 600 ਯੂਨਿਟ ਮੁਫ਼ਤ ਮਿਲਣਗੇ।ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਜੋ ਅਸੀਂ ਦਿੱਲੀਵਿੱਚ ਕੀਤਾ ਸੀ, ਫਿਰ ਪੰਜਾਬ ਵਿੱਚਕੀਤਾ, ਉਹੀ ਗੁਜਰਾਤ ਵਿੱਚ ਕਰਾਂਗੇ। ਉਨ੍ਹਾ ਕਿਹਾ ਕਿ ਪਿਛਲੇ ਕੁਝ ਮਹੀਨਿਆਂ ਵਿੱਚ ਜਦੋਂ ਵੀ ਮੈਂ ਗੁਜਰਾਤ ਆਇਆ ਹਾਂ, ਮੈਨੂੰ ਗੁਜਰਾਤ ਦੇ ਲੋਕਾਂ ਦਾ ਬਹੁਤ ਪਿਆਰ ਤੇ ਵਿਸ਼ਵਾਸ ਮਿਲਿਆ ਹੈ, ਜਿਸ ਲਈ ਮੈਂ ਉਨ੍ਹਾਂ ਦਾ ਧੰਨਵਾਦੀ ਹਾਂ।ਉਨ੍ਹਾਂ ਕਿਹਾ ਕਿ ਗੁਜਰਾਤ ਵਿੱਚ ਇੱਕੋ ਪਾਰਟੀ ਦੇ ਰਾਜ ਨੂੰ 27 ਸਾਲ ਹੋ ਗਏ ਹਨ, ਇਸ ਦੇ ਬਾਵਜੂਦ ਉਸ ਨੂੰ ਕੁਝ ਨਹੀਂ ਪਤਾ ਕਿ ਕੀ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਜੋ ਕਰਨਾ ਸੀ, ਉਹ ਕੀਤਾ, ਇਸ ਪਿੱਛੋਂ ਗੁਜਰਾਤ ਇੱਕ ਵੱਡਾ ਬਦਲਾਅ ਚਾਹੁੰਦਾ ਹੈ।

ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਪਿਛਲੇ ਕਈ ਮਹੀਨਿਆਂ ਤੋਂ ਗੁਜਰਾਤ ਵਿੱਚਸਾਡਾ ਆਉਣ-ਜਾਣ ਹੋ ਰਿਹਾ ਹੈ ਤੇ ਲੋਕਾਂ ਨਾਲ ਗੱਲਬਾਤ ਕਰਦੇ ਹਾਂ।ਉਨ੍ਹਾ ਕਿਹਾ ਕਿ ਲੋਕਾਂ ਦੀਆਂ ਮੁਸ਼ਕਲਾਂ ਜਾਣਨ ਦਾ ਮੌਕਾ ਮਿਲਿਆ ਤਾਂਏਥੋਂ ਦੇ ਲੋਕਾਂ ਲਈ ਸਭ ਤੋਂ ਵੱਡੀ ਸਮੱਸਿਆ ਮਹਿੰਗਾਈ ਹੈ। ਹਰ ਚੀਜ਼ ਦੀ ਕੀਮਤ ਵਧੀ ਹੈ, ਪਰ ਆਮਦਨ ਨਹੀਂ ਵਧੀ। ਉਨ੍ਹਾਂ ਕਿਹਾ ਕਿ ਲੋਕ ਚਾਹੁੰਦੇ ਹਨ ਕਿ ਏਥੇ ਵੀ ਬਿਜਲੀ ਮੁਫ਼ਤ ਹੋਵੇ, ਇਸੇ ਲਈ ਅੱਜ ਅਸੀਂ ਬਿਜਲੀ ਮੁੱਦੇਦੀ ਪਹਿਲੀ ਗਾਰੰਟੀ ਲੈ ਕੇ ਆਏ ਹਾਂ, ਅਸੀਂ ਜੋ ਗਾਰੰਟੀਆਂ ਦਿੱਤੀਆਂ ਹਨ, ਸਭ ਪੂਰੀਆਂ ਕਰਾਂਗੇ। ਕੇਜਰੀਵਾਲ ਨੇ ਕਿਹਾ ਕਿ ਅਸੀਂ ਫੈਸਲਾ ਕੀਤਾ ਹੈ ਕਿ 31 ਦਸੰਬਰ 2021 ਤੋਂ ਪਹਿਲਾਂ ਦੇ ਸਾਰੇ ਘਰੇਲੂ ਬਿਜਲੀ ਬਿੱਲਬਕਾਏ ਮੁਆਫ ਕੀਤੇ ਜਾਣਗੇਅਤੇ ਸਾਰੇ ਪੁਰਾਣੇ ਬਿੱਲ ਜ਼ੀਰੋ ਹੋਣਗੇ। ਇਸ ਨਾਲ ਸਰਕਾਰ ਉੱਤੇ ਬੋਝ ਨਹੀਂ ਪਵੇਗਾ, ਕਿਉਂਕਿ 70 ਤੋਂ 80 ਫੀਸਦੀ ਬਿੱਲ ਫਰਜ਼ੀ ਹਨ।

## ਬ੍ਰਿਟੇਨ ਦੇ ਪ੍ਰਧਾਨ ਮੰਤਰੀ ਅਹੁਦੇ ਦੀ ਦੌੜ ਦੇ ਆਖ਼ਰੀ ਪੜਾਅ ਵਿੱਚ ਰਿਸ਼ੀ ਸੁਨਕ ਫਿਰ ਮੋਹਰੀ ਰਿਹਾ

### * ਪਾਰਟੀ ਮੈਂਬਰਾਂ ਦੀਆਂ ਵੋਟਾਂ ਵਾਸਤੇ ਲਿਜ਼ ਟ੍ਰਸ ਨਾਲ ਟੱਕਰ ਹੋਵੇਗੀ



ਲੰਡਨ, 21 ਜੁਲਾਈ, (ਪੋਸਟ ਬਿਊਰੋ)- ਬ੍ਰਿਟੇਨ ਦੇ ਪ੍ਰਧਾਨ ਮੰਤਰੀ ਦੇ ਅਹੁਦੇ ਦੀ ਦੌੜ ਦੇ ਆਖ਼ਰੀ ਪੜਾਅ ਵਿੱਚਰਿਸ਼ੀ ਸੁਨਕ ਨੇ ਇਸ ਬੁੱਧਵਾਰ ਨੂੰਪੰਜਵੇਂ ਤੇ ਆਖਰੀ ਗੇੜ ਵਿੱਚ ਵੀ ਬਾਕੀਆਂ ਨੂੰ ਪਛਾੜ ਕੇ ਜਗ੍ਹਾ ਬਣਾ ਲਈ ਹੈ।ਅੱਗੋਂ ਪਾਰਟੀ ਪ੍ਰਧਾਨ ਤੇ ਪ੍ਰਧਾਨ ਮੰਤਰੀ ਵਜੋਂ ਦੇਸ਼ ਦੀ ਅਗਵਾਈ ਲਈ ਉਨ੍ਹਾਂ ਦਾ ਮੁਕਾਬਲਾ ਵਿਦੇਸ਼ ਮੰਤਰੀ ਲਿਜ ਟ੍ਰਸ ਨਾਲ ਹੋਵੇਗਾ।

ਵਰਨਣ ਯੋਗ ਹੈ ਕਿ ਰਿਸ਼ੀ ਸੁਨਕ ਨੂੰਕੰਜ਼ਰਵੇਟਿਵ ਪਾਰਟੀ ਦੇਪਾਰਲੀਮੈਂਟ ਮੈਂਬਰਾਂ ਦੀ ਵੋਟਿੰਗ ਦੇ ਪੰਜਵੇਂ ਤੇ ਆਖ਼ਰੀ ਦੌਰ ਵਿੱਚ 137 ਵੋਟਾਂ ਮਿਲੀਆਂ ਅਤੇ ਮੋਹਰੀ ਰਹੇ ਹਨ। ਦੂਸਰੇ ਸਥਾਨ ਉੱਤੇਵਿਦੇਸ਼ ਮੰਤਰੀ ਲਿਜ਼ ਟ੍ਰਸ ਨੂੰ 113 ਪਾਰਲੀਮੈਂਟ ਮੈਂਬਰਾਂ ਦਾ ਸਮਰਥਨ ਮਿਲਿਆ। ਦੇਸ਼ ਦੀ ਮੌਜੂਦਾ ਵਪਾਰ ਮੰਤਰੀ ਪੈਨੀ ਮੋਰਡੌਂਟ 105 ਵੋਟਾਂ ਨਾਲ ਤੀਜੇ ਥਾਂ ਰਹੀ ਅਤੇ ਪ੍ਰਧਾਨ ਮੰਤਰੀ ਅਹੁਦੇ ਦੀ ਦੌੜ ਤੋਂ ਬਾਹਰ ਹੋ ਗਈ ਹੈ। ਬ੍ਰਿਟੇਨ ਦੇ 42 ਸਾਲਾ ਸਾਬਕਾ ਖਜ਼ਾਨਾ ਮੰਤਰੀ ਸੁਨਕ ਹਾਲੇ ਤੱਕ ਹਰ ਗੇੜਦੇ ਸਿਖ਼ਰ ਉੱਤੇ ਹਨ। ਉਨ੍ਹਾਂ ਮੰਗਲਵਾਰ ਨੂੰ ਮਿਲੀਆਂ 118 ਵੋਟਾਂ ਵਿੱਚ 19 ਵੋਟਾਂ ਹੋਰ ਜੋੜੀਆਂ ਅਤੇ ਅੰਤਮ ਪ੍ਰਦਰਸ਼ਨ ਵਿੱਚ ਜਗ੍ਹਾ ਬਣਾਉਣ ਲਈ 120 ਵੋਟਾਂ ਦੇ ਸਮਰਥਨ ਦਾ ਅੰਕੜਾ ਆਰਾਮ ਨਾਲ ਪਾਰ ਕਰ ਗਏ।ਇਸ ਪਿੱਛੋਂ ਰਿਸ਼ੀ ਸੁਨਕ ਤੇ ਲਿਜ਼ ਟਰਸ ਨੂੰ ਆਪਣੀ ਪਾਰਟੀ ਦੇ ਮੈਂਬਰਾਂ ਦੀਆਂ ਵੋਟਾਂ ਲਈ ਮੁਕਾਬਲਾ ਕਰਨਾ ਪੈਣਾ ਹੈ। ਉਹ ਦੋਵੇਂ ਉਮੀਦਵਾਰ ਅਗਲੇ ਸੋਮਵਾਰ ਬੀਬੀਸੀ ਉੱਤੇ ਲਾਈਵ ਟੈਲੀਵਿਜ਼ਨ ਬਹਿਸ ਵਿੱਚ ਆਪਣੇ ਪਹਿਲੇ ਆਹਮੋ-ਸਾਹਮਣੇ ਮੁਕਾਬਲੇ ਲਈ ਤਿਆਰ ਹੋ ਰਹੇ ਹਨ।

## ਸਿੱਧੂ ਮੂਸੇਵਾਲਾ ਦੇ ਪਿਤਾ ਨੂੰ ਪਾਕਿਸਤਾਨ ਤੋਂ ਜਾਨੋਂ ਮਾਰ ਦੇਣ ਦੀ ਧਮਕੀ ਮਿਲੀ

ਚੰਡੀਗੜ੍ਹ, 21 ਜੁਲਾਈ, (ਪੋਸਟ ਬਿਊਰੋ)- ਪੰਜਾਬੀ ਗਾਇਕ ਸਿੱਧੂਮੂਸੇਵਾਲਾ ਦੇ ਕਤਲ ਪਿੱਛੋਂ ਉਨ੍ਹਾਂ ਦੇ ਪਿਤਾ ਬਲਕੌਰ ਸਿੰਘ ਨੂੰ ਧਮਕੀਆਂ ਮਿਲਣ ਦੀ ਖ਼ਬਰ ਹੈ। ਉਸ ਨੂੰ ਇੰਸਟਾਗ੍ਰਾਮ ਉੱਤੇ ਪਾਕਿਸਤਾਨ ਤੋਂ ਧਮਕੀਆਂ ਮਿਲੀਆਂ ਹਨ।

ਸਿੱਧੂਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਦੇ ਮੁਤਾਬਕ ਸਿੱਧੂ ਦੇ ਕੁਝ ਦੋਸਤਾਂ ਨੇ ਉਨ੍ਹਾਂ ਨੂੰ ਦੱਸਿਆ ਹੈ ਕਿ ਇੰਸਟਾਗ੍ਰਾਮ ਉੱਤੇ ਪਾਕਿਸਤਾਨ ਤੋਂ ਇੱਕ ਪੋਸਟ ਪਾਈ ਗਈ ਤੇ ਤੁਹਾਨੂੰ ਧਮਕੀ ਦਿੱਤੀ ਗਈ ਹੈ, ਜਿਸ ਵਿੱਚ ਲਿਖਿਆ ਹੈ ਕਿ'ਅਗਲਾ ਨੰਬਰ ਬਾਪੂ ਦਾ।' ਬਲਕੌਰ ਸਿੰਘ ਨੇ ਕਿਹਾ ਕਿ ਅਸੀਂ ਪੁਲਿਸ ਨੂੰ ਸੂਚਨਾ ਦੇ ਦਿੱਤੀ ਹੈ।ਜਾਣਕਾਰ ਸੂਤਰਾਂ ਮੁਤਾਬਕ ਸਿੱਧੂਮੂਸੇਵਾਲਾ ਦੇ ਪਿਤਾ ਨੂੰ ਪਾਕਿਸਤਾਨੀ ਨੰਬਰਾਂ ਤੋਂ ਧਮਕੀ ਕਾਲ ਅਤੇ ਮੈਸੇਜ ਆ ਰਹੇ ਹਨ। ਪਰਿਵਾਰ ਦੇ ਇੱਕ ਮੈਂਬਰ ਮੁਤਾਬਕ ਪਾਕਿਸਤਾਨੀ ਨੰਬਰਾਂ ਤੇ ਇੰਸਟਾਗ੍ਰਾਮ ਉੱਤੇ ਲਗਾਤਾਰ ਧਮਕੀਆਂ ਆ ਰਹੀਆਂ ਹਨ ਕਿ ਅਗਲਾ ਨੰਬਰ ਤੁਹਾਡਾ ਹੋਵੇਗਾ, ਪਰ ਸਿੱਧੂ ਦੇ ਪਿਤਾ ਦਾ ਕਹਿਣਾ ਹੈ ਕਿ ਬੇਸ਼ੱਕ ਉਹ ਉਸ ਦੀ ਜਾਨ ਲੈ ਲੈਣ,ਉਹ ਆਪਣੇ ਪੁੱਤਰ ਦੇ ਕਾਤਲਾਂ ਨੂੰ ਸਜ਼ਾ ਦਿਵਾ ਕੇ ਰਹਿਣਗੇ।

ਵਰਨਣ ਯੋਗ ਹੈ ਕਿ ਇੱਕ ਦਿਨ ਪਹਿਲਾਂ ਸਿੱਧੂਮੂਸੇਵਾਲਾ ਕਤਲ ਕਾਂਡ ਵਿੱਚ ਸ਼ਾਮਲ ਦੋ ਸ਼ੂਟਰਾਂ ਨੂੰ ਪੰਜਾਬ ਪੁਲਿਸ ਨੇ ਇੱਕ ਮੁਕਾਬਲੇ ਵਿੱਚ ਮਾਰ ਦਿੱਤਾ ਸੀ।ਇਸਕੇਸ ਵਿੱਚ ਗੈਂਗਸਟਰ ਗੋਲਡੀ ਬਰਾੜ ਤੇ ਲਾਰੈਂਸ ਬਿਸ਼ਨੋਈ ਦਾ ਨਾਂ ਵੀ ਲਿਆ ਜਾ ਰਿਹਾ ਹੈ। ਪਾਕਿਸਤਾਨ ਤੋਂ ਧਮਕੀਆਂ ਦੀ ਨਵੀਂ ਗੱਲ ਨਾਲ ਜਾਂਚ ਦਾ ਘੇਰਾ ਵਧ ਸਕਦਾ ਹੈ। ਮਾਨਸਾ ਵਿੱਚ ਪਿਛਲੀ 29 ਮਈ ਨੂੰ ਸਿੱਧੂ ਮੂਸੇਵਾਲਾ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਉਹ ਪੰਜਾਬ ਵਿਧਾਨ ਸਭਾ ਲਈ ਕਾਂਗਰਸ ਟਿਕਟ ਉੱਤੇ ਚੋਣ ਲੜ ਚੁੱਕੇ ਸਨ।








# ਸੰਪਾਦਕੀ

## ਕੀ ਸਟਰੌਂਗ ਮੇਅਰ ਹੋਣਾ ਠੀਕ ਹੈ?

20 ਜੁਲਾਈ ਵਾਲੇ ਦਿਨ ਇਸ ਰੱਹਸ ਤੋਂ ਪਰਦਾ ਚੁੱਕਿਆ ਗਿਆ ਕਿ ਪ੍ਰੀਮੀਅਰ ਡੱਗ ਫੋਰਡ ਵੱਲੋਂ ਟੋਰਾਂਟੋ ਅਤੇ ਓਟਾਵਾ ਦੇ ਮੇਅਰਾਂ ਨੂੰ ਸਟਰੌਂਗ ਮੇਅਰ ਬਣਾਉਣ ਦੀ ਤਜਵੀਜ ਘੜੀ ਜਾ ਰਹੀ ਹੈ। ਖੱਬੇ ਪੱਖੀ ਹਲਕਿਆਂ ਵਿੱਚ ਇਸ ਚਰਚਾ ਨੂੰ ਇੰਝ ਲਿਆ ਜਾ ਰਿਹਾ ਸੀ ਜਿਵੇਂ ਅਸਮਾਨੋਂ ਕੋਈ ਬਿਜਲੀ ਡਿੱਗਣ ਜਾ ਰਹੀ ਹੋਵੇ। ਕੱਲ ਟੋਰਾਂਟੋ ਸਿਟੀ ਕਾਉਂਸਲ ਨੇ 25 ਵਿੱਚੋਂ 23 ਵੋਟਾਂ ਨਾਲ ਮਤਾ ਪਾਸ ਕਰ ਦਿੱਤਾ ਗਿਆ ਕਿ ਪ੍ਰੋਵਿੰਸ਼ੀਅਲ ਸਰਕਾਰ ਵੱਲੋਂ ਮੇਅਰਾਂ ਨੂੰ ਵਧੇਰੇ ਅਧਿਕਾਰ ਦੇਣ ਦੀ ਨੀਤੀ ਦਾ ਵਿਰੋਧ ਨਹੀਂ ਕੀਤਾ ਜਾਵੇਗਾ। ਟੋਰਾਂਟੋ ਕਾਉਂਸਲ ਦੇ ਮਤੇ ਤੋਂ ਉਮੀਦ ਹੈ ਕਿ ਓਟਾਵਾ ਕਾਉਂਸਲ ਵੀ ਪ੍ਰੋਵਿੰਸ਼ੀਅਲ ਸਰਕਾਰ ਦੇ ਮੇਅਰਾਂ ਨੂੰ ਸਟਰੌਂਗ ਬਣਾਉਣ ਦੇ ਫੈਸਲੇ ਦਾ ਵਿਰੋਧ ਨਹੀਂ ਕਰੇਗੀ। ਜੇ ਉਂਟੇਰੀਓ ਦੇ ਸੱਭ ਤੋਂ ਵੱਡੇ ਅਤੇ ਅਹਿਮ ਸ਼ਹਿਰਾਂ ਨੇ ਸਟਰੌਂਗ ਮੇਅਰ ਦੀ ਰਣਨੀਤੀ ਨੂੰ ਅਪਣਾ ਲਿਆ ਤਾਂ ਸਮੁੱਚੇ ਉਂਟੇਰੀਓ ਵਿੱਚ ਇਸ ਰਣਨੀਤੀ ਨੂੰ ਲਾਗੂ ਕਰਨਾ ਸੌਖਾ ਹੋਵੇਗਾ। ਚੇਤੇ ਰਹੇ ਕਿ ਡੱਗ ਫੋਰਡ ਸਰਕਾਰ ਟੋਰਾਂਟੋ ਅਤੇ ਓਟਾਵਾ ਦੇ ਮੇਅਰਾਂ ਨੂੰ ਸਟਰੌਂਗ ਬਣਾਉਣ ਦੇ ਕਾਰਜ ਨੂੰ 'ਟੈਸਟ ਪਾਇਲਟ' ਵਜੋਂ ਵਰਤ ਰਹੀ ਹੈ।

ਆਖਰ ਨੂੰ ਸਟਰੌਂਗ ਮੇਅਰ ਦਾ ਸਿਧਾਂਤ ਕੀ ਹੈ? ਸਰਲ ਭਾਸ਼ਾ ਵਿੱਚ ਕਿਹਾ ਜਾਵੇ ਤਾਂ ਮੇਅਰ ਚੁਣਨ ਲਈ ਪੂਰੇ ਸ਼ਹਿਰ ਦੇ ਯੋਗ ਵੋਟਰਾਂ ਵੱਲੋਂ ਵੋਟਾਂ ਪਾਈਆਂ ਜਾਂਦੀਆਂ ਹਨ ਜਦੋਂ ਕਿ ਸਿਟੀ ਕਾਉਂਸਲਰ ਆਪੋ ਆਪਣੇ ਵਾਰਡ ਵਿੱਚੋਂ ਚੁਣੇ ਜਾਂਦੇ ਹਨ। ਕਾਨੂੰਨੀ ਨੁਕਤੇ ਨਜ਼ਰ ਤੋਂ ਮੇਅਰ ਸ਼ਹਿਰ ਦਾ 'ਚੀਫ਼ ਐਗਜ਼ੈਕਟਿਵ ਅਫ਼ਸਰ' ਅਤੇ ਸਿਟੀ ਕਾਉਂਸਲ ਦਾ ਪ੍ਰੈਜ਼ੀਡੈਂਟ ਹੁੰਦਾ ਹੈ। ਇਸਦੇ ਬਾਵਜੂਦ ਉਸ ਕੋਲ ਸਿਟੀ ਕਾਉਂਸਲ ਦੇ ਫੈਸਲੇ ਨੂੰ ਪ੍ਰਭਾਵਿਤ ਕਰਨ ਲਈ ਕਾਉਂਸਲਰਾਂ ਤੋਂ ਵੱਧ ਕੋਈ ਅਧਿਕਾਰ ਨਹੀਂ ਹੁੰਦਾ। 2018 ਵਿੱਚ ਸਿਟੀ ਆਫ਼ ਲੰਡਨ ਵਿੱਚ ਕਮਿਉਨਿਟੀ ਅਤੇ ਇਕਾਨਮਿਕ ਇੰਨੋਵੇਸ਼ਨ ਡਾਇਰੈਕਟਰ ਵਜੋਂ ਕੰਮ ਕਰਨ ਵਾਲੀ ਕੇਟੀ ਗਰਾਹਮ ਨੇ ਕੈਨੇਡਾ ਵਿੱਚ ਮੇਅਰ ਦੇ ਰੋਲ ਬਾਰੇ ਪੀ ਐਚ ਡੀ ਪੂਰੀ ਕੀਤੀ ਸੀ। ਕੇਟੀ ਗਰਾਹਮ ਅਨੁਸਾਰ ਸਟਰੌਂਗ ਮੇਅਰ ਦਾ ਸਿਧਾਂਤ ਅਮਰੀਕਾ ਤੋਂ ਲਿਆ ਗਿਆ ਹੈ ਜਿੱਥੇ ਸਿਟੀ ਮੇਅਰ ਕੋਲ ਕਾਉਂਸਲਰਾਂ ਵੱਲੋਂ ਪਾਸ ਕੀਤੇ ਗਏ ਮਤੇ ਨੂੰ ਵੀਟੋ ਕਰਨ ਦਾ ਅਧਿਕਾਰ ਹੁੰਦਾ ਹੈ। ਕਿਉਂਕਿ ਕੈਨੇਡਾ ਵਿੱਚ ਮੇਅਰ ਕੋਲ ਹੋਰ ਕਾਉਂਸਲਰਾਂ ਵਾਂਗੂੰ ਸਿਰਫ਼ ਇੱਕ ਵੋਟ ਹੁੰਦੀ ਹੈ, ਇਸ ਕਰਕੇ ਕੈਨੇਡੀਅਨ ਮੇਅਰਾਂ ਨੂੰ ਕਮਜ਼ੋਰ ਭਾਵ ਵੀਕ ਮੇਅਰ ਕਿਹਾ ਜਾਂਦਾ ਹੈ। ਵੈਸੇ ਕੈਨੇਡਾ ਵਿੱਚ ਸਿਟੀ ਮੇਅਰਾਂ ਦੇ ਰੋਲ ਅਤੇ ਇਸਦੇ ਭੱਵਿਖ ਬਾਰੇ ਕੋਈ ਬਹੁਤ ਜ਼ਿਆਦਾ ਲਿਟਰੇਚਰ ਨਹੀਂ ਮਿਲਦਾ ਜਿਸਤੋਂ ਸਾਬਤ ਹੁੰਦਾ ਹੈ ਕਿ ਸਥਾਨਕ ਸਿਆਸਤ ਨੂੰ ਪ੍ਰੋਵਿੰਸ਼ੀਅਲ ਅਤੇ ਫੈਡਰਲ ਸਿਆਸਤ ਦੇ ਮੁਕਾਬਲੇ ਹਲਕਾ ਮੰਨਿਆ ਜਾਂਦਾ ਹੈ। ਹਾਲਾਂਕਿ ਹੋਣਾ ਸਥਾਨਕ ਸਿਆਸਤ ਨੂੰ ਮਜ਼ਬੂਤ ਚਾਹੀਦਾ ਹੈ ਕਿਉਂਕਿ ਸਥਾਨਕ ਸਰਕਾਰ ਦਾ ਸਾਡੇ ਜਨਜੀਵਨ ਉੱਤੇ ਨਿੱਤ ਦਿਨ ਸਿੱਧਾ ਅਸਰ ਪੈਂਦਾ ਹੈ।

ਇਸਨੂੰ ਸਮੇਂ ਦਾ ਇਨਸਾਫ਼ ਕਹੋ ਜਾਂ ਕੁੱਝ ਹੋਰ, ਮਿਉਂਸੀਪਲ ਸਿਆਸਤ ਵਿੱਚ 2010 ਤੋਂ 2014 ਤੱਕ ਸਰਗਰਮ ਸਿਟੀ ਕਾਉਂਸਲਰ ਰਹਿਣ ਵਾਲੇ ਡੱਗ ਫੋਰਡ ਨੇ ਦੋ ਵਾਰ ਮਿਉਂਸਪਲ ਕਾਉਂਸਲਾਂ ਦੇ ਕੰਮਕਾਜ਼ ਨੂੰ ਸਿੱਧੇ ਤੌਰ ਉੱਤੇ ਪ੍ਰਭਾਵਿਤ ਕੀਤਾ ਹੈ। 2018 ਵਿੱਚ ਉਸਨੇ ਹਰ ਪਾਸੇ ਤੋਂ ਵਿਰੋਧ ਦੇ ਬਾਵਜੂਦ ਟੋਰਾਂਟੋ ਕਾਉਂਸਲ ਦੀਆਂ 47 ਸੀਟਾਂ ਨੂੰ ਘੱਟ ਕਰਕੇ 25 ਤੱਕ ਲਿਆਂਦਾ ਸੀ ਜੋ ਇੱਕ ਸਫ਼ਲ ਪ੍ਰਯੋਗ ਰਿਹਾ। ਹੁਣ ਉਸਨੇ ਮੇਅਰਾਂ ਨੂੰ ਵੀਟੋ ਪਾਵਰ ਦੇਣ ਦਾ ਕਾਰਜ ਆਰੰਭ ਦਿੱਤਾ ਹੈ।

ਇਹ ਗੱਲ ਬਹਿਸ ਦਾ ਮੁੱਦਾ ਹੋ ਸਕਦੀ ਹੈ ਕਿ ਮੇਅਰ ਕੋਲ ਵੀਟੋ ਤਾਕਤਾਂ ਹੋਣੀਆਂ ਜ਼ਾਇਜ ਹਨ ਜਾਂ ਨਹੀਂ। ਵੀਟੋ ਨੂੰ ਜਾਇਜ਼ ਕਰਾਰ ਦੇਣ ਵਾਲਿਆਂ ਦਾ ਤਰਕ ਹੈ ਕਿ ਜੇ ਸਾਰੇ ਸ਼ਹਿਰ ਵਿੱਚੋਂ ਵੋਟਾਂ ਲੈ ਕੇ ਅਖੀਰ ਵਿੱਚ ਮੇਅਰ ਨੇ ਸਿਟੀ ਕਾਉਂਸਲਰ ਬਰਾਬਰ ਹੀ ਵੋਟ ਪਾ ਸੱਕਣੀ ਹੈ ਤਾਂ ਇਸਨੂੰ ਸ਼ਹਿਰ ਵਾਸੀਆ ਦੇ ਲੋਕਤਾਂਤਰਿਕ ਹੱਕ ਦੀ ਹੱਤਕ ਕਿਹਾ ਜਾਵੇਗਾ। ਵੀਟੋ ਦਾ ਵਿਰੋਧ ਕਰਨ ਵਾਲਿਆਂ ਦਾ ਮੱਤ ਹੈ ਕਿ ਸ਼ਹਿਰਾਂ ਨੂੰ ਜੁੰਮੇਵਾਰ ਮੇਅਰ ਚਾਹੀਦੇ ਹੁੰਦੇ ਹਨ ਨਾ ਕਿ ਡਿਕਟੇਟਰ ਮੇਅਰ। ਸਟਰੌਂਗ ਮੇਅਰ ਦੇ ਹੱਕ ਜਾਂ ਵਿਰੋਧ ਵਿੱਚ ਚਰਚਾ ਨੂੰ ਬਰੈਂਪਟਨ ਦੇ ਪਰੀਪੇਖ ਵਿੱਚ ਵਿਚਾਰਿਆਂ ਮੁੱਦਾ ਦਿਲਚਸਪ ਬਣਦਾ ਹੈ। ਪਿਛਲੇ ਮਹੀਨਿਆਂ ਤੋਂ ਬਰੈਂਪਟਨ ਕਾਉਂਸਲ ਦਾ ਦੋਫਾੜ ਹੋਣਾ ਅਤੇ ਮੇਅਰ ਦਾ ਸਿਟੀ ਕਾਉਂਸਲਰਾਂ ਦੇ ਇੱਕ ਧੜੇ ਨਾਲ ਧਿਰ ਬਣਨਾ ਅਤੇ ਦੂਜੀ ਦੇ ਖਿਲਾਫ਼ ਖੜਾ ਹੋਣਾ ਕਈ ਸੁਆਲਾਂ ਨੂੰ ਜਨਮ ਦੇਂਦਾ ਹੈ। ਸਟਰੌਂਗ ਮੇਅਰ ਦਾ ਸਿਧਾਂਤ ਬੇਸ਼ੱਕ ਕਿਸੇ ਗਲਤ ਫ਼ਿਤਰਤ ਵਾਲੇ ਸਿਆਸਤਦਾਨ ਕੋਲ 'ਬਾਂਦਰ ਹੱਥ ਭੇਲੀ' ਸਾਬਤ ਹੋ ਸਕਦਾ ਹੈ ਪਰ ਜੁੰਮੇਵਾਰ ਸਿਆ-ਸਤਦਾਨ ਅਲਗਰਜ਼ ਨਹੀਂ ਹੁੰਦੇ ਅਤੇ ਉਹਨਾਂ ਨੇ ਦੁਬਾਰਾ ਵੀ ਵੋਟਰਾਂ ਕੋਲ ਜਾਣਾ ਹੁੰਦਾ ਹੈ। ਇਸ ਲਈ ਸਟਰੌਂਗ ਮੇਅਰ ਦਾ ਸਿਧਾਂਤ ਅੰਤ ਨੂੰ ਸਿਟੀ ਫੈਸਲਿਆਂ ਨੂੰ ਸਹੀ ਸਮੇਂ ਸਿਰ ਲੈਣ ਵਿੱਚ ਸਹਾਇਕ ਸਾਬਤ ਹੋਵੇਗਾ।

## Honeymoon is over - Brampton councillors must get back to work



By: Surjit Singh Flora

Not to side with any one political party or member. Always on the side of truth, reality and justice, no matter if it's from a family member, politician or any individual.

However, in a recent instance, I must make my stance crystal-clear -- there is no excuse whatsoever for Brampton's Mayor and councillors collecting paycheques from the public for the last five-to-six months while refusing to show up for council meetings.

Councillors Jeff Bowman, Gurpreet Singh Dhillon, Pat Fortini, Martin Medeiros and Doug Whillans have accused Mayor Patrick Brown of using his office staff for his federal Conservative Party leadership race, along with supporting his close friends and like-minded councillors to give them preferential treatment for city business.

However, these councillors tried to circumvent the political process to bring in a pre-emptive appointment to replace former Wards 7 and 8 Coun. Charmaine Williams, via trying to parachute former Coun. Elaine Moore into the vacant seat. Who knows if she was going to win or lose in the ensuing municipal race, but that was against the municipality's rules and regulations.

In this instance, these councillors were wrong for trying to skip the designated process. Regardless of the fact that I have interviewed and spoken to many of the parties on all sides, this behaviour was unacceptable and made a mockery of the side in the public's eye.

There's another side to the problem. Mayor Brown, while being a "man for all seasons" to every community, has spent the last term changing street and park names and making numerous declarations for celebrations and civic-themed days of the month -- and little else. It's only benefiting him as a source of votes, and even getting flags, dignitaries and security at these events is costing Bramptonians their hard-earned money and taking the focus away from issues that need close scrutiny. All it seems to get them is a few more photo ops.

Brown has done nothing for the city. Even most of the plans for the city's future development are based off plans spearheaded during former Mayor Susan Fennell's time. On the issue of federal funding to the city, many of the MPs, MPPs and ministers have indicated in various ways that Brampton never reached out to the federal government with any future development, and that they've been the ones pushing the city to accept various proposals.

Celebrating heritage months and changing park/street names may look good on paper and in the media (what's left of it), but it's not that much of an achievement. Spearheading investment and creating more jobs is a better barometer of how well a city's government has performed.

Councillors Bowman, Dhillon, Fortini, Medeiros and Whillans need to think closely about their actions. If you're complaining about Brown and other councils wasting taxpayers' money over last few months, then be the better politicians. Not showing up at the city quorum to get work done and siting at home as you make pithy statements, while still collecting free money from the taxpayer won't do you any favors.

If you are accusing Brown of using his office staff for his CPC leadership race, and he's giving business to his own friends and councillors, then please send us the proof with certified documents. We have no problem to write about it and letting the public know and understand just how much damage is being done -- but that requires "showing us the receipts."
without any more wasting taxpayer's money- all of councillors and including mayor . Honeymoon is over -they must get back to work and get the things done, for the success of city and the citizens.

## ਮਾਮਲਾ ਫੜੀ ਗਈ 73 ਕਿਲੋ ਹੈਰੋਇਨ ਦਾ: ਕੰਟੇਨਰ ਮੰਗਵਾਉਣ ਦਾ ਲਾਇਸੰਸ ਦਿਵਾਉਣ ਵਾਲਾ ਪ੍ਰਾਪਰਟੀ ਡੀਲਰ ਗ੍ਰਿਫ਼ਤਾਰ

ਲੁਧਿਆਣਾ, 21 ਜੁਲਾਈ (ਪੋਸਟ ਬਿਊਰੋ)- ਗੁਜਰਾਤ ਏ ਟੀ ਸੀ (ਐਂਟੀ ਟੈਰਰਿਸਟ ਸਕੁਆਡ) ਅਤੇ ਪੰਜਾਬ ਪੁਲਸ ਦੀ ਸਾਂਝੀ ਕਾਰਵਾਈ ਦੌਰਾਨ ਮੁਦਰਾ ਪੋਰਟ ਉੱਤੇ ਦੁਬਈ ਤੋਂ ਆਏ ਕੰਟੇਨਰਤੋਂ ਬਰਾਮਦ ਕੀਤੀ ਗਈ 73 ਕਿਲੋ ਹੈਰੋਇਨ ਦੇ ਕੇਸ ਵਿੱਚ ਏ ਟੀ ਸੀ ਨੇ ਮਾਲੇਰਕੋਟਲਾ ਦੇ ਇੱਕ ਪ੍ਰਾਪਰਟੀ ਡੀਲਰ ਦੀਪਕ ਕਿੰਗਰ ਨੂੰ ਗ੍ਰਿਫ਼ਤਾਰ ਕਰ ਲਿਆ ਤੇ ਉਸ ਨੂੰ ਅਦਾਲਤਪੇਸ਼ ਕਰ ਕੇ 10 ਦਿਨ ਦੇ ਪੁਲਸ ਰਿਮਾਂਡ ਉੱਤੇ ਲਿਆ ਹੈ।

ਪਤਾ ਲੱਗਾ ਹੈ ਕਿ ਅਧਿਕਾਰੀਆਂ ਨੇ ਦੋਸ਼ੀ ਨੂੰ ਮਾਲੇਰਕੋਟਲਾ ਤੋਂ ਗ੍ਰਿਫ਼ਤਾਰ ਕੀਤਾ ਅਤੇ ਗੁਜਰਾਤ ਵਿੱਚ ਸਪੈਸ਼ਲ ਕੋਰਟ ਵਿੱਚ ਪੇਸ਼ ਕਰ ਕੇ ਪੁੱਛਗਿੱਛ ਕਰਨ ਅਤੇ ਉਸ ਦੇ ਸਾਥੀਆਂ ਨੂੰ ਗ੍ਰਿਫ਼ਤਾਰ ਕਰਨ ਲਈ 14 ਦਿਨ ਰਿਮਾਂਡ ਮੰਗਿਆ ਸੀ, ਪਰ ਕੋਰਟ ਨੇ 10 ਦਿਨ ਦਾ ਪੁਲਸ ਰਿਮਾਂਡ ਦਿੱਤਾ ਹੈ। ਇਸ ਕੇਸ ਦੀ ਜਾਂਚ ਦੌਰਾਨ ਪਤਾ ਲੱਗਾ ਕਿ ਪ੍ਰਾਪਰਟੀ ਡੀਲਰ ਦਾ ਕੰਮ ਕਰਦੇ ਦੀਪਕ ਨੇ ਪੇਸ਼ੀ ਦੌਰਾਨ ਗੈਂਗਸਟਰ ਬੱਗਾ ਖਾਨ ਨਾਲ ਮੁਲਾਕਾਤ ਕੀਤੀ ਸੀ ਅਤੇ ਉਸ ਨੇ ਹੀ ਦੁਬਈ ਤੋਂ ਕੰਟੇਨਰ ਮੰਗਵਾਉਣ ਲਈ ਲਾਇਸੰਸਦਿਵਾਇਆ ਸੀ, ਜਿਸ ਲਈ ਉਸ ਨੇ ਲਾਇਸੰਸ ਦੇਣ ਵਾਲੇ ਨੂੰ ਮੋਟੀ ਕਮਿਸ਼ਨ ਦੇਣ ਦੀ ਗੱਲ ਕਹੀ ਸੀ।ਦੋਸ਼ੀ ਤੋਂ ਪੁੱਛਗਿੱਛ ਤੋਂ ਬਾਅਦ ਟੀਮ ਹੋਰ ਦੋਸ਼ੀਆਂ ਦੀ ਭਾਲ ਕਰ ਰਹੀ ਹੈ, ਜਦੋਂ ਕਿ ਗੁਜਰਾਤ ਏ ਟੀ ਸੀ ਫਰੀਦਕੋਟ ਜੇਲ੍ਹ ਵਿੱਚ ਬੰਦ ਗੈਂਗਸਟਰ ਬੱਗਾ ਖਾਨ ਨੂੰ ਪ੍ਰੋਡਕਸ਼ਨ ਵਾਰੰਟ ਉੱਤੇ ਲਿਜਾਣਾ ਚਾਹੁੰਦੀ ਹੈ।

ਜਾਂਚ ਦੌਰਾਨ ਪਤਾ ਲੱਗਾ ਹੈ ਕਿ ਉਕਤ ਕੰਟੇਨਰ ਯੂ ਏ ਈ ਤੋਂ ਕਰੀਬ ਢਾਈ ਮਹੀਨੇ ਪਹਿਲਾਂ ਆਇਆ ਸੀ ਪਰ ਉਸ ਨੂੰ ਕਾਰਗੋ ਵਿੱਚ ਲੁਕੋ ਕੇ ਰੱਖਿਆ ਗਿਆ। ਜਦੋਂ ਕਾਫੀ ਸਮੇਂ ਤਕ ਇਹ ਕੰਟੇਨਰ ਪੰਜਾਬ ਨਾ ਭੇਜਿਆ ਤਾਂ ਸ਼ੱਕ ਹੋਣ ਉੱਤੇ ਇਸ ਦੀ ਜਾਂਚ ਸ਼ੁਰੂ ਕੀਤੀ ਗਈ। ਇਸੇ ਦੌਰਾਨ ਪੰਜਾਬ ਪੁਲਸ ਨੂੰ ਵੀ ਇਸ ਕੰਟੇਨਰ ਵਿੱਚ ਡਰੱਗਜ਼ ਹੋਣ ਦੀ ਸੂਹ ਮਿਲੀ ਤਾਂ ਜੁਲਾਈ 11 ਨੂੰ ਇਸ ਦੀ ਤਲਾਸ਼ੀ ਸ਼ੁਰੂ ਕੀਤੀ ਗਈ, ਜੋ ਕਾਫ਼ੀ ਸਮਾਂ ਚੱਲੀ। ਤਲਾਸ਼ੀ ਦੌਰਾਨ ਪਤਾ ਲੱਗਾ ਕਿ ਚਾਰ ਹਜ਼ਾਰ ਕਿੱਲੋ ਕੱਪੜੇ ਦੇ 540 ਥਾਨ ਕੰਟੇਨਰ ਵਿੱਚ ਹਨ ਅਤੇ ਤਲਾਸ਼ੀ ਦੌਰਾਨ 64 ਥਾਨਾਂ ਵਿੱਚੋਂ ਹੈਰੋਇਨ ਮਿਲੀ ਸੀ।ਗੁਜਰਾਤ ਏ ਟੀ ਸੀ ਦੀ ਟੀਮ ਨੇ ਇਸ ਸਾਲ ਅੱਜ ਤਕ ਛੇ ਕੇਸ ਦਰਜ ਕਰ ਕੇ 16 ਪਾਕਿਸਤਾਨੀ ਨਾਗਰਿਕਾਂ ਸਮੇਤ 23 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਅਤੇ ਸਮੱਗਲਰਾਂ ਤੋਂ ਕਰੀਬ 3500 ਕਰੋੜ ਤੋਂ ਵੱਧ ਦੀ ਡਰੱਗਜ਼ਫੜੀ ਹੈ। ਸਾਲ 2021 ਵਿੱਚ ਚਾਰ ਕੇਸ ਦਰਜ ਕਰ ਕੇ 36 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਸੀ ਅਤੇ 2020 ਵਿੱਚ ਇੱਕ ਮਾਮਲੇ ਵਿੱਚ ਛੇ ਪਾਕਿਸਤਾਨੀ ਨਾਗਰਿਕਾਂ ਨੂੰ ਗ੍ਰਿਫ਼ਤਾਰ ਕੀਤਾ ਸੀ।ਵਿਭਾਗ ਨੇ ਤਿੰਨ ਸਾਲਾਂ ਵਿੱਚ 28 ਪਾਕਿਸਤਾਨੀ ਨਾਗਰਿਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | **Gyan Singh,** |
| **Office Admin** | **Sajandeep Singh** |
| **Graphic Designer** | **Angrez Singh**<br>**Komal Matharu** |
| **Photographer** | Kanwaljit Singh Kanwal |
| **Distributer**<br>**Marketing:** | **Bhupinder Dhillon**<br>**Sajandeep Singh** |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਥਾਣੇਦਾਰ ਤੋਂ 23 ਲੱਖ ਠੱਗ ਚੁੱਕੇ ਸਾਬਕਾ ਡੀ ਐਸ ਪੀ ਅਤੇ ਡੀ ਆਈ ਜੀ ਦੇ ਰੀਡਰ ਉਤੇ ਕੇਸ ਦਰਜ

ਤਰਨ ਤਾਰਨ, 21 ਜੁਲਾਈ (ਪੋਸਟ ਬਿਊਰੋ)- ਤਸਕਰ ਪਿਸ਼ੌਰਾ ਸਿੰਘ ਨੂੰ ਬਚਾਉਣ ਲਈ 10 ਲੱਖ ਦੀ ਰਿਸ਼ਵਤ ਲੈਣ ਦੇ ਦੋਸ਼ ਵਿੱਚ ਗ੍ਰਿਫਤਾਰ ਫਿਰੋਜ਼ਪੁਰ ਦੇ ਸਾਬਕਾ ਡੀ ਐਸ ਪੀ ਲਖਬੀਰ ਸਿੰਘ ਸੰਧੂ ਦਾ ਇੱਕ ਹੋਰ ਕਾਰਾ ਵੀ ਪਤਾ ਲੱਗਾ ਹੈ। ਉਸ ਨੇ ਡੀ ਆਈ ਜੀ ਇੰਦਰਬੀਰ ਸਿੰਘ ਦੇ ਰੀਡਰ ਬਰਜਿੰਦਰ ਸਿੰਘ ਨਾਲ ਮਿਲ ਕੇ ਸਬ ਇੰਸਪੈਕਟਰ ਬਲਜਿੰਦਰ ਸਿੰਘ ਨੂੰ ਫਿਰੋਜ਼ਪੁਰ ਦੇ ਸੀ ਆਈ ਏ ਦਫਤਰ ਵਿੱਚ ਨਾ ਕੇਵਲ ਨਾਜਾਇਜ਼ ਹਿਰਾਸਤ ਵਿੱਚ ਰੱਖਿਆ, ਸਗੋਂ ਝੂਠਾ ਕੇਸ ਪਾਉਣ ਦੀ ਧਮਕੀ ਦੇ ਕੇ 23 ਲੱਖ ਰੁਪਏ ਵੀ ਠੱਗ ਲਏ ਸਨ। ਇਸ ਬਾਰੇ 15 ਜੁਲਾਈ ਨੂੰ ਥਾਣਾ ਸਿਟੀ ਪੱਟੀ ਵਿੱਚ ਦਰਜ ਕੀਤਾ ਗਿਆ ਸੀ ਅਤੇ ਇਸ ਉੱਤੇ ਕਾਰਵਾਈ ਕੀਤੀ ਜਾ ਰਹੀ ਹੈ।

## ਚੀਫ ਜਸਟਿਸ ਦੀ ਫੋਟੋ ਵਾਟਸਐਪ ਉਤੇ ਲਾ ਕੇ ਠੱਗੀ ਦੀ ਕੋਸ਼ਿਸ਼

ਚੰਡੀਗੜ੍ਹ, 21 ਜੁਲਾਈ (ਪੋਸਟ ਬਿਊਰੋ)- ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਚੀਫ ਜਸਟਿਸ ਰਵੀ ਸ਼ੰਕਰ ਝਾਅ ਦੀ ਫੋਟੋ ਵਾਟਸਐਪ ਡੀ ਪੀ ਲਾ ਕੇ ਸਾਈਬਰ ਠੱਗਾਂ ਨੇ ਠੱਗੀ ਕਰਨ ਦੀ ਕੋਸ਼ਿਸ਼ ਕੀਤੀ ਹੈ।

ਸਾਈਬਰ ਠੱਗ ਆਪਣੇ ਨੰਬਰ ਉੱਤੇ ਚੱਲਦੇ ਵਾਟਸਐਪ ਉਤੇ ਚੀਫ ਜਸਟਿਸ ਦੀ ਫੋਟੋ ਲਾ ਕੇ ਉਨ੍ਹਾਂ ਦੇ ਜਾਣਕਾਰਾਂ ਤੋਂ ਮਦਦ ਦੇ ਨਾਂਅ ਉੱਤੇ ਪੈਸੇ ਅਤੇ ਅਮੇਜਨ ਗਿਫਟ ਵਾਊਚਰ ਮੰਗ ਰਹੇ ਸਨ। ਇਸ ਬਾਰੇ ਹਾਈ ਕਰੋਟ ਦੇ ਜੁਆਇੰਟ ਰਜਿਸਟਰਾਰ ਸੰਜੀਵ ਕੁਮਾਰ ਦੀ ਸ਼ਿਕਾਇਤ ਉਤੇ ਪੁਲਸ ਨੇ ਅਣਪਛਾਤੇ ਦੋਸ਼ੀਆਂ ਖਿਲਾਫ ਕੇਸ ਦਰਜ ਕਰ ਲਿਆ ਹੈ। ਵਰਨਣ ਯੋਗ ਹੈ ਕਿ ਤਿੰਨ ਮਹੀਨੇ ਵਿੱਚ ਹੀ ਦੂਸਰੀ ਵਾਰ ਸਾਈਬਰ ਠੱਗੀ ਨੇ ਚੀਫ ਜਸਟਿਸ ਦੀ ਫੋਟੋ ਵਾਟਸਐਪ ਉੱਤੇ ਡੀ ਪੀ ਲਗਾ ਕੇ ਠੱਗੀ ਦੀ ਕੋਸ਼ਿਸ਼ ਕੀਤੀ ਗਈ ਹੈ।ਪੁਲਸ ਨੂੰ ਸੰਜੀਵ ਕੁਮਾਰ ਨੇ ਦੱਸਿਆ ਕਿ ਚੀਫ ਜਸਟਿਸ ਦੀ ਫੋਟੋ ਲਾ ਕੇ ਵਾਟਸਐਪ ਰਾਹੀਂ ਉਨ੍ਹਾਂ ਦੇ ਜਾਣਕਾਰਾਂ ਤੋਂ ਆਰਥਿਕ ਮਦਦ ਅਤੇ ਅਮੇਜ਼ਨ ਗਿਫਟ ਵਾਊਚਰ ਮੰਗਣ ਦੇ ਮੈਸੇਜ ਮਿਲੇ ਹਨ। ਪਹਿਲਾਂ ਤੋਂ ਸਾਈਬਰ ਠੱਗੀ ਦੇ ਤਰੀਕੇ ਤੋਂ ਚੌਕਸ ਕੋਰਟ ਅਧਿਕਾਰੀਆਂ ਨੇ ਇਸ ਬਾਰੇ ਦੱਸਿਆ ਤਾਂ ਪੁਲਸ ਨੂੰ ਇਸ ਦੀ ਸ਼ਿਕਾਇਤ ਦਿੱਤੀ। ਦਿੱਲੀ ਵਿੱਚੋਂ ਇਹੋ ਜਿਹਾ ਰੈਕੇਟ ਚਲਾ ਰਹੇ ਦੋ ਨਾਈਜੀਰੀਅਨ ਅਨੀਓਕਹਾਈਗਿਨਸ ਓਕਵੁਡੀਲੀ ਉਰਫ ਪੋਕਾ ਅਤੇ ਫਰੈਂਕਲਿਨ ਨੂੰ ਪੰਜਾਬ ਪੁਲਸ ਨੇ ਪਿਛਲੇ ਦਿਨੀਂ ਗ੍ਰਿਫਤਾਰ ਕੀਤਾ ਸੀ ਅਤੇ ਪੋਕਾ ਨੇ ਦੱਸਿਆ ਸੀ ਕਿ ਵਾਟਸਐਪ ਖਾਤੇ ਨਾਈਜੀਰੀਆ ਤੋਂ ਹੈਕ ਕੀਤੇ ਸਨ ਅਤੇ ਫਰਜ਼ੀ ਦਸਤਾਵੇਜ਼ ਦਾ ਇਸਤੇਮਾਲ ਕਰ ਕੇ ਖੋਲ੍ਹੇ ਗਏ ਬੈਂਕ ਖਾਤਿਆਂ ਦੇ ਏ ਟੀ ਐਮ ਕਾਰਡ ਵਿੱਚੋਂ ਪੈਸੇ ਕਢਵਾਉਂਦੇ ਸਨ।

## ਕੀਰਤਪੁਰ ਪਾਰਕ ਸੰਗਤਾਂ ਦੀ ਸੇਵਾ ਲਈ ਤਿਆਰ

ਗੁਰਦੁਆਰਾ ਓਨਟਾਰੀਓ ਖਾਲਸਾ ਦਰਬਾਰ ਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਅਤੇ ਪ੍ਰਬੰਧਕ ਕਮੇਟੀ ਦੀ ਸੁਹਿਰਦ ਸੋਚ ਸਦਕਾ, ਕੀਰਤਪੁਰ ਪਾਰਕ ਸੰਗਤਾਂ ਦੀ ਸੇਵਾ ਲਈ ਬਿਲਕੁਲ ਤਿਆਰ ਹੋ ਚੁੱਕੀ ਹੈ। ਕੈਨੇਡਾ ਦੇ ਗੁਰਦੁਆਰਾ ਸਾਹਿਬਾਨ ਵਿੱਚੋਂ ਓਨਟਾਰੀਓ ਖਾਲਸਾ ਦਰਬਾਰ ਗੁਰਦੁਆਰਾ ਸਾਹਿਬ ਦਾ ਪ੍ਰਮੁੱਖ ਅਸਥਾਨ ਹੈ, ਇਸ ਮਹਾਨ ਪਾਵਨ ਪਵਿੱਤਰ ਅਸਥਾਨ ਤੇ ਰੋਜ਼ਾਨਾ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਸੰਗਤਾਂ ਬੜੀ ਸ਼ਰਧਾ ਭਾਵਨਾ ਸਾਹਿਤ ਨਤਮਸਤਕ ਹੁੰਦੀਆਂ ਹਨ। ਜਿੱਥੇ ਕੈਨੇਡਾ ਵਿਚ ਸਿੱਖ ਵੱਡੀ ਗਿਣਤੀ ਵਿੱਚ ਰਹਿੰਦੇ ਹਨ,ਉੱਥੇ ਅਸੀਂ ਸਮੇਂ ਦੀ ਨਜ਼ਾਕਤ ਨੂੰ ਪਛਾਣਦਿਆਂ ਹੋਇਆਂ ਇਹ ਘਾਟ ਮਹਿਸੂਸ ਕੀਤੀ ਕਿ ਖਾਸ ਤੌਰ ਤੇ ਜਿਵੇਂ ਸਿੱਖ ਰਹਿਤ ਮਰਿਆਦਾ ਮੁਤਾਬਿਕ ਵੱਖ ਵੱਖ ਸੰਸਕਾਰ ਹਨ, ਜਨਮ ਅਤੇ ਨਾਮ ਸੰਸਕਾਰ, ਅਨੰਦ . ਸੰਸਕਾਰ, ਮਿਰਤਕ ਸੰਸਕਾਰ। ਜਿੱਥੇ ਅਸੀਂ ਕਨੇਡਾ ਵਿੱਚ ਰਹਿ ਰਹੇ ਸਿੱਖ ਆਪਣੇ ਬੱਚਿਆਂ ਦੇ ਜਨਮ, ਨਾਮ ਅਤੇ ਵਿਆਹ ਰਹਿਤ ਮਰਿਆਦਾ ਮੁਤਾਬਕ ਕਰਦੇ ਹਾਂ, ਉੱਥੇ ਅਸੀਂ ਇਹ ਘਾਟ ਮਹਿਸੂਸ ਕੀਤੀ ਕਿ ਸਾਨੂੰ ਮਿਰਤਕ ਸੰਸਕਾਰ ਦੇ ਸਬੰਧੀ ਵੀ ਕਨੇਡਾ ਦੇ ਵਿੱਚ ਰਹਿੰਦੇ ਹੋਏ ਇਹ ਮਰਿਆਦਾ ਸੰਪੂਰਨ ਕਰਨੀ ਚਾਹੀਦੀ ਹੈ, ਜਿਵੇਂ ਕਿ ਪੰਥ ਪ੍ਰਵਾਨਿਤ ਸਿੱਖ ਰਹਿਤ ਮਰਿਆਦਾ ਮੁਤਾਬਕ ਮ੍ਰਿਤਕ ਪਾਣੀ ਦੇ ਪੰਜ ਭੂਤਕ ਸਰੀਰ ਦੇ ਅੰਤਿਮ ਸਸਕਾਰ ਤੋਂ ਉਪਰੰਤ ਅੰਗੀਠਾ ਇਕੱਠਾ ਕਰਕੇ ਵਗਦੇ ਪਾਣੀ ਵਿਚ ਜਲ ਪਰਵਾਹ ਕਰਨ ਦੀ ਹਦਾਇਤ ਹੈ। ਬਿਲਕੁਲ ਉਸ ਮੁਤਾਬਿਕ ਹੀ ਇਸ ਪਾਰਕ ਦੇ ਨਿਰਮਾਣ ਤੋਂ ਪਹਿਲਾਂ ਸਿੱਖ ਪਰਿਵਾਰਾਂ ਨੂੰ ਇਹ ਮਰਿਆਦਾ ਪੂਰੀ ਕਰਨ ਲਈ ਕੈਨੇਡਾ ਤੋਂ ਭਾਰਤ ਜਾਣਾ ਪੈਂਦਾ ਸੀ, ਪਰ ਹੁਣ ਗੁਰਦੁ-ਆਰਾ ਸਾਹਿਬ ਓਨਟਾਰੀਓ ਖਾਲਸਾ ਦਰਬਾਰ ਵਿਖੇ ਕੀਰਤਪੁਰ ਪਾਰਕ ਵਿੱਚ ਹੀ ਅਸੀ । ਅੰਗੀਠਾ (ਅਸਥੀਆਂ,ਫੁੱਲ) ਜਲ ਪ੍ਰਵਾਹ ਕਰ ਸਕਦੇ ਹਾਂ। ਅਸੀਂ ਓਨਟਾਰੀਓ ਖਾਲਸਾ ਦਰਬਾਰ ਵੱਲੋਂ ਫੈਡਰਲ ਸੂਬਾਈ ਅਤੇ ਮਿਊਂਸਪਲ ਪਾਰਟੀਆਂ ਦੇ ਸਾਰੇ ਮੈਂਬਰਾਂ, ਪੰਥਕ ਜਥੇਬੰਦੀਆਂ ਅਤੇ ਸੱਭਿਆਚਾਰਕ ਭਾਈਚਾਰਿਆਂ ਅਤੇ ਸਮੂਹ ਸੰਗਤਾ ਨੂੰ ਅਸੀਂ ਕੀਰਤਪੁਰ ਪਾਰਕ ਦੀ ਅਰੰਭਤਾ ਤੇ ਅਰਦਾਸ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੰਦੇ ਹਾਂ, ਸਿੱਖੀ ਸਿਧਾਂਤਾਂ ਮੁਤਾਬਿਕ ਇਹ ਪਾਰਕ ਸਰਬ ਸਾਂਝੀ ਹੈ, ਕਿਸੇ ਵੀ ਧਰਮ ਦਾ ਵਿਅਕਤੀ ਇੱਥੇ ਪਹੁੰਚ ਕੇ ਸੇਵਾ ਲੈ ਸਕਦਾ ਹੈ।

ਗੁਰਦੁਆਰਾ ਸਾਹਿਬ, ਓਨਟਾਰੀਓ ਖਾਲਸਾ ਦਰਬਾਰ, 7080 ਡਿਕਸੀ ਰੋਡ, ਮਿਸੀਸਾਗਾ, 187 L5S
+1905-670-3311

## ਡਾ. ਨਿਰਮਲ ਜੌੜਾ ਬੋਰਡ ਆਫ ਸਟੱਡੀਜ਼ ਮੈਂਬਰ ਵਜੋਂ ਨਿਯੁਕਤ

### ਨਿਰਮਲ ਜੌੜਾ ਤੁਰਿਆ ਫਿਰਦਾ ਸ਼ਬਦਕੋਸ਼ ਤੇ ਸੰਸਥਾ : ਡਾ. ਆਲਮ, ਜੱਗੀ ਕੁੱਸਾ

ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ) ਸਾਹਿਤਕ ਤੇ ਸੱਭਿਆਚਾਰਕ ਹਲਕਿਆਂ ਵਿੱਚ ਇਹ ਖ਼ਬਰ ਬੜੇ ਮਾਣ ਨਾਲ ਪੜ੍ਹੀ ਜਾਵੇਗੀ ਕਿ ਉਹਨਾਂ ਦੇ ਆਪਣੇ ਡਾ. ਨਿਰਮਲ ਜੌੜਾ ਨੇ ਪ੍ਰਾਪਤੀ ਭਰੀ ਇੱਕ ਪੁਲਾਂਘ ਪੁੱਟੀ ਹੈ। ਜ਼ਿਕਰਯੋਗ ਹੈ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਉਪ-ਕੁਲਪਤੀ ਵਲੋਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਸੰਚਾਰ ਕੇਂਦਰ ਦੇ ਸਹਿਯੋਗੀ ਨਿਰਦੇਸ਼ਕ, ਪੰਜਾਬੀ ਨਾਟਕ ਤੇ ਸੱਭਿਆਚਾਰ ਨਾਲ ਜੁੜੀ ਉੱਘੀ ਸਖਸ਼ੀਅਤ ਡਾ.ਨਿਰਮਲ ਜੌੜਾ ਨੂੰ ਬੋਰਡ ਆਫ਼ ਸਟੱਡੀਜ਼ ਦਾ ਮੈਂਬਰ ਨਿਯੁਕਤ ਕੀਤਾ ਹੈ। ਡਾ. ਜੌੜਾ ਦੀ ਇਹ ਨਿਯੁਕਤੀ ਫੋਕ ਆਰਟ ਤੇ ਸੱਭਿਆਚਾਰ ਵਰਗ ਵਿੱਚ ਕੀਤੀ ਗਈ ਹੈ। ਡਾ. ਜੌੜਾ ਪੰਜਾਬ ਦੇ ਸੱਭਿਆਚਾਰਕ ਕਾਮੇ ਤੇ ਮਾਹਿਰ ਵਜੋਂ ਪਿਛਲੇ ਤਿੰਨ ਦਹਾਕਿਆਂ ਤੋਂ ਕਾਰਜਸ਼ੀਲ ਹਨ। ਮੋਗਾ ਜ਼ਿਲ੍ਹਾ ਦੇ ਮਾਣਮੱਤੇ ਪਿੰਡ ਬਿਲਾਸਪੁਰ ਦੀ ਝੋਲੀ



ਪਿਆ ਇਹ ਮਾਣ ਨਿਰਮਲ ਜੌੜਾ ਦੀ ਅਣਥੱਕ ਮਿਹਨਤ ਕਰਕੇ ਹੀ ਮਿਲਿਆ ਹੈ। ਡਾ. ਜੌੜਾ ਨੂੰ ਮਿਲੀ ਇਸ ਜ਼ੁੰਮੇਵਾਰੀ ਲਈ ਬਰਤਾਨੀਆ ਵਿੱਚ ਵਸਦੇ ਸਾਹਿਤਕ ਸਖਸ਼ੀਅਤਾਂ ਨੇ ਦਿਲੀ ਖੁਸ਼ੀ ਮਨਾਈ ਹੈ। ਵਿਸ਼ਵ ਪ੍ਰਸਿੱਧ ਨਾਵਲਕਾਰ ਸ਼ਿਵਚਰਨ ਜੱਗੀ ਕੁੱਸਾ, ਗੁਰੂ ਨਾਨਕ ਯੂਨੀਵਰਸਲ ਸੇਵਾ ਯੂਕੇ ਦੇ ਆਗੂ ਡਾ. ਤਾਰਾ ਸਿੰਘ ਆਲਮ, ਅਮਰਜੀਤ ਕੌਰ ਆਲਮ, ਜਸਵੀਰ ਸਿੰਘ ਮਠਾੜੂ, ਇੰਦਰਜੀਤ ਸਿੰਘ ਮਠਾੜੂ, ਡਾ. ਸਨੀ ਸਿੱਧੂ, ਸਾਹਿਬ ਮੈਗਜ਼ੀਨ ਦੇ ਸੰਪਾਦਕ ਰਣਜੀਤ ਸਿੰਘ ਰਾਣਾ, ਪੰਜਾਬੀ ਸਾਹਿਤ ਕਲਾ ਕੇਂਦਰ ਸਾਊਥਾਲ ਦੀ ਪ੍ਰਧਾਨ ਕੁਲਵੰਤ ਕੌਰ ਢਿੱਲੋਂ, ਪੰਜਾਬੀ ਭਾਸ਼ਾ ਚੇਤਨਾ ਬੋਰਡ ਯੂਕੇ ਦੇ ਡਾਇਰੈਕਟਰ ਹਰਮੀਤ ਸਿੰਘ ਭਕਨਾ, ਗਾਇਕ ਕਰਮਜੀਤ ਮੀਨੀਆਂ, ਲੇਖਕ ਅਮਰ ਮੀਨੀਆਂ, ਸ਼ਾਇਰ ਅਮਨਦੀਪ ਧਾਲੀਵਾਲ ਆਦਿ ਵੱਲੋਂ ਨਿਰਮਲ ਜੌੜਾ ਦੀ ਇਸ ਨਿਯੁਕਤੀ 'ਤੇ ਹਾਰਦਿਕ ਵਧਾਈ ਪੇਸ਼ ਕੀਤੀ ਹੈ। ਇਸ ਸੰਬੰਧੀ ਗੱਲਬਾਤ ਕਰਦਿਆਂ ਸਾਹਿਤਕਾਰ ਡਾ. ਤਾਰਾ ਸਿੰਘ ਆਲਮ ਤੇ ਨਾਵਲਕਾਰ ਸ਼ਿਵਚਰਨ ਜੱਗੀ ਕੁੱਸਾ ਨੇ ਕਿਹਾ ਕਿ ਨਿਰਮਲ ਜੌੜਾ ਦੀਆਂ ਪ੍ਰਾਪਤੀਆਂ 'ਤੇ ਜਿੰਨਾ ਮਾਣ ਕੀਤਾ ਜਾਵੇ, ਓਨਾ ਥੋੜ੍ਹਾ ਹੈ। ਡਾ. ਜੌੜਾ ਆਪਣੇ-ਆਪ ਵਿੱਚ ਇੱਕ ਤੁਰਿਆ ਫਿਰਦਾ ਸ਼ਬਦਕੋਸ਼ ਤੇ ਸੰਸਥਾ ਵਾਂਗ ਹੈ ਜੋ ਪੰਜਾਬੀਅਤ ਨੂੰ ਪ੍ਰਣਾਇਆ ਹੋਇਆ ਹੈ।

## ਰੱਬੁ ਅਤੇ ਰਥਵਾਹੁ

ਅਮਰਜੀਤ ਕੌਰ, ਸਟੇਟ ਐਵਾਰਡੀ, ਸੇਵਾ ਮੁਕਤ ਮੁੱਖ ਅਧਿਆਪਕਾ

ਮਨੁੱਖ ਦੇ ਬਦਲਦੇ ਰਹਿੰਦੇ ਸੋਚਣ ਦੇ ਢੰਗਾਂ ਤੇ ਵਿਚਾਰਾਂ ਕਾਰਨ ਵੱਖ ਵੱਖ ਸਮੇਂ ਤੇ ਮਨੁੱਖ ਦਾ ਵਰਤਾਓ ਤੇ ਵਤੀਰਾ ਵੀ ਬਦਲਦਾ ਰਹਿੰਦਾ ਹੈ।ਹਿੰਦੂ ਫਿਲਾਸਫੀ ਦੇ ਅਨੁਸਾਰ ਸਾਰਾ ਇਤਿਹਾਸ ਚਾਰ ਅੰਤਰਾਲਾਂ ਜਾਂ ਯੁਗਾਂ ਵਿੱਚ ਵੰਡਿਆ ਹੋਇਆ ਹੈ;ਅਰਥਾਤ ਮਨੁੱਖ ਦੇ ਸੋਚਣ,ਮੰਨਣ ਤੇ ਕਰਨ ਦੇ ਚਾਰ ਵਤੀਰੇ ਹੋ ਸਕਦੇ ਹਨ।ਇਹ ਚਾਰ ਯੁਗਾਂ ਦੇ ਨਾਓਂ ਇਹਨਾਂ ਵਤੀਰਿਆਂ ਤੇ ਹੀ ਨਿਰਭਰ ਕਰਦੇ ਹਨ।ਪਹਿਲੇ ਯੁਗ ਨੂੰ ਸਤ,ਦੂਜੇ ਯੁਗ ਨੂੰ ਤ੍ਰੇਤਾ,ਤੀਜੇ ਯੁਗ ਨੂੰ ਦੁਆਪਰ ਤੇ ਚੌਥੇ ਨੂੰ ਕਲਯੁਗ ਕਿਹਾ ਜਾਂਦਾ ਹੈ।

ਗੁਰੂ ਨਾਨਕ ਦੇਵ ਜੀ ਨੇ ਵੀ ਆਸਾ ਦੀ ਵਾਰ ਵਿੱਚ ਮਨੁੱਖੀ ਵਿਵਹਾਰ ਦੇ ਅਨੁਸਾਰ ਇਹਨਾਂ ਯੁਗਾਂ ਨੂੰ ਪ੍ਰਭਾਸ਼ਿਤ ਕੀਤਾ ਹੈ।ਉਹਨਾਂ ਨੇ ਹੇਠ ਲਿਖੇ ਸਲੋਕ ਵਿੱਚ ਚਾਰਾਂ ਯੁਗਾਂ ਦੀ ਵਿਆਖਿਆ ਕੀਤੀ ਹੈ।

"ਸਤਿਜੁਗਿ ਰੱਥੁ ਸੰਤੋਖ ਕਾਧਰਮੁ ਅਗੈ ਰਥਵਾਹ
ਤ੍ਰੇਤੈ ਰੱਥੁ ਜਤੈ ਕਾ ਜੋਰ ਅਗੈ ਰਥਵਾਹ
ਦੁਆਪੁਰਿ ਰੱਥੁ ਤਪੈ ਕਾ ਸਤੁ ਅਗੈ ਰਥਵਾਹ
ਕਲਜੁਗਿ ਰੱਥੁ ਅਗਨਿ ਕਾ ਕੂੜੁ ਅਗੈ ਰਥਵਾਹ"

ਇਹ ਤਾਂ ਆਪਾਂ ਸਭ ਜਾਣਦੇ ਹਾਂ ਕਿ ਮਨੁੱਖ ਦਾ ਵਿਹਾਉਰ ਉਸ ਦੀ ਆਤਮਾ ਦੇ ਸੰਸਕਾਰਾਂ ਦੇ
ਅਨੁਸਾਰ ਹੀ ਹੁੰਦਾ ਹੈ।ਆਤਮਾ ਵਿੱਚ ਮਨ,ਬੁੱਧੀ ਨਾਂ ਦੇ ਦੋ ਹਿੱਸੇਦਾਰ ਹੁੰਦੇ ਹਨ ਜੋ ਮਨੁੱਖ ਦੇ
ਵਤੀਰੇ ਨੂੰ ਕੰਟਰੋਲ ਕਰਦੇ ਹਨ।ਮਨ ਦੀ ਚੰਚਲਤਾ ਬਾਰੇ ਵੀ ਆਪਾਂ ਭਲੀਭਾਂਤ ਜਾਣੂੰ ਹਾਂ ਤੇ ਇਹ ਵੀ ਜਾਣਦੇ ਹਾਂ ਕਿ ਬੁੱਧੀ ਦਾ ਫੈਸਲਾ ਇਸ ਵਿਚਲੀਆਂ ਸ਼ਕਤੀਆਂ ਹੀ ਕਰਦੀਆਂ ਹਨ।

ਇਹਨਾਂ ਦੋਨਾਂ ਦੇ ਤਾਲਮੇਲ ਜਾਂ ਅਣਬਣ ਹੀ ਮਨੁੱਖ ਦੇ ਵਤੀਰੇ ਦਾ ਫੈਸਲਾ ਕਰਦੇ ਹਨ।ਗੁਰੂ ਜੀ ਕਹਿੰਦੇ ਹਨ ਕਿ ਇਹਨਾਂ ਚਾਰਾਂ ਯੁਗਾਂ ਵਿੱਚ ਮਨੁੱਖ ਜਾਤੀ( ਜਿਸ ਨੂੰ ਸਾਰੀਆਂ ਜਾਤੀਆਂ ਵਿਚੋਂ ਉੱਤਮ ਮੰਨਿਆ ਗਿਆ ਹੈ )ਦੇ ਜੀਊਣ ਦਾ ਢੰਗ ਤੇ ਵਰਤਾਓ ਵੱਖੋ ਵੱਖਰੇ ਨੈਤਿਕ ਸਿਧਾਤਾਂ ਅਤੇ ਦਾਰਸ਼ਨਿਕ ਸਿਧਾਤਾਂ ਰਾਹੀਂ ਮਾਰਗ ਦਰਸ਼ਨ ਹੁੰਦਾ ਹੈ।ਉਹ ਨੈਤਿਕ ਸਿਧਾਂਤਾ ਨੂੰ ਰੱਥ ਅਤੇ ਦਾਰਸ਼ਨਿਕ ਸਿਧਾਂਤਾ ਰੱਥਵਾਹ ਨਾਲ ਤੁਲਨਾ ਕਰਦੇ ਹਨ।

ਇਸ ਅਲੰਕਾਰ ਨੂੰ ਧਿਆਨ ਵਿੱਚ ਰੱਖਦੇ ਹੋਏ ਗੁਰੂ ਜੀ ਕਹਿੰਦੇ ਹਨ ਕਿ ਮਨੁੱਖੀ ਸਰੀਰ ਜੋ ਕਿ ਸਭ ਜਾਤੀਆਂ ਵਿਚੋਂ ਸ੍ਰੇਸ਼ਟ ਮੰਨਿਆ ਗਿਆ ਹੈ ਦਾ ਇੱਕ ਰੱਥ ਹੁੰਦਾ ਹੈ ਤੇ ਇੱਕ ਰੱਥਵਾਹ ਹੁੰਦੇ ਹਨ।ਇਹ ਰੱਥ ਅਤੇ ਰੱਥਵਾਹ ਸਮੇਂ ਦੇ ਨਾਲ ਨਾਲ ਬਦਲਦੇ ਰਹਿੰਦੇ ਹਨ।ਇਸ ਤਬਦੀਲੀ ਨੂੰ ਸਿਰਫ ਤੇ ਸਿਰਫ ਦੈਵੀ ਮੱਤ ਵਾਲੇ ਮਨੁੱਖ ਹੀ ਸਮਝ ਸਕਦੇ ਹਨ।

ਸਤਯੁਗੀ ਵਰਤਾਰੇ ਵਿੱਚ ਰੱਥ ਮਨ ਹੁੰਦਾ ਹੈ ਜੋ ਸਬਰ ਸੰਤੋਖ ਨਾਲ ਭਰਪੂਰ ਹੁੰਦਾ ਹੈ ਅਤੇ ਬੁੱਧੀ ਰੱਥਵਾਹ ਹੁੰਦਾ ਹੈ ਜਿਸ ਦਾ ਹਰ ਫੈਸਲਾ ਨਿਰਣਾਇਕ ਮਤਲਬ ਸਹੀ ਹੁੰਦਾ ਹੈ।ਅਰਥਾਤ ਮਾਰਗ ਦਰਸ਼ਕ ਸੱਚ ਹੁੰਦਾ ਹੈ ।ਇਸ ਨਾਲ ਹਰ ਮਨੁੱਖ ਸਹੀ ਸੋਚਦਾ ਹੈ ਤੇ ਸਹੀ ਕਰਦਾ ਹੈ।

ਧਰਮ ਦੇ ਕਾਰਜਾਂ ਨਾਲ ਉਹ ਪਰਮ ਪਿਤਾ ਪਰਮਾਤਮਾ ਨਾਲ ਜੁੜੇ ਰਹਿੰਦੇ ਹਨ।ਕਿਸੇ ਦਾ ਦਿਲ ਨਹੀਂ ਦੁਖਾਉਂਦੇ। ਇਸ ਤਰ੍ਹਾਂ ਦੇ ਵਰਤਾਓ ਵਾਲੇ ਮਨੁੱਖ ਸੱਤਜੁਗੀ ਅਖਵਾਉਂਦੇ ਹਨ।ਤ੍ਰੇਤੇ ਯੁਗ ਵਿੱਚ ਰੱਥ ਅਤੇ ਰੱਥਵਾਹ ਤਾਂ ਉਹੀ ਰਹਿੰਦੇ ਹਨ ਪਰ ਸਥਿਤੀ ਵਿੱਚ ਥੋੜਾ ਫਰਕ ਪੈ ਜਾਂਦਾ ਹੈ। ।ਮਨ ਰੱਥ ਵਿੱਚ ਬਹਾਦਰੀ ਦਾ ਜ਼ਜ਼ਬਾ ਹੋਣ ਕਰਕੇ ਉਹ ਬੁੱਧੀ ਨਾਂ ਦੇ ਰੱਥਵਾਹ ਰਾਹੀਂ ਜਤੀ ਹੋਣ ਦਾ ਮਾਰਗ ਚੁਣ ਲੈਂਦੇ ਹਨ ਮਤਲਬ ਬ੍ਰਹਮਚਾਰੀ ਜੀਵਨ ਬਿਤਾਉਂਦੇ ਹਨ।ਇਸਤਰ੍ਹਾਂ ਦੇ ਜੀਵ ਤ੍ਰੇਤੇਵਾਸੀ ਹੋ ਨਿਬੜਦੇ ਹਨ। ਫਿਰ ਲੋਕਾਂ ਵਿੱਚ ਜਦੋਂ ਆਪਣਾ ਆਚਰਣ ਉੱਚਾ ਰੱਖਣ ਦਾ ਧਿਆਨ ਆਉਂਦਾ ਹੈ ਤਾ ਉਹ ਆਪਣੇ ਸਰੀਰਕ ਇੰਦਰੀਆਂ ਨੂੰ ਵਿਕਾਰਾਂ (ਕਾਮ,ਕ੍ਰੋਧ,ਲੋਭ,ਮੋਹ ਤੇ ਹੰਕਾਰ) ਉਪਰ ਕਾਬੂ ਪਾਉਣ ਵਾਸਤੇ ਕਈ ਤਰ੍ਹਾਂ ਦੇ ਤਪ ਤੇ ਹੱਠ ਕਰਨ ਲਗ ਪੈਂਦੇ ਹਨ।ਉਹ ਆਪਣੇ ਸਰੀਰ ਨੂੰ ਕਈ ਕਿਸਮ ਦੇ ਕਸ਼ਟ ਦੇਣ ਲਗ ਜਾਂਦੇ ਹਨ ਜਦੋਂ ਮਨ ਰੱਥ ਵਿੱਚ ਕੋਈ ਵਿਕਾਰ ਆ ਜਾਵੇ ਤਾਂ ਬੁੱਧੀ ਰੱਥਵਾਹ ਬਣ ਕੇ ਸਰੀਰ ਦੀਆਂ ਨੂੰ ਕਾਬੂ ਕਰਨ ਦਾ ਮਾਰਗ ਦਿਖਾਉਂਦੀ ਹੈ ਤਾਂ ਜੋ ਮਨੁੱਖ ਦਾ ਆਚਰਣ ਤੋਂ ਡਿੱਗਣ ਤੋਂ ਬਚਾਅ ਹੋ ਸਕੇ,ਇਸ ਕਿਸਮ ਦੇ ਲੋਕਾਂ ਨੂੰ ਦੁਆਪਰੀ ਕਿਹਾ ਜਾਂਦਾ ਹੈ।ਇਸ ਯੁਗ ਵਿੱਚ ਲੋਕ ਚਾਹੁੰਦੇ ਹਨ ਕਿ ਉਹਨਾਂ ਦਾ ਨੈਤਿਕ ਚਰਿੱਤਰ ਬਹੁਤ ਉੱਚਾ ਹੋਵੇ।ਇਸ ਕਰਕੇ ਉਹਨਾਂ ਅੰਦਰੂਨੀ ਦਇਆ ਹੁੰਦੀ ਹੈ ਤੇ ਉਹਨਾਂ ਦਾ ਦਾਨ ਪੁੰਨ ਦੇ ਕੰਮਾਂ ਵਲ ਝੁਕਾਅ ਰਹਿੰਦਾ ਹੈ।

ਫਿਰ ਜਦੋਂ ਕੁਝ ਅਜਿਹਾ ਸਮਾਂ ਆ ਜਾਵੇ ਕਿ ਮਨ ਦੀ ਤ੍ਰਿਸ਼ਨਾ ਹੱਦੋਂ ਬਾਹਰ ਹੋ ਜਾਵੇ ਤੇ ਉਹ ਅੱਗਨੀ ਨਾਂ ਦੇ ਰੱਥਉਤੇ ਸਵਾਰ ਹੋ ਕੇ ਸੜ੍ਹਨਾ ਸ਼ੁਰੂ ਹੋ ਜਾਵੇ ਤੇਬੁੱਧੀ ਵੀ ਝੂਠ ਬੋਲਣ ਤੇ ਠੱਗੀ ਠੋਰੀ ਦਾ ਮਾਰਗ ਦਰਸ਼ਨ ਕਰਨ ਲਗ ਪਵੇ ਤਾਂ ਇਹੋ ਜਿਹੇ ਵਰਤਾਰੇ ਨੂੰ ਕਲਯੁਗੀ ਵਰਤਾਓ ਕਿਹਾ ਜਾਂਦਾ ਹੈ।ਰੱਥਵਾਹ (ਬੁੱਧੀ) ਅੰਨ੍ਹਾ ਹੋ ਜਾਂਦਾਹੈ ਅਰਥਾਤ ਬੁੱਧੀ ਪੂਰੀ ਤਰ੍ਹਾਂ ਭ੍ਰਿਸ਼ਟ ਹੋ ਜਾਵੇ ਰੱਥ ਖਾਹਿਸ਼ਾਂ ਦੀ ਅੱਗ ਵਿੱਚ ਸੜ੍ਹਨਲਗ ਪਵੇ ਤਾਂ ਇਸ ਯੁਗ ਨੂੰ ਹੀ ਕਲਯੁਗ ਕਿਹਾ ਜਾਂਦਾ ਹੈ।ਕਿਉਂਕਿ ਦੁਨਿਆਵੀ ਅਮੀਰੀ ਅਤੇ ਤਾਕਤ ਦਿਖਾਉਣ ਵਾਸਤੇ ਮਨੁੱਖ ਆਪਣੀਆਂ ਖਾਹਿਸ਼ਾਂ ਪੂਰੀਆਂ ਕਰਨ ਦੀ ਕੋਸ਼ਿਸ਼ ਕਰਦਾ ਹੈ ਤੇ ਹਰ ਤਰੀਕੇ ਦੀ ਠੱਗੀ ,ਠੋਰੀ ਤੇ ਝੂਠ ਨੂੰ ਹੀ ਆਪਣਾ ਮਨੋਰਥ ਬਣਾ ਲੈਂਦਾ ਹੈ।(ਮੁਆਫ਼ ਕਰਨਾ) ਜੋ ਅਜਕਲਚਲ ਰਿਹਾ ਹੈ।

ਜਿਸ ਸਮੇਂ ਵਿੱਚ ਜਿਸ ਕਿਸਮ ਦੇ ਜੀਵਾਂ ਦੀ ਬਹੁਗਿਣਤੀ ਹੋ ਜਾਵੇ ਸਮਝ ਲੈਣਾ ਚਾਹੀਦਾ ਹੈ ਕਿ ਉਹੀ ਯੁਗ ਆ ਗਿਆਹੈ।ਕਿਸੇ ਵੀ ਯੁਗ ਵਿੱਚ ਕਿਸੇ ਇੱਕੋ ਕਿਸਮ ਦੇ ਜੀਵ ਨਹੀਂ ਹੁੰਦੇ।

ਬਲਕਿ ਹਰ ਯੁਗ ਵਿੱਚ ਹਰ ਕਿਸਮ ਦੇ ਜੀਵ ਮੌਜੂਦ ਹੁੰਦੇ ਹਨ।ਯੁਗ ਦਾ ਪ੍ਰਭਾਵ ਜਗਤ ਤੇ ਸ਼ਾਇਦ ਇਤਨਾ ਨਾ ਪੈਂਦਾ ਹੋਵੇ ਪਰ ਮਨੁੱਖ ਦੇ ਵਰਤਾਓ,ਤੌਰ ਤਰੀਕੇ,ਸੋਚਣ ਦੇ ਢੰਗ ਅਤੇ ਜਿੰਦਗੀ ਦੇ ਮਨੋਰਥ ਬਦਲਣ ਨਾਲ ਯੁਗ ਜਰੂਰ ਬਦਲ ਸਕਦੇ ਹਨ।ਸੋ ਆਪਣੇ ਰੱਥ ਅਤੇ ਰੱਥਵਾਹ ਵਲ ਜਰੂਰ ਗੌਰ ਕਰਦੇ ਰਹਿਣਾ ਚਾਹੀਦਾ ਹੈ ਤਾਂ ਜੋ ਇਹ ਹਮੇਸ਼ਾਂ ਵੱਲ ਰਹੇ।ਮਨੁੱਖ ਨੂੰ ਰੱਬ ਜੀ ਨੇ ਸ੍ਰੇਸ਼ਟ ਬਣਾਇਆ ਸੀ ਤੇ ਇਹ ਹਮੇਸ਼ਾਂ ਸ੍ਰੇਸ਼ਟ ਹੀ ਰਹੇ ਤੇ ਰੱਬ ਜੀ ਝੂਠੇ ਨਾ ਪੈ ਜਾਣ ਕਿਤੇ!!

ਸਾਡੇ ਵਰਤਾਰੇ ਨੇ ਹੀ ਯੁਗ ਬਦਲੇ ਹਨ।ਜੇ ਸਤਯੁਗ ਤੋਂ ਕਲਯੁਗ ਆ ਸਕਦਾ ਹੈ ਤਾਂ ਉਹ ਦਿਨ ਵੀ ਦੂਰ ਨਹੀਂ ਕਲਯੁਗ ਸਤਯੁਗ ਵਿੱਚ ਤਬਦੀਲ ਹੋ ਜਾਵੇ।ਸੱਚ ਮੰਨੋ ਤਾਂ ਮੇਰਾ ਦਿਲ ਗਵਾਹੀ ਭਰਦਾ ਹੈ ਕਿ ਆਸਾਰ ਤਾਂ ਸ਼ੁਰੂ ਹੋ ਚੁੱਕੇ ਹਨ।

# "ਭਾਸ਼ਾ ਕੇਵਲ ਸੰਚਾਰ ਦਾ ਮਾਧਿਅਮ ਹੀ ਨਹੀਂ, ਸਗੋਂ ਇਹ ਤਾਂ ਸੱਭਿਆਚਾਰਕ ਪਛਾਣ ਹੈ" : ਡਾ. ਸੁਖਦੇਵ ਸਿੰਘ ਸਿਰਸਾ



## 'ਦ ਲਿਟਰੇਰੀ ਰਿਫ਼ਲੈੱਕਸ਼ਨਜ਼' ਵੱਲੋਂ ਡਾ. ਸਿਰਸਾ ਨਾਲ ਰਚਾਇਆ ਗਿਆ ਭਾਵਪੂਰਤ ਰੂ-ਬ-ਰੂ

ਬਰੈਂਪਟਨ, (ਡਾ. ਝੰਡ) -ਉੱਤਰੀ-ਅਮਰੀਕਨ ਖ਼ਿੱਤੇ ਵਿਚ 2018 ਤੋਂ ਵਿਚਰ ਰਹੀ ਸਾਹਿਤਕ ਸੰਸਥਾ 'ਦ ਲਿਟਰੇਰੀ ਰਿਫ਼ਲੈੱਕਸ਼ਨਜ਼' ਵੱਲੋਂ ਲੰਘੇ ਸ਼ਨੀਵਾਰ 16 ਜੁਲਾਈ ਨੂੰ ਉੱਘੇ ਵਿਦਵਾਨ ਅਤੇ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਤੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਅਹਿਮ ਆਗੂ ਰਹੇ ਡਾ. ਸੁਖਦੇਵ ਸਿੰਘ ਸਿਰਸਾ ਜੋ ਅੱਜਕੱਲ੍ਹ ਸਰਵ-ਭਾਰਤੀ ਪ੍ਰਗਤੀਸ਼ੀਲ ਲੇਖਕ ਸੰਘ ਦੇ ਜਨਰਲ ਸਕੱਤਰ ਹਨ, ਨਾਲ ਬਰੈਂਪਟਨ ਦੇ ਕੈਸੀ ਕੈਂਬਲ ਕਮਿਊਨਿਟੀ ਸੈਂਟਰ ਦੇ ਹਾਲ ਨੰਬਰ 3 ਵਿਚ ਮਹੱਤਵਪੂਰਨ ਰੂ-ਬ-ਰੂ ਦਾ ਆਯੋਜਨ ਕੀਤਾ ਗਿਆ। ਡਾ. ਸਿਰਸਾ ਬਾਰੇ ਮੁੱਢਲੀ ਜਾਣਕਾਰੀ ਉਨ੍ਹਾਂ ਦੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਪੰਜਾਬੀ ਵਿਭਾਗ ਵਿਚ ਰਹੇ ਸਹਿਪਾਠੀ ਅਤੇ ਸਹਿਕਰਮੀ ਉੱਘੇ ਲੋਕਧਾਰਾ-ਵਿਗਿਆਨੀ ਡਾ. ਨਾਹਰ ਸਿੰਘ ਵੱਲੋਂ ਸਾਂਝੀ ਕੀਤੀ ਗਈ ਅਤੇ ਸਰੋਤਿਆਂ ਵੱਲੋਂ ਪੰਜਾਬੀ ਭਾਸ਼ਾ, ਸਾਹਿਤ ਤੇ ਸੱਭਿਆਚਾਰ ਅਤੇ ਖੱਬੇ-ਪੱਖੀ ਵਿਚਾਰਧਾਰਾ ਨਾਲ ਸਬੰਧਿਤ ਸੁਆਲਾਂ ਦੇ ਜੁਆਬ ਡਾ. ਸਿਰਸਾ ਵੱਲੋਂ ਬਾਖ਼ੂਬੀ ਦਿੱਤੇ ਗਏ।

ਪ੍ਰੋਗਰਾਮ ਦਾ ਆਰੰਭ ਕਰਦਿਆਂ ਮੰਚ-ਸੰਚਾਲਕ ਪ੍ਰੋ. ਜਗੀਰ ਸਿੰਘ ਕਾਹਲੋਂ ਨੇ ਡਾ. ਸੁਖਦੇਵ ਸਿੰਘ ਸਿਰਸਾ, ਡਾ. ਨਾਹਰ ਸਿੰਘ, ਪ੍ਰਿੰਸੀਪਲ ਸਰਵਣ ਸਿੰਘ, ਪੂਰਨ ਸਿੰਘ ਪਾਂਧੀ ਅਤੇ ਐਡਵੋਕੇਟ ਜੋਗਿੰਦਰ ਸਿੰਘ ਤੂਰ ਨੂੰ ਪ੍ਰਧਾਨਗੀ-ਮੰਡਲ ਵਿਚ ਸ਼ਾਮਲ ਹੋਣ ਲਈ ਬੇਨਤੀ ਕੀਤੀ। ਉਪਰੰਤ, 'ਦ ਲਿਟਰੇਰੀ ਰਿਫ਼ਲੈੱਕਸ਼ਨਜ਼' ਸੰਸਥਾਂ ਦੀ ਡਾਇਰੈੱਕਟਰ ਕਹਾਣੀਕਾਰ ਗੁਰਮੀਤ ਪਨਾਗ ਨੂੰ ਮੰਚ 'ਤੇ ਆਉਣ ਦਾ ਸੱਦਾ ਦਿੱਤਾ ਗਿਆ ਜਿਨ੍ਹਾਂ ਨੇ ਸੰਸਥਾ ਦੀ 2018 ਵਿਚ ਹੋਈ ਸ਼ੁਰੂਆਤ ਅਤੇ ਇਸ ਦੇ ਵੱਲੋਂ ਹੁਣ ਤੀਕ ਕਰਵਾਏ ਗਏ ਵੱਖ-ਵੱਖ ਸਮਾਗ਼ਮਾਂ ਬਾਰੇ ਜਾਣਕਾਰੀ ਦਿੱਤੀ। ਡਾ. ਨਾਹਰ ਸਿੰਘ ਨੇ ਡਾ. ਸਿਰਸਾ ਬਾਰੇ ਦੱਸਦਿਆਂ ਕਿਹਾ ਕਿ ਉਨ੍ਹਾਂ ਨੇ ਸੂਫ਼ੀ-ਕਾਵਿ ਉੱਪਰ ਬੜਾ ਮਹੱਤਵਪੂਰਨ ਕੰਮ ਕੀਤਾ ਅਤੇ ਆਪਣੇ ਵਿਦਿਆਰਥੀਆਂ ਕੋਲੋਂ ਵੀ ਕਰਵਾਇਆ ਹੈ। ਉਹ ਪੰਜਾਬੀ ਭਾਸ਼ਾ ਤੋਂ ਇਲਾਵਾ ਹਿੰਦੀ ਵਿਚ ਲਿਖੇ ਗਏ ਸਾਹਿਤ ਅਤੇ ਖੱਬੇ-ਪੱਖੀ ਵਿਚਾਰਧਾਰਾ ਬਾਰੇ ਵੀ ਡੂੰਘੀ ਸਮਝ ਰੱਖਦੇ ਹਨ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਵਿਦਿਆਰਥੀ ਅਤੇ ਅਧਿਆਪਕ ਵਜੋਂ ਇਕੱਠੇ ਵਿਚਰਨ ਦੀਆਂ ਕਈ ਖ਼ੂਬਸੂਰਤ ਯਾਦਾਂ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ ਜਿਨ੍ਹਾਂ ਵਿਚ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਮੁਖੀ ਵਜੋਂ ਸਟਾਫ਼-ਮੈਂਬਰਾਂ ਦੇ ਹਿੱਤਾਂ ਦੀ ਰਾਖੀ ਕਰਦਿਆਂ ਹੋਇਆਂ ਯੂਨੀਵਰਸਿਟੀ ਦੇ ਤਤਕਾਲੀ ਵਾਈਸ-ਚਾਂਸਲਰਾਂ ਨਾਲ ਹੋਈਆਂ ਕਈ ਤਲਖ਼ੀਆਂ ਵੀ ਸ਼ਾਮਲ ਸਨ। ਇਸ ਦੇ ਨਾਲ ਹੀ ਉਨ੍ਹਾਂ ਡਾ. ਸਿਰਸਾ ਦੇ ਸੁਭਾਅ ਦੇ 'ਕੱਬੇਪਨ' ਦੀ ਗੱਲ ਵੀ ਬਾਖ਼ੂਬੀ ਕੀਤੀ।

ਡਾ. ਸੁਖਦੇਵ ਸਿੰਘ ਸਿਰਸਾ ਨੇ ਆਪਣੀ ਗੱਲ ਸਰੋਤਿਆਂ ਦੇ ਸੁਆਲਾਂ ਨਾਲ ਹੀ ਸ਼ੁਰੂ ਕੀਤੀ। ਪਿਆਰਾ ਸਿੰਘ ਕੁੱਦੋਵਾਲ ਵੱਲੋਂ ਪੰਜਾਬੀ ਸਾਹਿਤ




ਅਕਾਦਮੀ ਲੁਧਿਆਣਾ ਦੀ ਕਾਰਗੁਜ਼ਾਰੀ ਬਾਰੇ ਪੁੱਛੇ ਗਏ ਇਕ ਸੁਆਲ ਦੇ ਜੁਆਬ ਵਿਚ ਡਾ. ਸਿਰਸਾ ਨੇ ਦੱਸਿਆ ਕਿ ਇਸ ਅਕਾਦਮੀ ਨੇ ਬੜੇ ਮਹੱਤਵਪੂਰਨ ਕੰਮ ਕੀਤੇ ਹਨ ਜਿਨ੍ਹਾਂ ਵਿਚ ਇਸ ਦੇ ਵੱਲੋਂ ਲੰਮੇਂ ਸਮੇਂ ਤੋਂ ਚਲਾਇਆ ਜਾ ਰਿਹਾ ਤ੍ਰੈ-ਮਾਸਿਕ ਪੱਤਰ 'ਆਲੋਚਨਾ' ਦਾ ਆਪਣਾ ਹੀ ਵੱਖਰਾ ਮੁਕਾਮ ਹੈ ਜਿਸ ਦੇ 'ਭਾਰਤੀ ਸੂਫ਼ੀ ਪਰੰਪਰਾ' ਵਿਸ਼ੇਸ਼ ਅੰਕ ਲਈ ਉਨ੍ਹਾਂ ਵੀ ਆਪਣਾ ਯੋਗਦਾਨ ਪਾਇਆ। ਇਸ ਅਕਾਦਮੀ ਦੀ ਕਾਰਜਕਾਰਨੀ ਦੇ ਮੈਂਬਰ ਬਣਨ ਅਤੇ ਇਸ ਦਾ ਲੋਕ-ਤੰਤਰੀ ਢਾਚਾ ਉਸਾਰਨ ਲਈ ਉਨ੍ਹਾਂ ਨੂੰ ਬੜੀ ਜੱਦੋ-ਜਹਿਦ ਕਰਨੀ ਪਈ। ਅਕਾਦਮੀ ਦੀ ਮੁੱਖ-ਇਮਾਰਤ ਅਤੇ ਲਾਇਬ੍ਰੇਰੀ ਲਈ ਸਰਕਾਰੀ ਗਰਾਂਟਾਂ ਤੇ ਗ਼ੈਰ-ਸਰਕਾਰੀ ਵਿੱਤੀ ਸਹਾਇਤਾ ਪ੍ਰਾਪਤ ਕਰਨ ਬਾਰੇ ਵੀ ਉਨ੍ਹਾਂ ਕਈ ਦਿਲਚਸਪ ਘਟਨਾਵਾਂ ਸਾਂਝੀਆਂ ਕੀਤੀਆਂ। ਉਨ੍ਹਾਂ ਦੇ ਵਿਦਿਆਰਥੀ ਡਾ. ਚਰਨਜੀਤ ਸਿੰਘ ਪੱਡਾ ਨੇ ਉਨ੍ਹਾਂ ਦੇ ਸੁਹਿਰਦ ਅਧਿਆਪਕ ਹੋਣ ਬਾਰੇ ਆਪਣੇ ਹਾਵ-ਭਾਵ ਕਈ ਉਦਾਹਰਣਾਂ ਦੇ ਕੇ ਬਿਆਨ ਕੀਤੇ।

ਉੱਘੇ ਵਿਦਵਾਨ ਤੇ ਕਵੀ ਡਾ. ਸੁਖਪਾਲ ਵੱਲੋਂ ਅਜੋਕੀ ਪੰਜਾਬੀ ਕਵਿਤਾ ਵਿਚ ਇਕਾਗਰਤਾ ਦੀ ਕਮੀ ਬਾਰੇ ਸੁਆਲ ਦੇ ਜੁਆਬ ਵਿਚ ਡਾ. ਸਿਰਸਾ ਦਾ ਕਹਿਣਾ ਸੀ ਕਿ ਪੰਜਾਬੀ ਕਵਿਤਾ ਅੱਜਕੱਲ੍ਹ ਧੜਾਧੜ ਲਿਖੀ ਜਾ ਰਹੀ ਹੈ। ਅਜੋਕੇ ਕਵੀ ਕਵਿਤਾ ਬਾਰੇ ਮੁੱਢਲੀ ਜਾਣਕਾਰੀ ਲੈਣ ਦੀ ਖੇਚਲ ਨਹੀਂ ਕਰਦੇ ਅਤੇ ਨਾ ਹੀ ਉਹ ਸਮਰੱਥ ਕਵੀਆਂ ਦੀਆਂ ਰਚੀਆਂ ਹੋਈਆਂ ਪੁਸਤਕਾਂ ਪੜ੍ਹਦੇ ਹਨ। ਉਨ੍ਹਾਂ ਕਿਹਾ ਕਿ ਅਜੋਕੇ ਦੌਰ ਵਿਚ ਛੰਦ-ਬੱਧ ਕਵਿਤਾ ਨਾਲੋਂ ਖੁੱਲ੍ਹੀ ਕਵਿਤਾ ਵਧੇਰੇ ਪ੍ਰਚੱਲਤ ਹੈ। ਕਵੀ ਮਲਵਿੰਦਰ ਦਾ ਸੁਆਲ ਵੀ ਅਜੋਕੀ ਕਵਿਤਾ ਦੇ ਸੰਦਰਭ ਵਿਚ ਹੀ ਸੀ, ਜਦਕਿ ਇਕ ਹੋਰ ਕਵੀ ਕੁਲਵੰਤ ਸਿੰਘ ਗਿੱਲ ਦਾ ਸੁਆਲ ਪੰਜਾਬ ਵਿਚ ਖੱਬੇ-ਪੱਖੀ ਵਿਚਾਰਧਾਰਾ ਦੀ ਲਹਿਰ ਦੇ ਵਿਕਸਤ ਨਾ ਹੋਣ ਬਾਰੇ ਸੀ ਜਿਸ ਦੇ ਜੁਆਬ ਵਿਚ ਡਾ. ਸਿਰਸਾ ਨੇ ਕਿਹਾ ਕਿ ਕਈ ਪ੍ਰਗਤੀਵਾਦੀ ਕਵੀਆਂ ਤੇ ਹੋਰ ਲੇਖਕਾਂ ਵੱਲੋਂ ਆਪਣੀਆਂ ਰਚਨਾਵਾਂ ਵੱਲੋਂ ਪੰਜਾਬ ਦੇ ਆਪਣੇ ਨਾਇਕਾਂ ਦੀ ਬਜਾਏ ਦੂਸਰੇ ਦੇਸ਼ਾਂ ਦੇ ਨਾਇਕਾਂ ਨੂੰ ਵਧੇਰੇ ਅਹਿਮੀਅਤ ਦਿੱਤੀ ਗਈ ਜੋ ਆਮ ਲੋਕਾਂ ਦੀ ਸਮਝ ਵਿਚ ਨਹੀਂ ਆ ਸਕੀ। ਐਡਵੋਕੇਟ ਸੁਖਵਿੰਦਰ ਸਿੰਘ ਕਾਹਲੋਂ ਵੱਲੋਂ ਪੁੱਛੇ ਗਏ ਪੰਜਾਬੀ ਭਾਸ਼ਾ ਦੇ ਭਵਿੱਖ ਬਾਰੇ ਸੁਆਲ ਬਾਰੇ ਡਾ. ਸਿਰਸਾ ਨੇ ਕਿਹਾ ਕਿ ਸੰਸਾਰ ਦੀਆਂ ਹੋਰ ਬਹੁਤ ਸਾਰੀਆਂ ਭਾਸ਼ਾਵਾਂ ਵਾਂਗ ਪੰਜਾਬੀ ਭਾਸ਼ਾ ਉੱਪਰ ਵੀ ਭਵਿੱਖ ਵਿਚ ਖ਼ਤਮ ਹੋਣ ਦਾ ਖ਼ਤਰਾ ਮੰਡਰਾਅ ਰਿਹਾ ਹੈ ਅਤੇ ਇਸ ਦਾ ਇਕ ਕਾਰਨ ਸਾਡੇ ਭਾਰਤ ਦਾ ਸੰਵਿਧਾਨ ਵੀ ਹੈ ਜੋ ਖ਼ੇਤਰੀ ਭਾਸ਼ਾਵਾਂ ਨੂੰ ਰਾਸ਼ਟਰੀ-ਭਾਸ਼ਾਵਾਂ ਦਾ ਦਰਜਾ ਨਹੀਂ ਦਿੰਦਾ। ਪ੍ਰੋ. ਜਗੀਰ ਸਿੰਘ ਕਾਹਲੋਂ ਦੇ ਸੁਆਲ ਕਿ ਸ਼ਿਵ ਕੁਮਾਰ ਬਟਾਲਵੀ ਕੇਵਲ ਰੋਮਾਂਟਿਕ ਕਵੀ ਹੀ ਸੀ ਜਾਂ ਕੁਝ ਹੋਰ ਵੀ ਸੀ, ਦੇ ਜੁਆਬ ਵਿਚ ਡਾ. ਸਿਰਸਾ ਨੇ ਕਿਹਾ ਕਿ ਸ਼ਿਵ ਕੁਮਾਰ ਦੀ ਸਮੁੱਚੀ ਕਵਿਤਾ ਵਿਚ ਉਸ ਸਮੇਂ ਦੀ ਮੱਧ-ਵਰਗੀ ਜਮਾਤ ਦਾ ਦਰਦ ਤੇ ਪੀੜਾ ਝਲਕਦੀ ਹੈ। ਹੋਰ ਸੁਆਲ ਅਤੇ ਟਿੱਪਣੀ ਕਰਨ ਵਾਲਿਆਂ ਵਿਚ ਗੁਰਦੇਵ ਸਿੰਘ ਮਾਨ, ਡਾ. ਸੁਖਦੇਵ ਸਿੰਘ ਝੰਡ ਤੇ ਮਲੂਕ ਸਿੰਘ ਕਾਹਲੋਂ ਵੀ ਸ਼ਾਮਲ ਸਨ।



ਪ੍ਰਧਾਨਗੀ ਭਾਸ਼ਨ ਵਿਚ ਪ੍ਰਿੰਸੀਪਲ ਸਰਵਣ ਸਿੰਘ ਵੱਲੋਂ ਸਮਾਗ਼ਮ ਦੇ ਮੁੱਖ-ਬੁਲਾਰਿਆਂ ਡਾ. ਸੁਖਦੇਵ ਸਿੰਘ ਸਿਰਸਾ ਤੇ ਡਾ. ਨਾਹਰ ਸਿੰਘ, ਸੁਆਲ-ਕਰਤਾਵਾਂ ਅਤੇ ਸਮਾਗ਼ਮ ਵਿਚ ਹਾਜ਼ਰ ਸਮੂਹ ਸਾਹਿਤ-ਪ੍ਰੇਮੀਆਂ ਦਾ ਧੰਨਵਾਦ ਕਰਦਿਆਂ ਉਨ੍ਹਾਂ ਵੱਲੋਂ ਪੰਜਾਬੀ ਭਾਸ਼ਾ ਨੂੰ ਨੇੜ-ਭਵਿੱਖ ਵਿਚ ਕਿਸੇ ਖ਼ਤਰੇ ਦੀ ਸੰਭਾਵਨਾ ਨੂੰ ਰੱਦ ਕੀਤਾ ਗਿਆ। ਉਨ੍ਹਾਂ ਦਾ ਕਹਿਣਾ ਸੀ ਕਿ 1947 ਤੋਂ ਲੈ ਕੇ ਹੁਣ ਤੀਕ ਇਨ੍ਹਾਂ 75 ਸਾਲਾਂ ਵਿਚ ਪੰਜਾਬੀ ਭਾਸ਼ਾ ਦਾ ਕਾਫ਼ੀ ਪਸਾਰ ਹੋਇਆ ਹੈ। ਇਹ ਹੁਣ ਕੰਪਿਊਟਰ ਤੇ ਮੋਬਾਈਲ ਦੀ ਭਾਸ਼ਾ ਵੀ ਬਣ ਗਈ ਹੈ ਅਤੇ ਦੇਸ-ਵਿਦੇਸ਼ਾਂ ਵਿਚ ਬਹੁਤ ਸਾਰੇ ਲੋਕਾਂ ਵੱਲੋਂ ਬੋਲੀ ਤੇ ਲਿਖੀ ਜਾ ਰਹੀ ਹੈ। ਅਲਬੱਤਾ, ਇਸ ਦੇ ਨਾਲ ਹੀ ਉਨ੍ਹਾਂ ਪਾਕਿਸਤਾਨੀ ਪੰਜਾਬ ਦੇ ਲਾਹੌਰ ਸ਼ਹਿਰ ਦੇ ਇਕ ਕਰੋੜ ਲੋਕਾਂ ਵਿੱਚੋਂ 80-90 ਲੱਖ ਲੋਕਾਂ ਵੱਲੋਂ ਬੋਲੀ ਜਾਂਦੀ ਪੰਜਾਬੀ ਬੋਲੀ ਨੂੰ ਸਰਕਾਰੀ ਮਾਨਤਾ ਨਾ ਮਿਲਣ 'ਤੇ ਦੁੱਖ ਤੇ ਅਫ਼ਸੋਸ ਦਾ ਇਜ਼ਹਾਰ ਵੀ ਕੀਤਾ। ਅਖ਼ੀਰ ਵਿਚ ਸੰਸਥਾ ਦੀ ਦੂਸਰੀ ਡਾਇਰੈੱਕਟਰ ਸੁਰਜੀਤ ਕੌਰ ਵੱਲੋਂ ਸਮਾਗ਼ਮ ਦੇ ਸਮੂਹ ਬੁਲਾਰਿਆਂ ਅਤੇ ਹਾਜ਼ਰੀਨ ਦਾ ਵਿਧੀਵੱਤ ਧੰਨਵਾਦ ਕੀਤਾ ਗਿਆ। ਹਾਜ਼ਰੀਨ ਵਿਚ ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬਜ਼ ਬਰੈਂਪਟਨ ਦੇ ਪ੍ਰਧਾਨ ਜੰਗੀਰ ਸਿੰਘ ਸੈਂਹਬੀ, ਹਰਿੰਦਰ ਹੁੰਦਲ, ਪ੍ਰੋ. ਹਰਭਜਨ ਸਿੰਘ ਸੇਖੋਂ, ਮਹਿੰਦਰ ਸਿੰਘ ਮੱਲ੍ਹੀ, ਅਮਨ ਸ਼ਰਮਾ, ਬਿਕਰਮ ਸਿੰਘ ਗਿੱਲ, ਅਮਰਜੀਤ ਸਿੰਘ ਬਾਈ, ਹਰਜੀਤ ਕੌਰ ਸੰਧੂ, ਸੁਰਿੰਦਰ ਕੌਰ ਮਾਨ, ਹਰਭਜਨ ਕੌਰ ਗਿੱਲ, ਸੁਖਸਾਗਰ ਰਾਮੂੰਵਾਲੀਆ ਤੇ ਸਰਬਜੀਤ ਕਾਹਲੋਂ ਸਮੇਤ ਕਈ ਹੋਰ ਵਿਅੱਕਤੀ ਸ਼ਾਮਲ ਸਨ।

## ਗੁਰੂ ਹਰਗੋਬਿੰਦ ਸਾਹਿਬ ਜੀ ਦੇ ਆਗਮਨ-ਦਿਵਸ ਸਬੰਧੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ-ਪਾਠ ਦਾ ਭੋਗ ਸਮਾਗ਼ਮ 7 ਅਗਸਤ ਨੂੰ

ਬਰੈਂਪਟਨ, (ਡਾ. ਝੰਡ) - ਸੁਖਦੇਵ ਸਿੱਧਵਾਂ ਤੋਂ ਪ੍ਰਾਪਤ ਸੂਚਨਾ ਅਨੁਸਾਰ ਸਿੱਧਵਾਂ ਕਲਾਂ ਅਤੇ ਇਸ ਦੇ ਆਸ-ਪਾਸ ਦੇ ਪਿੰਡਾਂ ਦੀ ਸੰਗਤ ਵੱਲੋਂ ਗੁਰੂ ਹਰਗੋਬਿੰਦ ਸਾਹਿਬ ਦਾ ਆਗਮਨ-ਦਿਵਸ ਮਨਾਉਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਖੰਡ-ਪਾਠ ਗੁਰਦੁਆਰਾ ਜੋਤ ਪ੍ਰਕਾਸ਼ ਸਾਹਿਬ ਵਿਖੇ ਹਾਲ ਨੰਬਰ 2 ਵਿਚ ਸ਼ੁੱਕਰਵਾਰ 5 ਅਗਸਤ ਨੂੰ ਆਰੰਭ ਕਰਵਾਇਆ ਜਾਏਗਾ ਅਤੇ ਇਸ ਦਾ ਭੋਗ ਐਤਵਾਰ 7 ਅਗਸਤ ਨੂੰ ਸਵੇਰੇ 10.00 ਵਜੇ ਪਵੇਗਾ। ਉਪਰੰਤ, ਰਾਗੀ ਸਿੰਘਾਂ ਵੱਲੋਂ ਗੁਰਬਾਣੀ ਦਾ ਮਨੋਹਰ ਕੀਰਤਨ ਕੀਤਾ ਜਾਏਗਾ ਅਤੇ ਢਾਡੀ-ਜੱਥੇ ਗੁਰੂ ਹਰਗੋਬਿੰਦ ਸਾਹਿਬ ਦੇ ਜੀਵਨ ਅਤੇ ਉਨ੍ਹਾਂ ਵੱਲੋਂ ਮੁਗ਼ਲਾਂ ਨਾਲ ਕੀਤੀਆਂ ਗਈਆਂ ਲੜਾਈਆਂ ਦੇ ਗੌਰਵਮਈ ਇਤਿਹਾਸ ਬਾਰੇ ਢਾਡੀ-ਵਾਰਾਂ ਸਰਵਣ ਕਰਾਉਣਗੇ। ਗੁਰੂ ਕਾ ਲੰਗਰ ਅਟੁੱਟ ਵਰਤੇਗਾ। ਇਲਾਕਾ-ਨਿਵਾਸੀਆਂ ਅਤੇ ਸਮੂਹ ਸੰਗਤ ਨੂੰ ਇਸ ਧਾਰਮਿਕ ਤੇ ਇਤਿਹਾਸਕ ਸਮਾਗ਼ਮ ਵਿਚ ਸ਼ਾਮਲ ਹੋਣ ਲਈ ਬੇਨਤੀ ਕੀਤੀ ਜਾਂਦੀ ਹੈ। ਸੰਗਤ ਦੀ ਜਾਣਕਾਰੀ ਲਈ ਦੱਸਿਆ ਜਾਂਦਾ ਹੈ ਕਿ ਗੁਰਦੁਆਰਾ ਜੋਤ ਪ੍ਰਕਾਸ਼ ਸਾਹਿਬ 135 ਸਨਪੈਕ ਬੁਲੇਵਾਰਡ ਵਿਖੇ ਸਥਿਤ ਹੈ। ਪ੍ਰੋਗਰਾਮ ਸਬੰਧੀ ਵਧੇਰੇ ਜਾਣਕਾਰੀ ਲਈ ਸੁਖਦੇਵ ਸਿੰਘ ਸਿੱਧਵਾਂ ਨੂੰ 647-299-1610 ਜਾਂ ਜਿੰਦਰ ਸਿੱਧੂ ਨੂੰ 647-701-5155 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਪੰਜਾਬੀ ਲਿਖਣ ਵਾਲਾ ਪਹਿਲਾ ਮਨੁੱਖੀ ਰੋਬੋਟ: 'ਸਰਬੰਸ ਸਿੰਘ'



ਜਗਜੀਤ ਸਿੰਘ ਗਣੇਸ਼ਪੁਰ,
ਮੀਡੀਆ ਸਲਾਹਕਾਰ,
ਸਰਬੰਸ ਰੋਬੋਟਿਕਸ,
ਮੋਬਾਈਲ-94655-76022

ਅਸੀਂ ਇਤਿਹਾਸ ਦੇ ਅਜਿਹੇ ਮੋੜ 'ਤੇ ਹਾਂ ਜਿਥੇ ਅਸੰਭਵ ਹਕੀਕਤ ਬਣ ਗਿਆ ਹੈ। 'ਰੋਬੋਟਿਕਸ' ਸਭ ਤੋਂ ਤੇਜ਼ੀ ਨਾਲ ਵੱਧਣ ਵਾਲਾ ਖੇਤਰ ਬਣਦਾ ਜਾ ਰਿਹਾ ਹੈ। 'ਰੋਬੋਟਿਕਸ' ਇੰਜੀਨੀਅਰਿੰਗ ਦੀ ਹੀ ਇੱਕ ਸ਼ਾਖਾ ਹੈ ਜਿਸ ਵਿੱਚ ਰੋਬੋਟਸ ਦਾ ਡਿਜ਼ਾਈਨ, ਨਿਰਮਾਣ ਅਤੇ ਸੰਚਾਲਨ ਸ਼ਾਮਲ ਹੁੰਦਾ ਹੈ। ਰੋਬੋਟਿਕਸ ਖੇਤਰ ਦਾ ਉਦੇਸ਼ ਬੁੱਧੀਮਾਨ ਮਸ਼ੀਨਾਂ ਬਣਾਉਣਾ ਹੈ ਜੋ ਮਨੁੱਖਾਂ ਦੀ ਵੱਖ-ਵੱਖ ਤਰੀਕਿਆਂ ਨਾਲ ਸਹਾਇਤਾ ਕਰ ਸਕਦੀਆਂ ਹਨ। ਵਿਸ਼ਵੀਕਰਨ ਦੇ ਇਸ ਯੁਗ ਵਿੱਚ ਇਸ ਖੇਤਰ ਵਿੱਚ ਵੀ ਨਿਤ-ਨਵੇਂ ਤਜਰਬੇ ਹੁੰਦੇ ਰਹਿੰਦੇ ਹਨ। ਕੰਪਿਊਟਰ ਅਤੇ ਇਲੈਕਟ੍ਰੋਨਿਕਸ ਦੇ ਅਜੋਕੇ ਯੁਗ ਵਿੱਚ 'ਰੋਬੋਟ' ਦਾ ਨਿਰਮਾਣ ਅਤੇ ਵਰਤੋਂ ਦਿਨੋਂ-ਦਿਨ ਵੱਧ ਰਹੀ ਹੈ।

ਰੋਬੋਟਿਕਸ, ਮਸਨੂਈ ਬੁੱਧੀ ਨਾਲ ਸਬੰਧਿਤ ਪ੍ਰਮੁੱਖ ਖੇਤਰ ਹੈ। ਬਿਲਕੁਲ ਸੌਖੇ ਸ਼ਬਦਾਂ ਵਿੱਚ ਜੇਕਰ ਸਮਝਾਇਆ ਜਾਏਗਾ ਤਾਂ ਮਸਨੂਈ ਬੁੱਧੀ ਪ੍ਰਕਿਰਤਕ ਰੂਪ ਵਿੱਚ ਮਨੁੱਖੀ ਬੁੱਧੀ ਵਾਂਗ ਮਸ਼ੀਨਾਂ ਦੁਆਰਾ ਬੁੱਧੀ ਦੀ ਵਰਤੋਂ ਕਰਨ ਦਾ ਸੰਕਲਪ ਹੈ। ਇਸ ਹੀ ਸੰਦਰਭ ਵਿੱਚ ਵੱਖ-ਵੱਖ ਕਿਸਮ ਦੇ ਰੋਬੋਟਸ ਤਿਆਰ ਕੀਤੇ ਜਾ ਰਹੇ ਹਨ। ਘਰੈਲੂ ਕੰਮਕਾਰ ਵਾਲੇ ਰੋਬੋਟਸ ਤੋਂ ਉਦਯੋਗ ਖੇਤਰ, ਸਿਹਤ ਖੇਤਰ ਤੋਂ ਲੈ ਕੇ ਰੱਖਿਆ ਖੇਤਰ ਅਤੇ ਸਿੱਖਿਆ ਤੋਂ ਏਰੋਸਪੇਸ ਤੱਕ ਇਨ੍ਹਾਂ ਦਾ ਜਲਵਾ ਹਰ ਜਗ੍ਹਾ ਵੇਖਣ ਨੂੰ ਮਿਲ ਰਿਹਾ ਹੈ। ਵੱਡੀਆਂ-ਵੱਡੀਆਂ ਸੰਸਥਾਵਾਂ ਆਪਣੇ ਬਹੁਪੱਖੀ ਰੋਬੋਟਸ ਬਜ਼ਾਰ ਵਿੱਚ ਉਤਾਰ ਰਹੀਆਂ ਹਨ। ਅਜਿਹੇ ਵਿੱਚ ਜੇਕਰ ਸਾਡੇ ਭਾਰਤ ਦੀ ਗੱਲ ਕੀਤੀ ਜਾਏ ਤਾਂ ਭਾਰਤ ਵਿੱਚ ਵੀ ਕਈ ਤਰ੍ਹਾਂ ਦੇ ਰੋਬੋਟਸ ਤਿਆਰ ਕੀਤੇ ਗਏ ਹਨ ਜਿਨਾ ਵਿੱਚ 'ਮਾਨਵ' ਰੋਬੋਟ ਦਾ ਜਿਕਰ ਕਰਨਾ ਵੀ ਬਣਦਾ ਹੈ ਕਿਉਂਕਿ ਇਹ ਭਾਰਤ ਦਾ ਪਹਿਲਾ ਮਨੁੱਖੀ ਰੋਬੋਟ ਹੈ। ਇਸਨੂੰ 2014 ਵਿੱਚ ਏ-ਸੈਟ ਸਿਖਲਾਈ ਅਤੇ ਖੋਜ ਸੰਸਥਾਨ ਦੀ ਪ੍ਰਯੋਗਸ਼ਾਲਾ ਵਿੱਚ ਵਿਕਸਤ ਕੀਤਾ ਗਿਆ ਸੀ।

ਅਜਿਹੇ ਵਿੱਚ ਸਾਡੇ ਪੰਜਾਬੀਆਂ ਲਈ ਵੀ ਬੜੇ ਮਾਣ ਵਾਲੀ ਗੱਲ ਹੈ ਕਿ ਜਲੰਧਰ ਜਿਲ੍ਹੇ ਦੇ ਸਰਕਾਰੀ ਹਾਈ ਸਕੂਲ ਰੋਹਜੜੀ ਵਿਖੇ ਕੰਪਿਊਟਰ ਅਧਿਆਪਕ ਵਜੋਂ ਸੇਵਾ ਨਿਭਾ ਰਹੇ ਸਰਦਾਰ ਹਰਜੀਤ ਸਿੰਘ ਨੇ 'ਸਰਬੰਸ ਸਿੰਘ' ਨਾਮਕ ਪਹਿਲਾ ਪੰਜਾਬੀ ਸਮਝਣ ਅਤੇ ਲਿਖਣ ਵਾਲਾ ਮਨੁੱਖੀ ਰੋਬੋਟ ਤਿਆਰ ਕੀਤਾ ਹੈ। ਇਸ ਤੋਂ ਪਹਿਲਾ ਹਰਜੀਤ ਸਿੰਘ ਪੰਜਾਬੀ ਮਾਂ ਬੋਲੀ ਦੀ ਝੋਲੀ ਵਿੱਚ 'ਸਰਬੰਸ' ਪ੍ਰੋਗਰਾਮਿੰਗ ਭਾਸ਼ਾ ਅਤੇ 'ਸਰਬੰਸ ਕੌਰ' ਨਾਮਕ ਪਹਿਲਾ ਪੰਜਾਬੀ ਬੋਲਣ ਵਾਲਾ ਮਨੁੱਖੀ ਰੋਬੋਟ ਵੀ ਪਾ ਚੁੱਕੇ ਹਨ। 'ਸਰਬੰਸ ਸਿੰਘ' ਨੂੰ ਹਰਜੀਤ ਸਿੰਘ ਨੇ ਘਰੈਲੂ ਵਸਤਾਂ ਤੋਂ ਹੀ ਤਿਆਰ ਕੀਤਾ ਹੈ। ਇਸ ਵਿੱਚ 'ਸਰਬੰਸ ਕੌਰ' ਦੇ ਪੁਰਜਿਆਂ ਨੂੰ ਵੀ ਵਰਤੋਂ ਵਿੱਚ ਲਿਆਂਦਾ ਗਿਆ ਹੈ। ਸਾਧਨਾਂ ਅਤੇ ਵਿੱਤੀ ਸਹਾਇਤਾ ਦੀ ਕਮੀ ਹੀ ਹਰਜੀਤ ਸਿੰਘ ਦੇ ਕਾਰਜਾਂ ਅੱਗੇ ਅੜਿਕਾ ਡਾਹ ਰਹੀ ਹੈ। ਅਲਬੱਤਾ ਯੋਗਤਾਵਾਂ ਦੀ ਕੋਈ ਘਾਟ ਨਹੀਂ, ਲੋੜ ਹੈ ਤਾਂ ਸਿਰਫ਼ ਸੰਸਥਾਵਾਂ ਜਾਂ ਸਰਕਾਰ ਨੂੰ ਇਸ ਨੌਜਵਾਨ ਦੀ ਬਾਂਹ ਫੜਨ ਦੀ। ਅਕਸਰ ਸਾਡਾ ਬੁੱਧੀਜੀਵੀ ਵਰਗ ਇਹ ਤੌਖਲਾ ਪ੍ਰਗਟ ਕਰਦਾ ਹੈ ਕਿ ਪੰਜਾਬ ਵਿੱਚੋਂ ਬ੍ਰੇਨ ਡਰੇਨ ਹੋ ਰਿਹਾ ਹੈ, ਸੋ ਲੋੜ ਹੈ ਅਜਿਹੇ ਹੁਨਰਮੰਦ ਨੌਜਵਾਨਾਂ ਦੇ ਕਾਰਜਾਂ ਨੂੰ ਹੱਲਾਸ਼ੇਰੀ ਦੇ ਕੇ ਉਨ੍ਹਾਂ ਦੇ ਕਾਰਜਾਂ ਨੂੰ ਸਮਾਜ ਦੀ ਭਲਾਈ ਲਈ ਵਰਤਿਆ ਜਾਏ। ਅਜਿਹੇ ਪ੍ਰਤਿਭਾਸ਼ਾਲੀ ਨੌਜਵਾਨ ਹੋਰਨਾਂ ਦਾ ਵੀ ਰਾਹ ਦਸੇਰਾ ਬਣਨਗੇ।

'ਸਰਬੰਸ ਸਿੰਘ' ਦੀਆਂ ਵਿਸ਼ੇਸ਼ਤਾਵਾਂ:-


1. ਸਰਬੰਸ ਸਿੰਘ ਪਹਿਲਾ ਪੰਜਾਬੀ ਸਮਝਣ ਅਤੇ ਲਿਖ ਸਕਣ ਵਾਲਾ ਮਨੁੱਖੀ ਰੋਬੋਟ।
2. ਮੁੱਖ ਮਕਸਦ ਪੰਜਾਬੀ ਮਾਂ-ਬੋਲੀ ਦੀ ਸੇਵਾ, ਪ੍ਰਚਾਰ ਅਤੇ ਪਸਾਰ।
3. ਇਕ ਸੰਪੂਰਨ ਪੰਜਾਬੀ ਮਨੁੱਖੀ ਰੋਬੋਟ ਬਣਾਉਣ ਦੇ ਰਾਹ ਵਿਚ ਇਹ ਦੂਸਰਾ ਪੜਾਅ ਹੈ, ਸੰਪੂਰਨ ਮਨੁੱਖੀ ਰੋਬੋਟ ਕਾਰਜ ਅਧੀਨ ਹੈ।
4. ਸਾਧਨਾਂ ਦੀ ਕਮੀ ਨੂੰ ਪੂਰਾ ਕਰਨ ਲਈ 'ਸਰਬੰਸ ਸਿੰਘ' ਇਕ ਜ਼ਰੀਆ ਜਰੂਰ ਬਣ ਸਕਦਾ।
5. ਵਰਣਮਾਲਾ ਤੇ ਬਹੁਤਾਤ ਅੱਖਰ 'ਸਰਬੰਸ ਸਿੰਘ' ਲਿਖ ਸਕਦਾ ਹੈ ਪਰ ਘੁਮਾਓਦਾਰ ਜਾਂ ਜਿਨ੍ਹਾਂ ਅੱਖਰਾਂ ਦੇ ਵਿੱਚ ਹੱਥ ਚੁੱਕਣ ਦੀ ਲੋੜ ਹੈ ਉਨ੍ਹਾਂ ਵਿੱਚ ਕੁਝ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।
6. ਦੋ ਅੱਖਰਾਂ ਦੇ ਜੋੜ ਵਾਲੇ ਸ਼ਬਦ ਵੀ ਬਾਖ਼ੂਬੀ ਲਿਖ ਲੈਂਦਾ ਹੈ। ਤਿੰਨ ਅੱਖਰੀ ਜਾਂ ਇਸ ਤੋਂ ਵੱਧ ਜਿਵੇ ਵਾਕ ਲਿੱਖਣ ਉਪਰ ਅਜੇ ਕੰਮ ਜਾਰੀ ਹੈ, ਕੋਸ਼ਿਸ਼ ਹੈ ਕਿ ਬਹੁਤ ਜਲਦ ਅਜਿਹਾ ਕਰਨ ਵਿੱਚ ਕਾਮਯਾਬ ਹੋਵੇਗਾ।
7. ਸਿੱਖਿਆ ਦੇ ਖੇਤਰ ਵਿੱਚ ਸਮਾਰਟ ਕਲਾਸਾਂ ਵਿੱਚ ਆਪਣੀ ਮਹੱਤਵਪੂਰਣ ਭੂਮਿਕਾ ਨਿਭਾ ਸਕਦਾ ਹੈ।
8. ਲਿਖਣ ਲਈ ਸੱਜੇ ਹੱਥ ਦੀ ਵਰਤੋਂ ਕਰਦਾ ਹੈ।
9. ਹਾਲੇ ਇਸ ਰੋਬੋਟ ਦਾ ਲਕ ਤੋਂ ਉਪਰਲਾ ਹਿੱਸਾ ਹੀ ਤਿਆਰ ਕੀਤਾ ਗਿਆ ਹੈ, ਅਜਿਹਾ ਕਹਿ ਸਕਦੇ ਹਾਂ ਕਿ ਇਹ ਰੋਬੋਟ ਹਾਲੇ ਸ਼ੁਰੂਆਤੀ ਦੌਰ ਵਿੱਚ ਹੀ ਹੈ।
10. ਇਸ ਰੋਬੋਟ ਨੂੰ ਅਵਾਜ਼ ਹਰਜੀਤ ਸਿੰਘ ਨੇ ਖੁਦ ਦਿੱਤੀ ਹੈ।



ਇਸ ਰੋਬੋਟ ਉਪਰ 'ਸਰਬੰਸ ਕੌਰ' ਰੋਬੋਟ ਦੇ ਭਾਗ ਵਰਤਣ ਦੇ ਨਾਲ-ਨਾਲ ਤਕਰੀਬਨ ਇਕ ਲੱਖ ਦਾ ਖਰਚਾ ਆ ਚੁੱਕਿਆ ਹੈ। ਅਜੇ ਇਸ ਨੂੰ ਇੱਕ ਥਾਂ ਤੋਂ ਦੂਜੀ ਥਾਂ ਤੇ ਲੈ ਕੇ ਨਹੀਂ ਜਾਇਆ ਜਾ ਸਕਦਾ। ਜੇਕਰ ਇਸ ਰੋਬੋਟ ਨੂੰ ਦੁਨੀਆਂ ਦੇ ਬੇਹਤਰੀਨ ਰੋਬੋਟਸ ਦੀ ਕਤਾਰ ਵਿੱਚ ਖੜਾ ਕਰਨਾ ਹੈ ਤਾਂ ਇਸ ਦੇ ਲਈ ਵੱਡੇ ਵਿਤੀ ਸਹਾਇਤਾ ਦੀ ਲੋੜ ਹੈ ਕਿਉਂਕਿ ਇਹ ਕਿਸੇ ਇਕੱਲੇ ਇਨਸਾਨ ਦੇ ਵਸ ਦੀ ਗੱਲ ਨਹੀਂ। ਇਸ ਹੀ ਮੰਤਵ ਲਈ 'ਸਰਬੰਸ ਐਜੂਕੇਸ਼ਨ ਸੁਸਾਇਟੀ' ਨੂੰ ਇਸ ਸਾਲ ਰਜਿਸਟਰ ਕਰਵਾਇਆ ਗਿਆ ਹੈ ਤਾਂ ਜੋ ਡਿਜੀਟਲ ਯੁਗ ਵਿੱਚ ਪੰਜਾਬੀ ਮਾਂ ਬੋਲੀ ਦੀ ਸੇਵਾ ਵਿਚ ਹੋਰ ਉਪਰਾਲੇ ਕੀਤੇ ਜਾ ਸਕਣ, ਸੁਹਿਰਦ ਦਾਨੀ ਸੱਜਣ ਸੁਸਾਇਟੀ ਦੇ ਨਾਂ ਹੇਠ ਸਹਿਯੋਗ ਕਰ ਸਕਦੇ ਹਨ। ਇਹ ਆਸ ਕੀਤੀ ਜਾ ਸਕਦੀ ਹੈ ਕਿ 'ਸਰਬੰਸ ਕੌਰ' ਤੋਂ ਸ਼ੁਰੂ ਹੋਇਆ ਇਹ ਸਫ਼ਰ ਦੁਨੀਆਂ ਦੇ ਇਕ ਬਿਹਤਰੀਨ ਮਨੁੱਖੀ ਰੋਬੋਟ ਤੱਕ ਜਾਂ ਪਹੁੰਚੇਗਾ ਤੇ ਸਾਡਾ ਸਾਰੇ ਪੰਜਾਬ ਵਾਸੀਆਂ ਦਾ ਸਿਰ ਮਾਣ ਨਾਲ ਉੱਚਾ ਹੋਵੇਗਾ ਕਿ ਰੋਬੋਟਿਕਸ ਦੀ ਦੁਨੀਆਂ ਵਿੱਚ ਪੰਜਾਬੀ ਬੋਲੀ ਦਾ ਝੰਡਾਬਰਦਾਰ ਵੀ ਕੋਈ ਹੈ.... ਆਮੀਨ !!



# ਜਿਨ੍ਹਾਂ ਗੱਲਾਂ ਨੇ ਸ੍ਰੀਲੰਕਾ ਡੋਬਿਆ, ਉਹੀ ਪਾਕਿਸਤਾਨ ਨੂੰ ਡੋਬ ਦੇਣ ਤਾਂ ਹੈਰਾਨੀ ਨਹੀਂ ਹੋਵੇਗੀ



ਜਤਿੰਦਰ ਪੰਨੂ

ਪਿਛਲੇ ਅੱਧੀ ਕੁ ਦਰਜਨ ਸਾਲਾਂ ਤੋਂ ਅਸੀਂ ਆਪਣੇ ਗਵਾਂਢੀ ਦੇਸ਼ ਪਾਕਿਸਤਾਨ ਬਾਰੇ ਸੁਣਦੇ ਆਏ ਸਾਂ ਕਿ ਆਪਣੀ ਆਰਥਿਕਤਾ ਡੁੱਬਦੀ ਨੂੰ ਰੋਕ ਨਾ ਸਕਿਆ ਤਾਂ ਇਹ ਆਪਣੇ ਆਗੂਆਂ ਦੇ ਪਾਪੀ ਕਿਰਦਾਰ ਦੇ ਭਾਰ ਹੇਠ ਡੁੱਬਣ ਤੋਂ ਬਚ ਨਹੀਂ ਸਕੇਗਾ। ਇੱਕ ਵਾਰੀ ਇਸ ਵਿਸ਼ੇ ਉੱਤੇ ਇੱਕ ਆਰਥਿਕ ਮਾਹਰ ਨਾਲ ਸਾਡੀ ਗੱਲ ਹੋਈ ਤਾਂ ਉਸ ਨੇ ਭਰਵੇਂ ਭਰੋਸੇ ਨਾਲ ਕਿਹਾਸੀ ਕਿ ਏਡੀ ਛੇਤੀ ਇਹ ਨਹੀਂ ਡੁੱਬੇਗਾ, ਜਿੰਨਾ ਸਮਝਿਆ ਜਾ ਰਿਹਾ ਹੈ। ਅਸੀਂ ਪੁੱਛਿਆ ਸੀ ਕਿ ਏਨੇ ਭਰੋਸੇ ਨਾਲ ਉਹ ਇਹ ਗੱਲ ਕਿਸ ਆਧਾਰ ਉੱਤੇ ਕਹਿੰਦੇ ਹਨ ਤੇ ਉਨ੍ਹਾਂ ਨੇ ਮੋੜਵਾਂ ਸਾਨੂੰ ਪੁੱਛਿਆ ਸੀ ਕਿ ਪਿਛਲੇ ਦਹਾਕੇ ਵਿੱਚਜਿਹੜੀ ਮੰਦੀ ਸੰਸਾਰ ਵਿੱਚਆਈ ਸੀ, ਭਾਰਤ ਉੱਤੇ ਉਸ ਦਾ ਓਨਾ ਅਸਰ ਕਿਉਂ ਨਾ ਹੋਇਆ ਤੇ ਜਿੰਨੇ ਬੈਂਕ ਅਮਰੀਕਾ ਵਿੱਚ ਬੰਦ ਹੋ ਗਏ ਸਨ, ਭਾਰਤ ਵਿੱਚ ਓਨੇ ਬੰਦ ਕਿਉਂ ਨਹੀਂ ਸਨ ਹੋਏ? ਸਾਡੇ ਕੋਲ ਸਵਾਲ ਦਾ ਜਵਾਬ ਨਹੀਂ ਸੀ। ਉਸ ਨੇ ਖੁਦ ਦੱਸਿਆ ਸੀ ਕਿ ਇਸ ਦਾ ਕਾਰਨ ਭਾਰਤ ਦੀ ਦਿੱਸਦੀ ਤੋਂ ਵੱਧ ਅੰਡਰ-ਗਰਾਊਂਡ ਆਰਥਿਕਤਾ ਹੈ। ਅਮਰੀਕਾ ਦੀ ਆਰਥਿਕਤਾ ਵਿੱਚ ਕਿਸੇ ਡੁੱਬਦੇ ਗ੍ਰਾਹਕ ਤੋਂ ਬੈਂਕ ਨੇ ਵਸੂਲੀ ਕਰਨੀ ਹੋਵੇ ਤਾਂ ਮਾਰਕੀਟ ਰੇਟ ਦੇ ਮੁਤਾਬਕ ਕਰਜ਼ਾ ਦਿੱਤਾ ਹੋਣ ਕਾਰਨ ਓਨਾ ਕੁ ਵੀ ਮਸਾਂ ਉਗਰਾਹਿਆ ਜਾਂਦਾ ਹੈ, ਮਾਰਕੀਟ ਡਿੱਗਣ ਕਾਰਨਕਸਟਮਰ ਦੀ ਜਾਇਦਾਦ ਦਾ ਮੁੱਲ ਵੀ ਦੇਣਦਾਰੀ ਤੋਂ ਘੱਟ ਬਣਦਾ ਹੈ ਤਾਂ ਬੈਂਕ ਦੇ ਪੈਸੇ ਪੂਰੇ ਨਹੀਂ ਹੁੰਦੇ, ਪਰ ਭਾਰਤ ਵਿੱਚ ਕਾਗਜ਼ੀ ਰੇਟ ਵੇਖ ਕੇ ਕਰਜ਼ਾ ਦਿੱਤਾ ਜਾਂਦਾ ਹੈ ਤੇ ਮਾਰਕੀਟ ਰੇਟ ਵੱਧ ਹੋਣ ਕਰ ਕੇ ਘਾਟਾ ਕਦੇ ਨਹੀਂ ਪੈਂਦਾ। ਬੈਂਕ ਉਹ ਜਾਇਦਾਦ ਜ਼ਬਤ ਕਰ ਕੇ ਵੇਚ ਦੇਵੇ ਤਾਂ ਵੱਧ ਮਾਰਕੀਟ ਰੇਟਕਾਰਨ ਉਸ ਦੇ ਪੈਸੇ ਪੂਰੇ ਹੋਣ ਪਿੱਛੋਂ ਸਗੋਂ ਹੋਰ ਮੁਨਾਫਾ ਹੁੰਦਾ ਹੈ, ਜਿਹੜਾ ਅਮਰੀਕਾ ਦੇ ਬੈਂਕਾਂ ਨੂੰ ਨਹੀਂ ਹੋ ਸਕਦਾ। ਪਿਛਲੇ ਹਫਤੇ ਉਹੋ ਮਾਹਰ ਖੁਦ ਮਿਲਣ ਆਇਆ ਤੇ ਕਹਿਣ ਲੱਗਾ ਕਿ ਉਹ ਦਿਨ ਪਿੱਛੇ ਰਹਿ ਗਏ, ਸ੍ਰੀਲੰਕਾ ਨੇ ਦੁਨੀਆ ਨੂੰ ਵਿਖਾ ਦਿੱਤਾ ਹੈ ਕਿ ਪਾਕਿਸਤਾਨ ਵੀ ਆਪਣੇ ਪੈਰਾਂ ਤੋਂ ਉੱਖੜ ਸਕਦਾ ਹੈ ਤੇ ਭਵਿੱਖ ਵਿੱਚ ਏਦਾਂ ਦਾ ਝਟਕਾ ਕਿਸੇ ਵੀ ਉਸ ਦੇਸ਼ ਨੂੰ ਲੱਗ ਸਕਦਾ ਹੈ, ਜਿੱਥੇ ਲੀਡਰਸ਼ਿਪ ਸਿਰੇ ਦੀ ਕੁਰੱਪਟ ਹੁੰਦੀ ਹੈ।


ਜਦੋਂ ਪਿਛਲੇ ਸਾਲਾਂ ਵਿੱਚ ਪਾਕਿਸਤਾਨ ਦੀਆਂ ਗੱਲਾਂ ਚੱਲਿਆ ਕਰਦੀਆਂ ਸਨ ਕਿ ਉਹ ਵੀ ਅਫਗਾਨਿਸਤਾਨ ਵਾਲੇ ਰਾਹ ਪੈ ਸਕਦਾ ਹੈ, ਤਾਮਿਲਾਂ ਨਾਲ ਗ੍ਰਹਿ ਯੁੱਧ ਵਾਲੀ ਸਥਿਤੀ ਤੋਂ ਨਿਕਲ ਚੁੱਕੇ ਸ੍ਰੀਲੰਕਾ ਬਾਰੇ ਓਦੋਂ ਕਦੀ ਏਦਾਂ ਦੀ ਗੱਲ ਨਹੀਂ ਸੀ ਸੁਣੀ ਗਈ।ਭਾਵੇਂ ਇਹ ਕਿਹਾ ਜਾਂਦਾ ਸੀ ਕਿ ਆਰਥਿਕ ਪੱਖੋਂ ਸ੍ਰੀਲੰਕਾ ਦੀ ਹਾਲਤ ਖਰਾਬ ਹੋ ਰਹੀ ਹੈ, ਪਰ ਭੁੱਖ ਦੇ ਮਾਰੇ ਲੋਕ ਇੱਕ ਦਿਨ ਪ੍ਰਧਾਨ ਮੰਤਰੀ ਦਾ ਘਰ ਸਾੜਨ ਅਤੇ ਰਾਸ਼ਟਰਪਤੀ ਭਵਨ ਦੇ ਅੰਦਰ ਵੜ ਕੇ ਉਸ ਨੂੰ ਪਿਛਲੇ ਦਰਵਾਜ਼ਿਉਂ ਭੱਜਣ ਲਈ ਮਜਬੂਰ ਕਰ ਦੇਣਗੇ, ਇਹ ਕਿਸੇ ਨੇ ਨਹੀਂ ਸੀ ਕਿਹਾ। ਇਸ ਅਣਕਿਆਸੀ ਭਾਜੜ ਦਾ ਗਵਾਹ ਪਿਛਲਾ ਹਫਤਾ ਬਣਿਆ ਹੈ, ਜਿਸ ਵਿੱਚ ਆਮ ਲੋਕ ਬਾਜ਼ਾਰਾਂ ਵਿੱਚ ਫਿਰਦੇ ਅਤੇ ਲੀਡਰ ਲੁਕਣ ਦੇ ਅੱਡੇ ਭਾਲਦੇ ਨਜ਼ਰ ਆਏ ਸਨ। ਗੱਦੀ ਛੱਡ ਕੇ ਭੱਜਣ ਵਾਲਾ ਪ੍ਰਧਾਨ ਮੰਤਰੀ ਤੇ ਰਾਸ਼ਟਰਪਤੀ ਦੋਵੇਂ ਇੱਕੋ ਮਾਂ ਦੇ ਜਾਏ ਪੁੱਤਰ ਸਕੇ ਭਰਾ ਸਨ ਅਤੇ ਦੋਵਾਂ ਨੂੰ ਲੋਕ ਆਪਣੇ ਦੇਸ਼ ਦੀ ਆਰਥਿਕਤਾ ਨੂੰ ਲੱਗੀ ਸਿਉਂਕ ਸਮਝ ਕੇ ਇੱਕਦਮ ਘੇਰਨ ਨਿਕਲ ਪਏ ਸਨ। ਇਹ ਉਹੋ ਦੋਵੇਂ ਭਰਾ ਸਨ, ਜਿਨ੍ਹਾਂ ਨੂੰ ਪਿਛਲੇ ਪੰਦਰਾਂ-ਵੀਹ ਸਾਲਾਂ ਵਿੱਚ ਸੱਤਾ ਦੇ ਸਿਖਰ ਵੱਲ ਵਧਣ ਵੇਲੇ ਲੋਕਾਂ ਦੀ ਵੱਡੀ ਬੇਮਿਸਾਲ ਹਮਾਇਤ ਮਿਲਦੀ ਰਹੀ ਸੀ ਅਤੇ ਉਹ ਭੁੱਲ ਗਏ ਸਨ ਕਿ ਜਿਹੜੇ ਲੋਕ ਉਨ੍ਹਾਂ ਦੇ ਪਿੱਛੇ ਆ ਰਹੇ ਹਨ, ਕਿਸੇ ਦਿਨ ਇਹੋ ਲੋਕ ਉਨ੍ਹਾਂ ਦਾ ਪਿੱਛਾ ਕਰਨ ਵੀ ਤੁਰ ਸਕਦੇ ਹਨ। ਇੱਕੋ ਪਰਵਾਰ ਵਿੱਚੋਂ ਰਾਸ਼ਟਰਪਤੀ ਤੇ ਪ੍ਰਧਾਨ ਮੰਤਰੀ ਤੋਂ ਇਲਾਵਾ ਗਿਆਰਾਂ ਜਣੇ ਹੋਰ ਵੱਡੀਆਂ ਕੁਰਸੀਆਂ ਉੱਤੇ ਬੈਠ ਕੇ ਹਕੂਮਤ ਕਰਨ ਲੱਗੇ ਤਾਂ ਕੋਈ ਉਨ੍ਹਾਂ ਵੱਲ ਸਿਰ ਚੁੱਕ ਕੇ ਵੇਖਣ ਵਾਲਾ ਨਾ ਹੋਣ ਕਾਰਨ ਸਿਰੇ ਦਾ ਭ੍ਰਿਸ਼ਟਾਚਾਰ ਕਰਦਿਆਂ ਮੁਲਕ ਦੀ ਆਰਥਿਕਤਾ ਤੇ ਸੰਵਿਧਾਨ ਦੇ ਜੜ੍ਹੀਂ ਤੇਲ ਦੇਣ ਲੱਗ ਗਏ ਸਨ।




ਅੱਜ ਉਹ ਆਪਣੀ ਜਾਨ ਦੀ ਸਲਾਮਤੀ ਦੇ ਹੀਲੇ ਕਰਦੇ ਫਿਰਦੇ ਹਨ।

ਕੀ ਹੋ ਰਿਹਾ ਹੈ?ਖਾਨਦਾਨੀ ਰਾਜਨੀਤੀ ਦੀ ਪ੍ਰਤੀਕ ਬੀਬੀ ਬੇਨਜ਼ੀਰ ਭੁੱਟੋ ਜਦੋਂ ਪ੍ਰਧਾਨ ਮੰਤਰੀ ਬਣੀ ਤਾਂ ਬਿਨਾ ਕਿਸੇ ਸਰਕਾਰੀ ਅਹੁਦੇ ਤੋਂ ਉਸ ਦਾ ਪਤੀ ਆਸਿਫ ਅਲੀ ਜ਼ਰਦਾਰੀ ਹਰ ਫਾਈਲ ਨੂੰ ਖੁਦ ਵੇਖਣ ਲੱਗਾਅਤੇ ਕਮਿਸ਼ਨ ਖਰਾ ਕਰਨ ਲੱਗ ਪਿਆ ਸੀ। ਉਸ ਦੀ ਹਿੱਸਾ-ਪੱਤੀ ਦੇ ਰੇਟ ਮੁਤਾਬਕ ਉਸ ਦਾ ਨਾਂਅ ਲੋਕਾਂ ਨੇ 'ਮਿਸਟਰ ਟੈੱਨ ਪਰਸੈਂਟ' ਰੱਖ ਦਿੱਤਾ ਸੀ ਤੇ ਵਿਰੋਧੀ ਧਿਰ ਦੇ ਆਗੂ ਨਵਾਜ਼ ਸ਼ਰੀਫ ਹੁਰੀਂ ਉਸ ਨੂੰ ਭੰਡਦੇ ਹੁੰਦੇ ਸਨ, ਪਰ ਖੁਦ ਨਵਾਜ਼ ਸ਼ਰੀਫ ਪ੍ਰਧਾਨ ਮੰਤਰੀ ਬਣਿਆ ਤਾਂ ਇਹ ਖੇਡ ਰੁਕਣ ਦੀ ਥਾਂ ਹੋਰ ਅੱਗੇ ਵਧ ਗਈ। ਆਪਣੇ ਭਰਾ ਨੂੰ ਉਸ ਨੇ ਪੰਜਾਬ ਦਾ ਮੁੱਖ ਮੰਤਰੀ ਬਣਾ ਦਿੱਤਾ ਤੇ ਆਪਣੀ ਧੀ ਦੇ ਕਹਿਣ ਉੱਤੇ ਕਈ ਇਹੋ ਜਿਹੇ ਲੋਕ ਅੱਗੇ ਲਿਆਂਦੇ ਸਨ, ਜਿਨ੍ਹਾਂ ਦੇ ਭ੍ਰਿਸ਼ਟਾਚਾਰ ਦੇ ਵੱਡੇ ਕਿੱਸਿਆਂ ਨੇ ਖੁਦ ਨਵਾਜ਼ ਸ਼ਰੀਫ, ਉਸ ਦੇ ਮੁੱਖ ਮੰਤਰੀ ਬਣੇ ਭਰਾ ਸ਼ਾਹਬਾਜ਼ ਸ਼ਰੀਫ, ਧੀ ਤੇ ਜਵਾਈ ਤੱਕ ਨੂੰ ਜੇਲ੍ਹ ਦੀ ਸੈਰ ਕਰਵਾ ਦਿੱਤੀ ਸੀ। ਉਨ੍ਹਾਂ ਦੀ ਥਾਂ ਆਏ ਇਮਰਾਨ ਖਾਨ ਨੇ ਵੀ ਪਿਛਲਿਆਂ ਦੇ ਹਸ਼ਰ ਤੋਂ ਸਬਕ ਨਹੀਂ ਸੀ ਸਿੱਖਿਆ ਅਤੇ ਆਪਣੇ ਪਰਵਾਰ, ਖਾਸ ਕੇ ਆਪਣੀ ਮੌਜੂਦਾ ਚੌਥੀ ਬੀਵੀ ਬੁਸ਼ਰਾ ਵੱਲੋਂ ਕੀਤੇ ਜਾ ਰਹੇ ਭ੍ਰਿਸ਼ਟਾਚਾਰ ਦੀ ਸੜ੍ਹਿਆਂਦ ਕਾਰਨ ਗੱਦੀ ਛੱਡਣ ਨੂੰ ਮਜਬੂਰ ਹੋ ਗਿਆ। ਜਿਵੇਂ ਭ੍ਰਿਸ਼ਟਾਚਾਰ ਦੇ ਦੋਸ਼ਾਂ ਕਾਰਨ ਸ੍ਰੀਲੰਕਾ ਵਿੱਚ ਭੰਡਾਰਨਾਇਕੇ ਪਰਵਾਰ ਖੂੰਜੇ ਧੱਕਿਆ ਗਿਆ ਤੇ ਉਸ ਦੀ ਥਾਂ ਆਏ ਰਾਜਪਕਸ਼ੇ ਪਰਵਾਰ ਦੇ ਦੋ ਭਰਾਵਾਂ ਨੇ ਪ੍ਰਧਾਨ ਮੰਤਰੀ ਤੇ ਰਾਸ਼ਟਰਪਤੀ ਬਣ ਕੇ ਮੁਲਕ ਡੋਬਿਆ ਸੀ, ਓਸੇ ਤਰ੍ਹਾਂ ਇਮਰਾਨ ਖਾਨ ਨੂੰ ਹਟਾ ਦੇਣ ਪਿੱਛੋਂ ਫਿਰ ਭ੍ਰਿਸ਼ਟਾਚਾਰ ਦਾ ਦਾਗੀ ਸ਼ਰੀਫ ਪਰਵਾਰ ਦੇਸ਼ ਦੀ ਵਾਗ ਸੰਭਾਲ ਬੈਠਾ ਹੈ। ਪਰਵਾਰ ਦਾ ਮੁਖੀ ਖੁਦ ਅਦਾਲਤੀ ਫੈਸਲੇ ਨਾਲ ਹੋਈ ਭ੍ਰਿਸ਼ਟਾਚਾਰ ਦੀ ਸਜ਼ਾ ਭੁਗਤਣ ਲਈ ਜੇਲ੍ਹ ਵਿੱਚ ਭੇਜੇ ਜਾਣ ਤੋਂ ਬਚਣ ਲਈ ਬ੍ਰਿਟੇਨ ਤੋਂ ਆਪਣੇ ਦੇਸ਼ ਮੁੜਨ ਨੂੰ ਤਿਆਰ ਨਹੀਂ ਹੋ ਰਿਹਾ, ਪ੍ਰਧਾਨ ਮੰਤਰੀ ਬਣਿਆਦੂਸਰਾ ਭਰਾ ਸ਼ਾਹਬਾਜ਼ ਸ਼ਰੀਫ ਤੇ ਉਸ ਦਾ ਪੁੱਤਰ ਮਨੀ ਲਾਂਡਰਿੰਗ ਸਣੇ ਭ੍ਰਿਸ਼ਟਾਚਾਰ ਦੇ ਕਈ ਕੇਸਾਂ ਵਾਸਤੇ ਅਦਾਲਤੀ ਪੇਸ਼ੀਆਂ ਭੁਗਤਦੇ ਫਿਰਦੇ ਹਨ। ਬੀਤੇ ਹਫਤੇ ਫਿਰ ਹੋਈ ਇੱਕ ਪੇਸ਼ੀ ਮੌਕੇ ਅਦਾਲਤ ਨੂੰ ਦੱਸਿਆ ਗਿਆ ਕਿ ਦੇਸ਼ ਦੇ ਮੌਜੂਦਾ ਮੁਖੀ ਸ਼ਾਹਬਾਜ਼ ਸ਼ਰੀਫ ਦਾ ਪੁੱਤਰ ਆਪਣਾ ਦੇਸ਼ ਛੱਡ ਕੇ ਦੌੜ ਗਿਆ ਹੈ ਤਾਂ ਅਦਾਲਤ ਨੇ ਪ੍ਰਧਾਨ ਮੰਤਰੀ ਦੇ ਪੁੱਤਰ ਨੂੰ ਭਗੌੜਾ ਕਰਾਰ ਦੇ ਦਿੱਤਾ ਹੈ। ਜਦੋਂ ਦੱਸਿਆ ਕਿ ਪ੍ਰਧਾਨ ਮੰਤਰੀ ਨੇ ਖੁਦ ਪੇਸ਼ੀ ਤੋਂ ਛੋਟ ਮੰਗੀ ਹੈ ਤਾਂ ਅਦਾਲਤ ਨੇ ਕਿਹਾ ਕਿ ਇਸ ਵਾਰ ਇਹ ਛੋਟ ਦਿੱਤੀ ਜਾ ਸਕਦੀ ਹੈ, ਅਗਲੀ ਵਾਰੀ ਆਉਣਾ ਪਵੇਗਾ, ਨਾ ਆਇਆ ਤਾਂ ਉਸ ਦੇ ਖਿਲਾਫ ਵੀ ਕਾਰਵਾਈ ਕੀਤੀ ਜਾ ਸਕਦੀ ਹੈ। ਜਿਸ ਦੇਸ਼ ਦੇ ਸਿਆਸੀ ਮੁਖੀ ਨੂੰ ਅਦਾਲਤ ਵਿੱਚ ਜਾਣ ਤੋਂ ਡਰ ਲੱਗਦਾ ਪਿਆ ਹੈ, ਉਹ ਦੇਸ਼ ਭਲਾ ਕਿੰਨਾ ਕੁ ਚਿਰ ਚਲਾ ਸਕੇਗਾ! ਸਭ ਨੂੰ ਪਤਾ ਹੈ ਕਿ ਕਰਜ਼ਾ ਵਧਦਾ ਜਾਣ ਕਰ ਕੇ ਕੁਝ ਮਹੀਨੇ ਪਹਿਲਾਂ ਜਦੋਂ ਸ੍ਰੀਲੰਕਾ ਕੋਲ ਸੰਸਾਰ ਬਾਜ਼ਾਰ ਤੋਂ ਤੇਲ ਖਰੀਦਣ ਲਈ ਪੈਸੇ ਮੁੱਕ ਗਏ ਤਾਂ ਭਾਰਤ ਨੇ ਕੁਝ ਤੇਲ ਅਤੇ ਕੁਝ ਖਾਣ ਜੋਗਾ ਅਨਾਜ ਭੇਜਣ ਦੇ ਨਾਲ ਕੁਝ ਨਕਦੀ ਵੱਲੋਂ ਵੀ ਮਦਦ ਕੀਤੀ ਸੀ, ਪਰ ਬਾਹਰੀ ਮਦਦ ਕਿਸੇ ਦੇਸ਼ ਨੂੰ ਬਹੁਤਾ ਚਿਰ ਖੜਾ ਨਹੀਂ ਰੱਖ ਸਕਦੀ। ਪਾਕਿਸਤਾਨ ਦੇ ਹਾਕਮਾਂ ਨੇ ਪਿਛਲੇ ਪੰਝੱਤਰ ਸਾਲਾਂ ਵਿੱਚ ਇਹੋ ਕੁਝ ਕੀਤਾ ਹੈ ਕਿ ਆਪਣੀ ਆਰਥਿਕਤਾ ਪੈਰਾਂ ਸਿਰ ਕਰਨ ਦੀ ਥਾਂ ਸੰਸਾਰ ਭਰ ਦੇ ਦਾਨ-ਦਾਤਿਆਂ ਕੋਲੋਂ ਮੰਗ ਕੇ ਬੁੱਤਾ ਸਾਰਨ ਦੇ ਨਾਂਅ ਉੱਤੇ ਆਪਣੀਆਂ ਤਿਜੌਰੀਆਂ ਭਰਦੇ ਰਹੇ ਸਨ ਤੇ ਅੰਤ ਉਹ ਆਪਣੇ ਦੇਸ਼ ਨੂੰ ਉਸ ਹਾਲਤ ਵਿੱਚ ਲੈ ਗਏ ਹਨ ਕਿ ਕੋਈ ਕਾਣੀ ਕੌਡੀ ਦੇਣ ਨੂੰ ਤਿਆਰ ਨਹੀਂ। ਪਾਕਿਸਤਾਨੀ ਹਾਕਮਾਂ ਨੂੰ ਇਹ ਗਰੂਰ ਤਾਂ ਸੀ ਕਿ ਉਹ ਐਟਮ ਬੰਬ ਬਣਾ ਕੇ ਭਾਰਤ ਦੇ ਬਰਾਬਰ ਦੀ ਐਟਮੀ ਤਾਕਤ ਹੋਣ ਦਾ ਦਾਅਵਾ ਕਰਨ ਜੋਗੇ ਹੋ ਸਕਦੇ ਹਨ, ਪਰ ਆਪਣੇ ਦੇਸ਼ ਦੇ ਥਰਮਲ ਪਲਾਂਟ ਚਲਾਉਣ ਲਈ ਕੋਲਾ ਉਨ੍ਹਾਂ ਨੂੰ ਗਰੀਬੀ ਦੇ ਭੰਨੇ ਹੋਏ ਗਵਾਂਢੀ ਦੇਸ਼ ਅਫਗਾਨਿਸਤਾਨ ਤੋਂ ਉਧਾਰ ਲੈਣਾ ਪਿਆ ਹੈ, ਕਿਉਂਕਿ ਬਾਕੀ ਦੇਸ਼ਾਂ ਦੇ ਪਿਛਲੇ ਪੈਸੇ ਨਹੀਂ ਦਿੱਤੇ ਗਏ। ਸ੍ਰੀਲੰਕਾ ਵਿੱਚ ਜਦੋਂ ਆਮ ਲੋਕਾਂ ਨੂੰ ਚੁੱਲ੍ਹਾ ਬਾਲਣ ਲਈ ਗੈਸ ਤੇ ਸਕੂਟਰ-ਕਾਰ ਚਲਾਉਣ ਲਈ ਤੇਲ ਨਾ ਮਿਲਿਆ, ਦੁਨੀਆ ਭਰ ਵਿੱਚੋਂ ਆਉਣ ਵਾਲੀਆਂ ਚੀਜ਼ਾਂ ਲਈ ਸਰਕਾਰ ਵਿਦੇਸ਼ ਕਰੰਸੀ ਤੋਂ ਖਾਲੀ ਹੋ ਗਈ ਤਾਂ ਲੋਕਾਂ ਨੇ ਹਾਕਮਾਂ ਦੇ ਮਹਿਲ ਘੇਰਨ ਵੱਲ ਮੂੰਹ ਕਰ ਲਿਆ ਸੀ। ਨਤੀਜਾ ਸਭ ਦੇ ਸਾਹਮਣੇ ਹੈ ਤੇ ਸੰਸਾਰ ਭਰ ਵਿੱਚ ਚਰਚੇ ਹੋ ਰਹੇ ਹਨ ਕਿ ਜਿਹੜੀ ਹਾਲਤ ਪਿਛਲੇ ਹਫਤੇ ਸ੍ਰੀਲੰਕਾ ਵਿੱਚ ਵੇਖਣ ਨੂੰ ਮਿਲੀ ਹੈ, ਉਹ ਕਿਸੇ ਵਕਤ ਪਾਕਿਸਤਾਨ ਵਿੱਚ ਨਜ਼ਰ ਆ ਸਕਦੀ ਹੈ। ਉਸ ਦੇ ਹਾਕਮ ਅਜੇ ਵੀ ਆਪਣੇ ਦੇਸ਼ ਦੇ ਲੋਕਾਂ ਬਾਰੇ ਸੋਚਣ ਦੀ ਥਾਂ ਕੋੜਮੇ ਦੀਆਂ ਕੋਠੀਆਂ ਭਰਨ ਦੇ ਕੰਮ ਲੱਗੇ ਹੋਏ ਹਨ।

# ਬੱਚੇ ਹੁਣ ਬੱਚੇ ਨਹੀਂ ਰਹੇ



-ਵਿਜੈ ਗਰਗ-

(ਮੋਬਾਈਲ ਅਤੇ ਕੰਪਿਊਟਰ ਦੀ ਸਕਰੀਨ ਬਹੁਤ ਬਦਲ ਗਈ ਹੈ )

ਬੱਚਿਆਂ ਦੀਆਂ ਗਰਮੀਆਂ ਦੀਆਂ ਛੁੱਟੀਆਂ ਖਤਮ ਹੋ ਗਈਆਂ ਹਨ। ਅੱਜਕੱਲ੍ਹ ਉਹ ਸਕੂਲ ਵਾਪਸ ਆ ਗਏ ਹਨ, ਹਾਲਾਂਕਿ ਜ਼ਿਆਦਾਤਰ ਛੁੱਟੀਆਂ ਦੇ ਆਖ਼ਰੀ ਦਿਨ ਸਕੂਲ ਬਾਰੇ ਸੋਚ ਕੇ ਥੋੜੇ ਤਣਾਅ ਵਿੱਚ ਹਨ। ਕੁਝ ਹੀ ਦਿਨਾਂ ਵਿਚ ਉਸ ਦੀ ਜ਼ਿੰਦਗੀ ਫਿਰ ਸਿਸਟਮ ਦੇ ਘੇਰੇ ਵਿਚ ਕੈਦ ਹੋ ਜਾਣੀ ਹੈ, ਜਿਸ ਦਾ ਆਤੰਕ ਉਸ ਦੇ ਮਾਸੂਮ ਮਨ ਵਿਚ ਬਣਿਆ ਰਹਿੰਦਾ ਹੈ। ਦੁਬਾਰਾ ਉਹੀ ਹੋਮਵਰਕ, ਉਹੀ ਹਫਤਾਵਾਰੀ ਪ੍ਰੀਖਿਆਵਾਂ, ਉਹੀ ਕਾਹਲੀ। ਸਕੂਲ ਉਨ੍ਹਾਂ ਵਿੱਚ ਡਰ ਪੈਦਾ ਕਰਨ ਲੱਗਾ ਹੈ। ਬੱਚੇ ਮੁੜ ਉਹੀ ਬਹਾਨੇ ਬਣਾਉਣ ਲੱਗ ਜਾਣਗੇ, ਕਦੇ ਸਿਰਦਰਦ, ਕਈ ਵਾਰ ਪੇਟ ਵਿੱਚ ਦਰਦ। ਅਸਲ ਵਿੱਚ ਸਾਡਾ ਸਕੂਲ ਸਿਸਟਮ ਹੀ ਅਜਿਹਾ ਹੋ ਗਿਆ ਹੈ ਕਿ ਉੱਥੇ ਬੱਚੇ ਖੁਸ਼ੀ ਅਤੇ ਉਤਸ਼ਾਹ ਨਾਲ ਘੱਟ ਹੀ ਪੜ੍ਹਦੇ ਹਨ। ਸਾਡੀ ਸਿੱਖਿਆ ਪ੍ਰਣਾਲੀ ਦੀਆਂ ਕਮੀਆਂ ਅਤੇ ਢਿੱਲ-ਮੱਠ, ਖਾਸ ਕਰਕੇ ਬੱਚਿਆਂ ਅਤੇ ਬਚਪਨ ਲਈ ਸਵਾਲ ਉਠਾਏ ਗਏ ਹਨ। ਪਰ ਇਸ ਨੂੰ ਸੁਧਾਰਨ ਦੀਆਂ ਸਾਰੀਆਂ ਕੋਸ਼ਿਸ਼ਾਂ ਅਸਫਲ ਸਾਬਤ ਹੋਈਆਂ ਹਨ। ਅਕਸਰ ਦੇਖਿਆ ਜਾਂਦਾ ਹੈ ਕਿ ਬੱਚੇ ਜੋ ਪੜ੍ਹਦੇ ਹਨ ਉਸ ਦੇ ਅਰਥ ਨਹੀਂ ਜਾਣਦੇ ਅਤੇ ਨਾ ਹੀ ਉਨ੍ਹਾਂ ਨੂੰ ਦੱਸਿਆ ਜਾਂਦਾ ਹੈ। ਇਸ ਤਰ੍ਹਾਂ ਦੀਆਂ ਬਹੁਤ ਸਾਰੀਆਂ ਚੀਜ਼ਾਂ ਇਹ ਨਹੀਂ ਹੋ ਸਕਦਾ। ਅੱਜ ਵੀ ਬਹੁਤ ਸਾਰੇ ਬੱਚਿਆਂ ਨੂੰ ਇਸ ਸਵਾਲ ਦਾ ਕੋਈ ਤਸੱਲੀਬਖਸ਼ ਜਵਾਬ ਨਹੀਂ ਦਿੱਤਾ ਜਾਂਦਾ ਕਿ ਪੜ੍ਹਨਾ ਕਿਉਂ ਜ਼ਰੂਰੀ ਹੈ। ਉਨ੍ਹਾਂ ਨੂੰ ਸਮਝਾਇਆ ਜਾਂਦਾ ਹੈ ਕਿ ਪੜ੍ਹ ਲਿਖੋ ਨਹੀਂ ਤਾਂ ਚੰਗੀ ਨੌਕਰੀ ਨਹੀਂ ਮਿਲੇਗੀ, ਚੰਗੀ ਨੌਕਰੀ ਨਹੀਂ ਮਿਲੇਗੀ ਤਾਂ ਜ਼ਿੰਦਗੀ ਸੁਖੀ ਨਹੀਂ ਰਹੇਗੀ। ਇਸ ਤਰ੍ਹਾਂ ਉਹ ਪੜ੍ਹਨ ਨੂੰ ਇੱਕ ਕੰਮ (ਜੋ ਉਨ੍ਹਾਂ ਨਾਲ ਸਜ਼ਾ ਵਜੋਂ ਕੀਤਾ ਜਾ ਰਿਹਾ ਹੈ) ਨੂੰ ਖਤਮ ਕਰਕੇ ਆਰਾਮ ਮਹਿਸੂਸ ਕਰਦੇ ਹਨ। ਮਜ਼ੇਦਾਰ ਗੱਲ ਇਹ ਹੈ ਕਿ ਅੱਜ-ਕੱਲ੍ਹ ਬੱਚਿਆਂ ਨੂੰ ਖਾਣਾ ਖਾਣ ਦੀ ਲੋੜ ਦਾ ਕਾਰਨ ਸਮਝਾਉਣਾ ਪੈਂਦਾ ਹੈ, ਨਹੀਂ ਤਾਂ ਉਨ੍ਹਾਂ ਨੂੰ ਖਾਣੇ ਵਿਚ ਦਿਲਚਸਪੀ ਵੀ ਨਹੀਂ ਹੁੰਦੀ। ਇਹ ਚੰਗੀ ਗੱਲ ਹੈ ਤਰਕ ਵਧ ਰਿਹਾ ਹੈ, ਪਰ ਇਹ ਸਮਝ ਵਿੱਚ ਕਮੀ ਨੂੰ ਵੀ ਦਰਸਾਉਂਦਾ ਹੈ। ਦੂਜੇ ਪਾਸੇ ਅਸੀਂ ਦੇਖਦੇ ਹਾਂ ਕਿ ਬੱਚੇ ਟੀਵੀ ਦੇ ਪਿੱਛੇ ਪਏ ਹੋਏ ਹਨ। ਸੀਨ ਦੀ ਡਿਮਾਂਡ ਇੰਨੀ ਵਧ ਗਈ ਹੈ ਕਿ ਟੀਵੀ ਹੀ ਨਹੀਂ ਸਗੋਂ ਮੋਬਾਈਲ 'ਚ ਵੀ ਵੀਡੀਓ ਦਿਖਾਉਂਦੇ ਹਨ, ਘੰਟਿਆਂਬੱਧੀ ਲਗਾਤਾਰ ਦੇਖਣ ਤੋਂ ਬਾਅਦ ਵੀ ਉਨ੍ਹਾਂ ਦੇ ਦਿਮਾਗ 'ਚ ਇਹ ਸਵਾਲ ਨਹੀਂ ਆਉਂਦਾ ਕਿ ਇਹ ਦੇਖਣ ਦੀ ਕੀ ਲੋੜ ਹੈ? ਕਿਉਂਕਿ ਗਤੀ ਦਾ ਆਪਣਾ ਹੀ ਆਨੰਦ ਹੈ। ਬਚਪਨ ਨੂੰ ਜਿਸ ਰਫ਼ਤਾਰ ਦੀ ਲੋੜ ਹੁੰਦੀ ਹੈ, ਜਿਸ ਤਰ੍ਹਾਂ ਦੀ ਉਤਸੁਕਤਾ, ਜਿਸ ਤਰ੍ਹਾਂ ਦਾ ਡਰ, ਜਿਸ ਤਰ੍ਹਾਂ ਦੀਆਂ ਕਲਪਨਾਵਾਂ, ਕਹਾਣੀਆਂ ਦੀ ਲੋੜ ਹੁੰਦੀ ਹੈ, ਤਕਨਾਲੋਜੀ ਉਨ੍ਹਾਂ ਨੂੰ ਉਹ ਸਭ ਕੁਝ ਪ੍ਰਦਾਨ ਕਰ ਰਹੀ ਹੈ। ਖੇਡ ਦਾ ਮੈਦਾਨ ਅਤੇ ਪਰੀ ਕਹਾਣੀ ਆਂਨਾ ਹੀ ਹੁਣ ਤੱਕ ਆਈ ਹੈ ਅਤੇ ਪਰਦੇ ਨੇ ਆਪਣਾ ਕੰਮ ਬਾਖ਼ੂਬੀ ਕੀਤਾ ਹੈ। ਇਸ ਦੇ ਨਤੀਜੇ ਕੀ ਹੋਣਗੇ, ਇਹ ਵੱਖਰੀ ਬਹਿਸ ਦਾ ਵਿਸ਼ਾ ਹੈ। ਪੰਦਰਾਂ ਸਾਲ ਤੱਕ ਦੇ ਬੱਚੇ ਵੀ ਆਮ ਤੌਰ 'ਤੇ ਆਪਣੇ ਸਿਲੇਬਸ ਤੋਂ ਬਾਹਰ ਕਿਸੇ ਕਿਸਮ ਦੀ ਕਿਤਾਬ ਪੜ੍ਹਨ ਵਿਚ ਦਿਲਚਸਪੀ ਨਹੀਂ ਰੱਖਦੇ। ਆਡੀਓ ਦਾ ਦੌਰ ਖਤਮ ਹੋ ਗਿਆ ਹੈ। ਬੱਚੇ ਹੁਣ ਕਹਾਣੀਆਂ ਦੇਖਣ ਵਿਚ ਦਿਲਚਸਪੀ ਨਹੀਂ ਲੈਂਦੇ, ਪੜ੍ਹਨ ਵਿਚ ਨਹੀਂ। ਉਹ ਆਪਣੇ ਆਪ ਨੂੰ ਕਲਪਨਾ ਕਰਨ ਦੀ ਖੇਚਲ ਨਹੀਂ ਕਰਨਾ ਚਾਹੁੰਦੇ, ਉਹ ਵਹਾਅ ਦੇ ਨਾਲ ਜਾਣਾ ਚਾਹੁੰਦੇ ਹਨ। ਕਹਾਣੀਆਂ ਸੁਣਨ ਲਈ ਜਿੰਨਾ ਸਬਰ ਕਰਨਾ ਪੈਂਦਾ ਹੈ, ਅੱਗੇ ਕੀ ਹੋਵੇਗਾ ਇਸ ਦੀ ਉਤਸੁਕਤਾ, ਜੋ ਕਹਾਣੀ ਨੂੰ ਕਹਾਣੀ ਬਣਾਉਂਦੀ ਹੈ, ਸ਼ਾਇਦ ਹਰ ਥਾਂ ਹੈ।ਦੁਰਲੱਭ ਹੋ ਰਿਹਾ ਹੈ. ਮੋਬਾਈਲ ਅਤੇ ਕੰਪਿਊਟਰ ਦੀਆਂ ਸਕਰੀਨਾਂ ਬਹੁਤ ਬਦਲ ਗਈਆਂ ਹਨ। ਇੰਨਾ ਤਾਂ ਜੋ ਅਸਲ ਵਿੱਚ ਉਹੀ ਗੱਲ ਵਾਪਰਦੀ ਹੈ, ਉਸ ਦਾ ਬਹੁਤ ਘੱਟ ਜਾਂ ਕੋਈ ਅਸਰ ਨਹੀਂ ਹੁੰਦਾ, ਪਰ ਜਦੋਂ ਉਹੀ ਗੱਲ ਇਸ਼ਤਿਹਾਰਾਂ ਜਾਂ ਵੀਡੀਓਜ਼ ਰਾਹੀਂ ਬੱਚਿਆਂ ਤੱਕ ਪਹੁੰਚ ਜਾਂਦੀ ਹੈ ਤਾਂ ਨਿੱਕੇ-ਨਿੱਕੇ ਬੱਚੇ ਵੀ ਦੋਸਤਾਂ-ਮਿੱਤਰਾਂ ਵਿੱਚ ਚੀਕ-ਚਿਹਾੜਾ ਲੈਂਦੇ ਨਜ਼ਰ ਆਉਂਦੇ ਹਨ। ਵਿਅਕਤੀ ਤੋਂ ਵਸਤੂ ਵਿਚ ਭਾਵਨਾਵਾਂ ਦਾ ਤਬਾਦਲਾ ਹੁਣ ਆਸਾਨੀ ਨਾਲ ਸਵੀਕਾਰ ਕੀਤਾ ਜਾਂਦਾ ਹੈ, ਪਰ ਬੱਚਿਆਂ ਨੂੰ ਰੱਬ ਦਾ ਰੂਪ ਸਮਝ ਕੇ ਸ਼ੁੱਧ ਸੁਭਾਅ ਮੰਨਿਆ ਜਾਂਦਾ ਹੈ। ਤਾਂ ਫਿਰ ਇੰਨੀ ਤੇਜ਼ ਤਬਦੀਲੀ ਕਿਉਂ?ਇਹ ਭਵਿੱਖ ਦਾ ਸਵਾਲ ਹੈ। ਸਵਾਲ ਇਹ ਹੈ ਕਿ ਜਿਸ ਤਕਨੀਕ ਨੇ ਬੱਚਿਆਂ ਨੂੰ ਆਪਣਾ ਬਣਾ ਲਿਆ ਹੈ, ਕੀ ਉਸ ਨੂੰ ਜੀਵਨ ਦੇ ਹੋਰ ਖੇਤਰਾਂ ਜਿਵੇਂ ਕਿ ਸਿੱਖਿਆ, ਵਿਹਾਰ ਆਦਿ ਵਿੱਚ ਲਾਗੂ ਕਰਕੇ ਕੋਈ ਸਾਰਥਕ ਨਤੀਜੇ ਪ੍ਰਾਪਤ ਕੀਤੇ ਜਾ ਸਕਦੇ ਹਨ? ਜਿਸ ਹੱਦ ਤੱਕ ਅਤੇ ਜਿੰਨੀ ਤੇਜ਼ੀ ਨਾਲ ਤਕਨੀਕੀ ਕਾਲਪਨਿਕ ਪੇਸ਼ਕਾਰੀ ਹਰ ਉਮਰ ਵਰਗ ਨੂੰ ਆਕਰਸ਼ਿਤ ਕਰਨ ਦੇ ਯੋਗ ਹੋਈ ਹੈ, ਕੀ ਇਸ ਵਿੱਚ ਜੜ੍ਹਾਂ ਵਾਲੇ ਸਿੱਖਿਆ ਪ੍ਰਣਾਲੀ ਨੂੰ ਗਤੀਸ਼ੀਲ ਬਣਾਉਣ ਅਤੇ ਇਸ ਨੂੰ ਬਚਪਨ ਨਾਲ ਇੱਕ ਗੈਰ-ਦਖਲਅੰਦਾਜ਼ੀ ਅਤੇ ਸਵੈ-ਸਹਿਤ ਰਿਸ਼ਤਾ ਬਣਾਉਣ ਦੀ ਕੋਈ ਸੰਭਾਵਨਾ ਹੈ? ਇਹ ਨਾ ਸਿਰਫ ਸੋਚਿਆ ਜਾਣਾ ਚਾਹੀਦਾ ਹੈ, ਪਰ ਇਹ ਵੀ ਲੋੜ ਹੈ. ਅਤੇ ਇਹ ਯਤਨ ਸਿਰਫ਼ ਸਰਕਾਰੀ ਜਾਂ ਪ੍ਰਸ਼ਾਸਨਿਕ ਹੀ ਨਹੀਂ, ਸਗੋਂ ਨਿੱਜੀ ਵੀ ਹੋਣਾ ਚਾਹੀਦਾ ਹੈ, ਤਾਂ ਜੋ ਹਰ ਕੋਈ ਆਪਣੇ ਬੱਚੇ ਦੀ ਨਿੱਜੀ ਪਸੰਦ ਅਤੇ ਲੋੜਾਂ ਦਾ ਧਿਆਨ ਰੱਖੇ। ਜੇਕਰ ਇਹ ਸੰਭਵ ਹੋ ਗਿਆ ਤਾਂ ਸਿੱਖਿਆ ਜੀਵਨ ਦਾ ਆਸਾਨ ਹਿੱਸਾ ਬਣ ਸਕੇਗੀ, ਉੱਪਰੋਂ ਥੋਪਿਆ ਹੋਇਆ ਕੁਝ ਨਹੀਂ। ਘੱਟ ਮਿਹਨਤ ਅਤੇ ਘੱਟ ਤਣਾਅ ਨਾਲ, ਅਸੀਂ ਅਗਲੀ ਪੀੜ੍ਹੀ ਨਾਲ ਇੱਕ ਸਿੱਧਾ ਅਤੇ ਮਜ਼ਬੂਤ ਪੁਲ ਵੀ ਬਣਾਉਣ ਦੇ ਯੋਗ ਹੋਵਾਂਗੇ।

## -ਹਲਕਾ-ਫੁਲਕਾ-

ਦੋਸਤ (ਪੱਪੂ ਨੂੰ),''ਯਾਰ! ਮੈਂ ਆਪਣੀ ਵਾਈਫ਼ ਨੂੰ 12ਵੀਂ ਕਰਵਾਈ, ਫਿਰ ਬੀ ਏ, ਫਿਰ ਐਮ ਏ ਅਤੇ ਫਿਰ ਸਰਕਾਰੀ ਜੌਬ ਲਗਵਾ ਦਿੱਤੀ, ਅੱਗੋਂ ਹੋਰ ਕੀ ਕਰਾਂ?''

ਪੱਪੂ,''ਚੰਗਾ ਜਿਹਾ ਲੜਕਾ ਦੇਖ ਕੇ ਉਸਦਾ ਵਿਆਹ ਵੀ ਕਰਵਾ ਦੇ।''

********

ਪਾਪਾ (ਗੁੱਸੇ ਵਿੱਚ ਬੇਟੇ ਨੂੰ),''ਨਾਲਾਇਕਾ, ਤੂੰ ਆਪਣੀ ਮਾਂ ਨਾਲ ਉਚੀ ਆਵਾਜ਼ ਵਿੱਚ ਗੱਲ ਕਿਉਂ ਕੀਤੀ?''

ਬੇਟਾ,''ਪਾਪਾ! ਤੁਸੀਂ ਆਪ ਹੀ ਤਾਂ ਕਿਹਾ ਸੀ ਕਿ ਬੇਟਾ ਉਹ ਕੰਮ ਕਰਕੇ ਦਿਖਾਈਂ, ਜੋ ਮੈਂ ਨਹੀਂ ਕਰ ਸਕਿਆ।''

********

ਮਾਲਕਣ ਰੋ ਰਹੀ ਸੀ ਤਾਂ ਨੌਕਰਾਣੀ ਨੇ ਪੁੱਛਿਆ, ਕੀ ਹੋਇਆ ਮਾਲਕਣ?

ਮਾਲਕਣ: ਮੈਨੂੰ ਸ਼ੱਕ ਹੈ ਕਿ ਤੇਰੇ ਮਾਲਿਕ ਦਾ ਦਫ਼ਤਰ ਵਿੱਚ ਕਿਸੇ ਹੋਰ ਕੁੜੀ ਨਾਲ ਚੱਕਰ ਚੱਲ ਰਿਹਾ ਹੈ।

ਨੌਕਰਾਣੀ: ਨਹੀਂ ਮਾਲਕਣ, ਅਜਿਹਾ ਨਾ ਸੋਚੋ, ਮਾਲਿਕ ਮੈਨੂੰ ਧੋਖਾ ਨਹੀਂ ਦੇ ਸਕਦੇ।

# ਰੌਣਕ ਵਿੱਚ ਹੋ ਕੇ ਵੀ ਇਕੱਲਾ, ਬਾਪ ਗਿਆਨ ਸਿੰਘ ਦਾ 'ਪੁੱਤ' ਪਿੱਪਲ

-ਅਰਸ਼ ਸਿੱਧੂ-
ਅਲਫੂ ਕੇ, ਫਿਰੋਜ਼ਪੁਰ



ਸੁਖਨਾ ਝੀਲ ਤੇ ਜਾਣ ਵਾਲੇ ਇਸ ਪਿੱਪਲ ਨੂੰ ਚੰਗੀ ਤਰਾਂ ਜਾਣਦੇ ਹੋਣਗੇ। ਹੋ ਸਕਦਾ ਹੈ ਕਿ ਇਸਦੀ ਛਾਂ ਵੀ ਮਾਣੀ ਹੋਵੇ ਪਰ ਇਹ ਪਿੱਪਲ ਆਪਣੇ ਆਪ ਵਿੱਚ ਇੱਕ ਕਹਾਣੀ ਹੈ। ਮੈਂਨੂੰ ਬਹੁਤ ਚਿਰ ਪਹਿਲਾਂ ਹੀ ਸੋਹਣੇ ਪਿੰਡ ਇੱਕ ਵੀਰ ਨੇ ਇਹ ਕਿੱਸਾ ਦੱਸਿਆ ਸੀ ਪਰ ਬਾਅਦ ਵਿੱਚ ਯੂਟੂਇਬ ਤੇ ਵੀਡਿਓ ਵੀ ਆ ਗਈਆਂ ਸੀ।

ਪਿੰਡ ਰਾਮਨਗਰ ਭੰਗੀਮਾਜਰੇ ਦਾ ਗੁਰਨਾਮ ਸਿੰਘ ਫੌਜ਼ ਵਿੱਚੋ ਬਿਨਾਂ ਪੈਨਸ਼ਨ ਦੇ ਹੀ ਆ ਗਿਆ ਸੀ ਕਿਉਕੀ ਟੀ.ਬੀ ਦੀ ਬਿਮਾਰੀ ਹੋ ਗਈ ਸੀ। ਵਿਆਹ ਦੇ ਦਹਾਕਿਆਂ ਬਾਅਦ ਵੀ ਰੱਬ ਨੇ ਕੋਈ ਔਲਾਦ ਨਾ ਦਿੱਤੀ। ਮਨ ਚ ਸੋਚਿਆ "ਚਲੋ ਜੇ ਕੋਈ ਔਲਾਦ ਨਹੀਂ, ਪਿੰਡ ਦੀ ਸ਼ਾਮਲਾਟ ਚ ਆਪਣੀ ਨਿਸ਼ਾਨੀ ਵਜੋ ਪਿੱਪਲ ਹੀ ਲਾ ਦੇਵਾਂ!" ਹੋਣੀ ਨੂੰ ਕੌਣ ਟਾਲੇ ?

ਕੁਝ ਸਾਲਾਂ ਬਾਅਦ ਹੀ ਗਿਆਨ ਸਿੰਘ ਦੁਨਿਆਂ ਤੋਂ ਰੁਖ਼ਸਤ ਹੋ ਗਿਆ ਪਰ ਉਸਦੇ ਪਿਤਾ ਨੰਦ ਸਿੰਘ ਨੇ ਆਪਣੇ ਪੁੱਤ ਦੀ ਨਿਸ਼ਾਨੀ ਦਾ ਆਪਣੇ 'ਪੋਤੇ' ਵਾਂਗ ਹੀ ਖਿਆਲ ਰੱਖਿਆ ਤੇ ਹਰਾ ਭਰਾ ਰੱਖਿਆ।

ਚੰਡੀਗੜ ਲਈ ਪਹਿਲਾਂ ਉਠਾਲਾ ਹੋਇਆ ਤਾਂ ਰਾਮਨਗਰ ਭੰਗੀਮਾਜਰੇ ਨੂੰ ਤਹਿਸ ਨਹਿਸ ਕਰ ਦਿੱਤਾ। ਝੀਲ ਦੇ ਕੰਢਾ ਹੋਣ ਕਰਕੇ ਸਾਰੇ ਰੁੱਖ ਵੱਢੇ ਜਾ ਰਹੇ ਸੀ ਤੇ ਅਖੀਰ ਬਾਪੂ ਗੁਰਨਾਮ ਦੇ 'ਪੁੱਤ' ਦੀ ਵਾਰੀ ਵੀ ਆਉਣੀ ਸੀ।

ਚੰਗੀ ਕਿਸਮਤ ਸੀ ਕਿ ਇਸ ਯੋਜਨਾਂ ਵਿੱਚ ਕੰਮ ਕਰਦੇ ਕੁਲਵੰਤ ਸਿੰਘ ਅਲਾਪੁਰ ਨੂੰ ਇਸ ਪਿੱਪਲ ਦੀ ਕਹਾਣੀ ਪਤਾ ਸੀ ਕਿਉਕੀ ਉਹ ਰਾਮ-ਨਗਰ ਪਿੰਡ ਦਾ ਦੋਹਤਾ ਸੀ। ਉਸਨੇ ਝੀਲ ਦੇ ਨਕਸ਼ੇ ਨੂੰ ਇੰਝ ਮੋੜਿਆ ਕਿ ਇਸ ਪਿੱਪਲ ਨੂੰ ਬਚਾ ਲਿਆ ਗਿਆ। ਉਸ ਦਿਨ ਤੋਂ ਲੈ ਕੇ ਅੱਜ ਤੱਕ ਇਹ ਪਿੱਪਲ ਅਡੋਲ ਖੜਾ ਹੈ।

ਮੈਨੂੰ ਸੱਚੀਂ ਕਦੇ ਕਦੇ ਲੱਗਦਾ ਹੈ ਕਿ ਇਹ 'ਬੇਜ਼ੁਬਾਨ ਪੁੱਤ' ਆਪਣੇ ਬਾਪੂ ਗੁਰਨਾਮ ਸਿੰਘ ਨੂੰ ਯਾਦ ਕਰ ਰਿਹਾ ਹੈ।

# ਵਧਦੀ ਆਬਾਦੀ ਸਿਰਫ ਚੁਣੌਤੀ ਨਹੀਂ, ਤਾਕਤ ਵੀ ਹੈ

-ਅਨਿਲ ਭਾਸਕਰ-

ਵਿਸ਼ਵ ਆਬਾਦੀ ਦਿਵਸ ਉੱਤੇ ਯੂ ਐੱਨ ਓ ਨੇ ਜੋ ਰਿਪੋਰਟ ਪੇਸ਼ ਕੀਤੀ, ਉਹ ਭਾਰਤ ਦੇ ਪੱਖ ਤੋਂ ਬੜੀ ਮਹੱਤਵਪੂਰਨ ਹੈ। ਰਿਪੋਰਟ ਕਹਿੰਦੀ ਹੈ ਕਿ ਅਗਲੇ ਸਾਲ ਤੱਕ ਭਾਰਤ ਦੁਨੀਆ ਦਾ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਬਣ ਜਾਵੇਗਾ। ਹਾਲੇ ਤੱਕ ਸਭ ਤੋਂ ਵੱਡੀ ਆਬਾਦੀ ਵਾਲੇ ਦੇਸ਼ ਚੀਨ ਵਿੱਚ 142.6 ਕਰੋੜ ਲੋਕ ਹਨ ਤੇ ਭਾਰਤ 141.7 ਕਰੋੜ ਦੀ ਆਬਾਦੀ ਨਾਲ ਦੂਜੇ ਥਾਂ ਉੱਤੇ ਹੈ। ਯੂ ਐੱਨ ਓ ਦਾ ਅੰਦਾਜ਼ਾ ਸਹੀ ਨਿਕਲਿਆ ਤਾਂ ਅਗਲੇ ਸਾਲ ਭਾਰਤ 142.9 ਕਰੋੜ ਦੀ ਆਬਾਦੀ ਨਾਲ ਪਹਿਲੇ ਸਥਾਨ ਉੱਤੇ ਹੋਵੇਗਾ। ਇਹ ਪਹਿਲਾਂ ਥਾਂ ਭਾਰਤ ਵਰਗੇ ਦੇਸ਼ ਲਈ ਵੱਡੀ ਚੁਣੌਤੀ ਵਾਂਗ ਦਿਸਦਾ ਹੈ ਕਿਉਂਕਿ ਅਸੀਂ ਵੱਡੀ ਆਬਾਦੀ ਨੂੰ ਦੇਸ਼ ਦੀ ਸਭ ਤੋਂ ਵੱਡੀ ਸਮੱਸਿਆ ਸਮਝਦੇ ਹਾਂ ਕਿ ਜਿੰਨੀ ਵੱਧ ਆਬਾਦੀ, ਓਨੀ ਵੱਧ ਸੋਮਿਆਂ ਦੀ ਹਿੱਸੇਦਾਰੀ। ਖੁਰਾਕ ਸੁਰੱਖਿਆ, ਸਿੱਖਿਆ ਦੀ ਗਾਰੰਟੀ, ਸਿਹਤ ਲੋੜਾਂ ਦਾ ਪ੍ਰਬੰਧ ਤੇ ਰੋਜ਼ਗਾਰ ਦੇ ਮੌਕਿਆਂ ਦੇ ਨਾਲ ਕੌਮਾਂਤਰੀ ਮਾਪਦੰਡਾਂ ਅਨੁਸਾਰ ਨਾਗਰਿਕ ਸਹੂਲਤਾਂ ਦਾ ਵਿਕਾਸ, ਇਹ ਸਭ ਜ਼ਿੰਮੇਵਾਰੀਆਂ ਸਰਕਾਰ ਦੇ ਮੋਢੇ ਉੱਤੇ ਰਹਿਣਗੀਆਂ। ਇਸ ਲਈ ਬਜਟ ਦੀ ਆਮਦਨ ਵਧਾਉਣ ਦੀ ਚੁਣੌਤੀ ਨਾਲ ਵੀ ਸਰਕਾਰ ਨੂੰ ਦੋ-ਚਾਰ ਹੋਣਾ ਹੋਵੇਗਾ। ਜ਼ਰਾ ਆਬਾਦੀ ਨੂੰ ਵੱਖਰੇ ਨਜ਼ਰੀਏ ਨਾਲ ਦੇਖਣ-ਸਮਝਣ ਦੀ ਕੋਸ਼ਿਸ਼ ਕਰੀਏ। ਵੱਡੀ ਆਬਾਦੀ ਦਾ ਮਤਲਬ ਵੱਡਾ ਮਨੁੱਖੀ ਸਰੋਤ ਗਰੁੱਪ, ਭਾਵ ਵੱਡੀ ਕਿਰਤ ਸ਼ਕਤੀ। ਇਸ ਨੂੰ ਹੋਰ ਬਿਹਤਰ ਸਮਝਣ ਲਈ ਸਭ ਤੋਂ ਵੱਡੀ ਆਬਾਦੀ ਵਾਲੇ ਦੇਸ਼ ਚੀਨ ਦੀ ਆਬਾਦੀ ਤੇ ਉਸ ਦੇ ਪ੍ਰਬੰਧ ਦੇ ਨਾਲ ਉਸ ਦੀ ਤਰੱਕੀ ਦੇ ਸਮੀਕਰਨ ਵੱਲ ਵੇਖੀਏ। ਸਿੰਗਲ ਚਾਈਲਡ ਦੀ ਸਖ਼ਤ ਨੀਤੀ ਦੇ ਲੰਬੇ ਦੌਰ ਦੇ ਬਾਵਜੂਦ ਚੀਨ ਅੱਜ ਸਭ ਤੋਂ ਵੱਡੀ ਆਬਾਦੀ ਵਾਲਾ ਦੇਸ਼ ਹੈ, ਪਰ ਇਸ ਨੀਤੀ ਦੇ ਕਾਰਨ ਪਿਛਲੇ ਲੱਗਭਗ ਦੋ ਦਹਾਕਿਆਂ ਵਿੱਚ ਚੀਨ ਦੀ ਆਬਾਦੀ ਵਾਧਾ ਦਰ ਵਿੱਚ ਵਰਨਣਯੋਗ ਕਮੀ ਆਈ ਹੈ।

ਪਿਛਲੇ ਸਾਲ ਮਈ ਵਿੱਚ ਚੀਨ ਨੇ ਆਪਣੀ ਤਾਜ਼ਾ ਮਰਦਮਸ਼ੁਮਾਰੀ ਰਿਪੋਰਟ ਜਾਰੀ ਕੀਤੀ, ਜਿਸ ਵਿੱਚ ਲਿਖਿਆ ਸੀ ਕਿ 1982 ਦੀ ਮਰਦਮਸ਼ੁਮਾਰੀ ਵਿੱਚ ਚੀਨ ਦੀ ਆਬਾਦੀ ਵਾਧਾ ਦਰ 2.1 ਫ਼ੀਸਦੀ ਸੀ ਜੋ ਸਭ ਤੋਂ ਵੱਧ ਸੀ। ਰਿਪੋਰਟ ਵਿੱਚ ਕਿਹਾ ਗਿਆ ਕਿ ਪਿਛਲੇ ਇੱਕ ਦਹਾਕੇ 'ਭਾਵ ਸਾਲ 2011 ਤੋਂ 2021 ਦੌਰਾਨ ਉਸ ਦੀ ਆਬਾਦੀ ਔਸਤਨ 0.53 ਫ਼ੀਸਦੀ ਦੀ ਦਰ ਨਾਲ ਵਧੀ ਜੋ ਪਿਛਲੇ ਕਈ ਦਹਾਕਿਆਂ ਵਿੱਚ ਸਭ ਤੋਂ ਘੱਟ ਸੀ। ਇਸ ਨੂੰ ਅੰਕੜਾ ਮਾਹਿਰਾਂ ਨੇ ਸੰਕਟ ਦੇ ਤੌਰ ਉੱਤੇ ਜਾਣਿਆ।ਮੰਨਿਆ ਗਿਆ ਕਿ ਅਗਲੇ ਦਹਾਕੇ ਵਿੱਚ ਜੇ ਆਬਾਦੀ ਵਾਧਾ ਦਰ ਹੋਰ ਘਟੀ ਤਾਂ ਉਥੇ ਕਾਮਿਆਂ ਦਾ ਸੰਕਟ ਡੂੰਘਾ ਹੋ ਸਕਦਾ ਹੈ। ਇਸ ਦੇ ਉਲਟ ਮੈਡੀਕਲ ਖੇਤਰ ਵਿੱਚ ਵਰਨਣਯੋਗ ਵਿਕਾਸ ਦੇ ਕਾਰਨ ਜਿੱਥੇ ਮੌਤ ਦਰ ਵਿੱਚ ਕਮੀ ਆਈ, ਉਥੇ ਲੋਕਾਂ ਦੀ ਔਸਤ ਉਮਰ ਵਧੀ ਹੈ। ਇਸ ਵਾਧੇ-ਘਾਟੇ ਨੇ ਅਣ-ਉਤਪਾਦਕ ਬਜ਼ੁਰਗਾਂ ਦੇ ਕੁਨਬੇ ਦਾ ਕਾਫੀ ਵਾਧਾ ਕੀਤਾ ਹੈ।ਅਜਿਹੇ ਵਿੱਚ ਜੇ ਆਬਾਦੀ ਵਾਧੇ ਦੀ ਦਰ ਹੋਰ ਘੱਟ ਹੁੰਦੀ ਹੈ ਤਾਂ ਜ਼ਾਹਿਰ ਤੌਰ ਉੱਤੇ ਦੇਸ਼ ਦੀ ਕਿਰਤ ਸ਼ਕਤੀ ਵਿੱਚ ਹੋਰ ਗਿਰਾਵਟ ਆਵੇਗੀ। ਇਸ ਸੰਕਟ ਦੀ ਆਹਟ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਉਥੋਂ ਦੀ ਸਰਕਾਰ ਨੇ ਵੱਧ ਬੱਚੇ ਪੈਦਾ ਕਰਨ ਲਈ ਉਤਸ਼ਾਹਿਤ ਕਰਨ ਵਾਲਿਆਂ ਨੂੰ ਵਾਧੂ ਛੁੱਟੀ, ਬੇਬੀ ਬੋਨਸ, ਇਕਮੁਸ਼ਤ ਧਨ ਰਾਸ਼ੀ, ਟੈਕਸ ਵਿੱਚ ਛੋਟ ਅਤੇ ਕਈ ਹੋਰ ਯੋਜਨਾਵਾਂ ਦਾ ਲਾਭ ਦੇਣਾ ਸ਼ੁਰੂ ਕੀਤਾ ਹੈ। ਨਿੱਜੀ ਖੇਤਰ ਦੀਆਂ ਕੰਪਨੀਆਂ ਨੇ ਆਪਣੇ ਮੁਲਾਜ਼ਮਾਂ ਲਈ ਅਜਿਹੀਆਂ ਯੋਜਨਾਵਾਂ ਸ਼ੁਰੂ ਕੀਤੀਆਂ, ਜੋ ਉਨ੍ਹਾਂ ਨੂੰ ਵੱਧ ਬੱਚੇ ਪੈਦਾ ਕਰਨ ਲਈ ਪ੍ਰੇਰਦੀਆਂ ਹਨ।

ਇਹ ਸਮੱਸਿਆ ਉਨ੍ਹਾਂ ਪੱਛਮੀ ਦੇਸ਼ਾਂ ਵਿੱਚ ਦੋ ਦਹਾਕਿਆਂ ਤੋਂ ਵੀ ਵੱਧ ਪੁਰਾਣੀ ਹੈ, ਜਿੱਥੇ ਵਧੀਆ ਰਹਿਣ-ਸਹਿਣ ਅਤੇ ਮੈਡੀਕਲ ਸਹੂਲਤਾਂ ਵਿੱਚ ਵਰਨਣਯੋਗ ਵਾਧੇ ਦੇ ਨਾਲ ਆਬਾਦੀ ਵਾਧੇ ਬਾਰੇ ਵੱਧ ਸੰਵੇਦਨਸ਼ੀਲਤਾ ਦੱਸੀ-ਅਪਣਾਈ ਗਈ। ਇਸ ਸਮੱਸਿਆ ਨੂੰ ਨਾਂ ਦਿੱਤਾ ਗਿਆ 'ਏਜਿੰਗ ਪਾਪੂਲੇਸ਼ਨ'। ਉਨ੍ਹਾਂ ਦੇਸ਼ਾਂ ਵਿੱਚ ਕੰਮ ਕਰ ਸਕਣ ਵਾਲੇ ਨੌਜਵਾਨਾਂ ਦੀ ਆਬਾਦੀ ਲਗਾਤਾਰ ਘਟਦੀ ਗਈ ਜਿਸ ਨੇ ਵੱਡਾ ਕਿਰਤ ਸੰਕਟ ਪੈਦਾ ਕਰ ਦਿੱਤਾ। ਪੱਛਮ ਵਿੱਚ ਸਪੇਨ, ਰੋਮਾਨੀਆ, ਡੈਨਮਾਰਕ ਅਤੇ ਕੈਨੇਡਾ ਤੋਂ ਆਸਟ੍ਰੇਲੀਆ ਵਰਗੇ ਵੱਡੇ ਦੇਸ਼ ਕਿਰਤ ਸੰਕਟ ਦੇ ਘੇਰੇ ਵਿੱਚ ਹਨ ਤਾਂ ਪੂਰਬ ਵਿੱਚ ਜਾਪਾਨ ਵਰਗਾ ਛੋਟਾ, ਪਰ ਉਦਯੋਗਿਕ ਵਿਕਾਸ ਦੇ ਪੱਖ ਤੋਂ ਕ੍ਰਾਂਤੀਕਾਰੀ ਰਾਸ਼ਟਰ ਵੀ ਇਸ ਦੀ ਲਪੇਟ ਵਿੱਚ ਹੈ।

ਅੰਦਾਜ਼ਾ ਹੈ ਕਿ 2030 ਤੱਕ ਦੁਨੀਆ ਦਾ ਹਰ ਛੇਵਾਂ ਆਦਮੀ 65 ਸਾਲ ਦੀ ਉਮਰ ਪੂਰੀ ਕਰ ਚੁੱਕਾ ਹੋਵੇਗਾ ਅਤੇ 2050 ਆਉਂਦੇ-ਆਉਂਦੇ ਸ਼ਾਇਦ ਹਰ ਤੀਜਾ। ਅਧਿਐਨ ਵਿੱਚ ਇਹ ਸੰਕੇਤ ਵੀ ਹੈ ਕਿ 2050 ਤੱਕ ਚੀਨ ਦੀ ਕਿਰਤ ਸ਼ਕਤੀ ਵਿੱਚ 20 ਅਤੇ ਜਾਪਾਨ ਵਿੱਚ 40 ਫ਼ੀਸਦੀ ਤੱਕ ਕਮੀ ਆਵੇਗੀ। ਅਜੇ ਤਿੰਨ ਸਾਲ ਪਹਿਲਾਂ ਜਾਪਾਨ ਦੇ ਓਦੋਂ ਦੇ ਪ੍ਰਧਾਨ ਮੰਤਰੀ ਸ਼ਿੰਜ਼ੋ ਆਬੇ ਨੇ ਮੰਨਿਆ ਸੀ ਕਿ ਜਨਮ ਦਰ ਵਿੱਚ ਭਾਰੀ ਗਿਰਾਵਟ ਕਾਰਨ ਉਥੇ ਕਿਰਤ ਸੰਕਟ ਲਗਾਤਾਰ ਡੂੰਘਾ ਹੋ ਰਿਹਾ ਹੈ ਅਤੇ ਇਸ ਤੋਂ ਉਭਰਨ ਲਈ ਜਾਪਾਨ ਦੀ ਸਰਕਾਰ ਹੋਰ ਜ਼ਰੂਰੀ ਉਪਾਅ ਕਰਨ ਦੇ ਨਾਲ ਦੂਜੇ ਦੇਸ਼ਾਂ ਤੋਂ ਚਾਰ ਲੱਖ ਵਿਦੇਸ਼ੀ ਕਾਮੇ ਲਿਆਉਣਾ ਚਾਹੁੰਦੀ ਹੈ।

ਇਨ੍ਹਾਂ ਹਾਲਤਾਂ ਵਿੱਚ ਸਾਡੇ ਲਈ ਜਾਨਣਾ ਕਿੰਨਾ ਸੁਖਦਾਈ ਹੈ ਕਿ ਭਾਰਤ ਵਿੱਚ ਅਜਿਹੇ ਵੱਡੀ ਉਮਰ ਦੇ ਬਜ਼ੁਰਗਾਂ ਦੀ ਗਿਣਤੀ ਸਾਡੀ ਕੁਲ ਆਬਾਦੀ ਦਾ ਸਿਰਫ 6 ਫ਼ੀਸਦੀ ਹੈ। ਜ਼ਾਹਿਰ ਹੈ, ਆਬਾਦੀ ਦਾ ਵੱਡਾ ਹਿੱਸਾ ਜਵਾਨ ਹੈ ਅਤੇ ਵੱਡੀ ਕਿਰਤ ਸ਼ਕਤੀ ਦਾ ਪ੍ਰਤੀਕ ਹੈ। ਇਹ ਵੀ ਤੈਅ ਹੈ ਕਿ ਆਬਾਦੀ ਵਧਣ ਨਾਲ ਇਹ ਫ਼ੀਸਦੀ ਹੋਰ ਹੇਠਾਂ ਆਵੇਗੀ ਅਤੇ ਇਸ ਦੇ ਉਲਟ ਸਾਡੀ ਜਵਾਨ ਸ਼ਕਤੀ ਵਿੱਚ ਵਾਧਾ ਹੋਵੇਗਾ, ਫਿਰ ਚਿੰਤਾ ਕਿਉਂ? ਅਸੀਂ ਦੇਸ਼ ਵਿੱਚ ਵਧਦੀ ਬੇਰੋਜ਼ਗਾਰੀ ਤੋਂ ਡਰੇ ਹੋਏ ਹਾਂ ਜਦਕਿ ਵਧਦੀ ਬੇਰੋਜ਼ਗਾਰੀ ਦਾ ਕਾਰਨ ਆਬਾਦੀ ਨਹੀਂ, ਸਗੋਂ ਰੋਜ਼ਗਾਰ ਦੀ ਸਹੀ ਢੰਗ ਨਾਲ ਸਿਰਜਨਾ ਨਾ ਹੋਣੀ ਹੈ। ਇਸ ਲਈ ਸਾਨੂੰ ਇਸ ਸਮੇਂ ਦੁਨੀਆ ਦੇ ਕਿਰਤ ਸੰਕਟ ਨੂੰ ਆਪਣੇ ਲਈ ਮੌਕੇ ਵਜੋਂ ਦੇਖਣਾ ਚਾਹੀਦਾ ਹੈ। ਜੇ ਅਸੀਂ ਆਪਣੀ ਜਵਾਨ ਸ਼ਕਤੀ ਨੂੰ ਹੁਨਰਮੰਦ ਕਿਰਤ ਸ਼ਕਤੀ ਵਿੱਚ ਬਦਲ ਦੇਈਏ ਤਾਂ ਰੋਜ਼ਗਾਰ ਲਈ ਅੱਧੀ ਦੁਨੀਆ ਦੇ ਦਰ ਖੁੱਲ੍ਹੇ ਮਿਲ ਸਕਦੇ ਹਨ, ਖਾਸ ਕਰਕੇ ਸੇਵਾ ਖੇਤਰ ਵਿੱਚ ਆਸਟ੍ਰੇਲੀਆ ਦੇ ਗਲੋਬਲ ਬਿਜ਼ਨੈਸ ਐਡਵਾਈਜ਼ਰ ਗਰੁੱਪ 'ਸੀ ਐਕਸ ਸੀ' ਵਿੱਚ ਘੱਟ ਤੋਂ ਘੱਟ ਪੰਜ ਅਜਿਹੇ ਉਦਯੋਗ ਦੱਸੇ ਹਨ, ਜਿੱਥੇ ਆਉਣ ਵਾਲੇ ਸਾਲਾਂ ਵਿੱਚ ਵਿਸ਼ਵ ਪੱਧਰ ਉੱਤੇ ਕਾਮਿਆਂ ਦੀ ਸਭ ਤੋਂ ਵੱਧ ਲੋੜ ਪੈਣ ਵਾਲੀ ਹੈ। ਇਹ ਹਨ ਜਹਾਜ਼ ਟ੍ਰਾਂਸਪੋਰਟ, ਡਾਕਟਰੀ, ਖਾਣ-ਪੀਣ, ਨਿਰਮਾਣ ਅਤੇ ਆਵਾਜਾਈ। ਜ਼ਰਾ ਸੋਚੋ, ਇਹ ਉਹੀ ਸੇਵਾ ਖੇਤਰ ਹਨ ਜਿਨ੍ਹਾਂ ਵਿੱਚ ਸਾਡੇ ਭਾਰਤੀਆਂ ਦੀ ਹੁਨਰਪੁਣਾ ਰਿਹਾ ਹੈ।

ਜੇ ਇਨ੍ਹਾਂ ਨਵੀਆਂ ਸੰਭਾਵਨਾਵਾਂ ਨੂੰ ਧਿਆਨ ਵਿੱਚ ਰੱਖ ਕੇ ਰੋਜ਼ਗਾਰ ਨੀਤੀ ਬਣੇ ਤਾਂ ਵੱਧ ਆਬਾਦੀ ਦੀ ਸਮੱਸਿਆ ਨੂੰ ਮੌਕੇ ਵਿੱਚ ਬਦਲਣ ਵਿੱਚ ਵੱਧ ਮੁਸ਼ੱਕਤ ਨਹੀਂ ਕਰਨੀ ਪਵੇਗੀ। ਹੁਨਰ ਵਿਕਾਸ ਯੋਜਨਾ ਨੂੰ ਸੰਗਠਿਤ ਤੌਰ ਉੱਤੇ ਥੋੜ੍ਹਾ ਵਿਆਪਕ ਆਧਾਰ ਦਿੱਤਾ ਜਾਵੇ ਅਤੇ ਕੌਮਾਂਤਰੀ ਕਿਰਤ ਪ੍ਰਬੰਧਨ ਵਿੱਚ ਆਪਣੀ ਮਜ਼ਬੂਤ ਭੂਮਿਕਾ ਯਕੀਨੀ ਬਣਾਈ ਜਾਵੇ ਤਾਂ ਇਹ ਬੇਰੋਜ਼ਗਾਰੀ ਦੇ ਖਾਤਮੇ ਦਾ ਵੱਡਾ ਸੁਯੋਗ ਵੀ ਹੋ ਸਕਦਾ ਹੈ।

## ਸੜਕ ਹਾਦਸੇ ਵਿੱਚ ਕੋਟਕਪੂਰਾ ਦੀ ਅਧਿਆਪਕਾ ਦੀ ਮੌਤ



ਕੋਟਕਪੂਰਾ, 21 ਜੁਲਾਈ (ਪੋਸਟ ਬਿਊਰੋ)- ਮੋਗਾ ਨੇੜੇ ਕਾਰ ਅਤੇ ਮੋਪਿਡ ਦੇ ਹਾਦਸੇ ਵਿੱਚ ਕੋਟਕਪੂਰਾ ਦੀ ਵਸਨੀਕ ਨਵ-ਨਿਯੁਕਤ ਅਧਿਆਪਕਾ ਦੀ ਮੌਤ ਹੋ ਗਈ ਅਤੇ ਉਸ ਦੀ ਅਧਿਆਪਕਾ ਸਾਥਣ ਜ਼ਖ਼ਮੀ ਹਾਲਤ ਵਿੱਚ ਮੋਗਾ ਦੇ ਇੱਕ ਨਿੱਜੀ ਹਸਪਤਾਲ ਵਿੱਚਦਾਖਲ ਹੈ, ਜਦ ਕਿ ਪੁਲਸ ਕਾਰਵਾਈ ਕਰ ਰਹੀ ਹੈ।

ਸਥਾਨਕ ਮੁਹੱਲਾ ਸੁਰਗਪੁਰੀ ਦੀ ਵਸਨੀਕ ਜਸਪ੍ਰੀਤ ਕੌਰ (26) ਪੁੱਤਰੀ ਮਾਸਟਰ ਗੁਰਚਰਨ ਸਿੰਘ ਨੇ ਇਸੇ 5 ਜੁਲਾਈ ਨੂੰ ਸਰਕਾਰੀ ਅਧਿਆਪਕਾ ਵਜੋਂ ਨੌਕਰੀ ਸ਼ੁਰੂ ਕੀਤੀ ਸੀ ਅਤੇ ਉਹ ਅਜੇ ਅਣਵਿਆਹੀ ਸੀ।ਮੁਹੱਲਾ ਵਾਸੀਆਂ ਨੇ ਦੱਸਿਆ ਕਿ ਉਹ ਬਹੁਤ ਕਾਬਲ, ਸਿਆਣੀ ਤੇ ਹੋਣਹਾਰ ਲੜਕੀ ਸੀ। ਜਸਪ੍ਰੀਤ ਕੌਰ ਦੀ ਵੱਡੀ ਭੈਣ ਸੁਖਵਿੰਦਰ ਕੌਰ ਵੀ ਜ਼ਿਲ੍ਹਾ ਮੋਗਾ ਵਿਖੇ ਸਰਕਾਰੀ ਅਧਿਆਪਕਾ ਹੈ। ਇਨ੍ਹਾਂ ਦੋਵਾਂ ਭੈਣਾਂ ਦਾ ਇਕਲੌਤਾ ਭਰਾ ਮਹਿਕਪ੍ਰੀਤ ਸਿੰਘ ਅਜੇ ਪੜ੍ਹਦਾ ਹੈ। ਇਨ੍ਹਾਂ ਦਾ ਪਿਤਾ ਗੁਰਚਰਨ ਸਿੰਘ ਵੀ ਕੋਟਕਪੂਰਾ ਦੇ ਸਰਕਾਰੀ ਸਕੂਲ ਵਿੱਚ ਅਧਿਆਪਕ ਹੈ।

## ਜੰਤਰ ਮੰਤਰ ਵਿਖੇ ਧਰਨਾ ਅਕਾਲੀ ਦਲ ਦਾ, ਸੇਵਾਦਾਰ ਸ਼੍ਰੋਮਣੀ ਕਮੇਟੀ ਦੇ ਵਰਤੇ ਗਏ

*** ਸ਼੍ਰੋਮਣੀ ਕਮੇਟੀ ਨੇ 227 ਮੁਲਾਜ਼ਮ ਦਿੱਲੀ ਧਰਨੇ ਵਿੱਚ ਭੇਜੇ**



ਚੰਡੀਗੜ੍ਹ, 21 ਜੁਲਾਈ (ਪੋਸਟ ਬਿਊਰੋ)- ਸ਼੍ਰੋਮਣੀ ਅਕਾਲੀ ਦਲ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਕੱਲ੍ਹ ਦਿੱਲੀ ਦੇ ਜੰਤਰ ਮੰਤਰ ਉੱਤੇ ਲਾਏ ਧਰਨੇ ਦੇ ਇਕੱਠ ਨੂੰ ਭਰਵਾਂ ਬਣਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੈਂਕੜੇ ਮੁਲਾਜ਼ਮਾਂ ਨੇ ਉਥੇ ਹਾਜ਼ਰੀ ਭਰੀ। ਪੰਜਾਬ ਭਰ ਦੇ ਗੁਰੂਘਰਾਂ ਤੋਂ ਸੇਵਾਦਾਰਾਂ ਤੇ ਬਾਕੀ ਮੁਲਾਜ਼ਮਾਂ ਨੇ ਜੰਤਰ ਮੰਤਰ ਉੱਤੇ ਹੱਥਾਂ ਵਿੱਚ ਤਖ਼ਤੀਆਂ ਹੱਥਾਂ ਵਿੱਚ ਫੜ ਕੇ ਬਾਦਲ ਅਕਾਲੀ ਦਲ ਦੇ ਧਰਨੇ ਦੀ ਭੀੜ ਵਧਾਈ।ਉਂਜ ਧਰਨਾ ਇੱਕ ਸਿਆਸੀ ਪਾਰਟੀ ਦਾ ਸੀ, ਪਰ ਧਾਰਮਿਕ ਜਥੇਬੰਦੀ ਦੇ ਮੁਲਾਜ਼ਮਾਂ ਦੀ ਡਿਊਟੀ ਲਾਉਣ ਤੋਂ ਚਰਚਾ ਛਿੜ ਗਈ ਹੈ।

ਮਿਲੀ ਜਾਣਕਾਰੀ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੈਕਟਰੀਦੇ 19 ਜੁਲਾਈ ਨੂੰ ਪੱਤਰ ਨੰਬਰ 846 ਹੇਠ ਦਿੱਲੀ ਦੇ ਜੰਤਰ ਮੰਤਰ ਧਰਨੇ ਵਿੱਚ ਸ਼੍ਰੋਮਣੀ ਕਮੇਟੀ ਦੇ 227 ਮੁਲਾਜ਼ਮਾਂ ਨੂੰ ਪੁੱਜਣ ਦੇ ਲਿਖਤੀ ਹੁਕਮ ਦਿੱਤੇ ਗਏ ਸਨ। ਇਨ੍ਹਾਂ ਵਿੱਚ ਅੰਮ੍ਰਿਤਸਰ ਅਤੇ ਤਰਨ ਤਾਰਨ ਦੇ ਗੁਰੂ ਘਰਾਂ ਦੇ 35 ਮੁਲਾਜ਼ਮ ਵੀ ਸਨ।ਹੁਕਮਾਂ ਵਿੱਚ ਲਿਖਿਆ ਸੀ ਕਿ ਇਹ ਮੁਲਾਜ਼ਮ ਦਿੱਲੀ ਸਿੱਖ ਮਿਸ਼ਨ ਵਿਖੇ ਪ੍ਰਬੰਧ ਵਿੱਚ ਮਦਦ ਕਰਨਗੇ, ਪਰ ਉਥੇ ਇਹ ਮੁਲਾਜ਼ਮ ਜੰਤਰ ਮੰਤਰ ਵਿਖੇ ਅਕਾਲੀ ਦਲ ਦੇ ਧਰਨੇ ਵਿੱਚ ਬੈਠੇ ਹੋਏ ਸਨ। ਸੂਤਰਾਂ ਮੁਤਾਬਕ ਇਨ੍ਹਾਂ ਮੁਲਾਜ਼ਮਾਂ ਨੂੰ ਜੰਤਰ ਮੰਤਰ ਦੇ ਧਰਨੇ ਵਿੱਚ ਲਿਜਾਣ ਵਾਸਤੇ ਗੱਡੀਆਂ ਵੀ ਸ਼੍ਰੋਮਣੀ ਕਮੇਟੀ ਦੀਆਂ ਸਨ।ਇਸ ਸਬੰਧੀ ਸ਼੍ਰੋਮਣੀ ਕਮੇਟੀ ਦੇ ਸੈਕਟਰੀ ਡਾਕਟਰ ਪਰਮਜੀਤ ਸਿੰਘ ਸਰੋਆ ਨੇ ਕਿਹਾ ਕਿ ਜੰਤਰ ਮੰਤਰ ਉੱਤੇ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਨੇ ਬੰਦੀ ਸਿੰਘਾਂ ਦੀ ਰਿਹਾਈ ਵਾਸਤੇ ਧਰਨਾ ਲਾਇਆ ਹੋਣ ਕਰ ਕੇ ਕਮੇਟੀ ਦੇ ਮੁਲਾਜ਼ਮ ਦਿੱਲੀ ਭੇਜੇ ਸਨ ਅਤੇ ਧਰਨੇ ਮਗਰੋਂ ਆ ਰਹੇ ਹਨ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਨੇ ਬੰਦੀ ਸਿੰਘਾਂ ਦੀ ਰਿਹਾਈ ਲਈ 11 ਮੈਂਬਰੀ ਕਮੇਟੀ ਬਣਾਈ ਹੋਈ ਹੈ।ਦੂਸਰੇ ਪਾਸੇ ਅਕਾਲੀ ਦਲ ਦੀ ਪ੍ਰੈਸ ਰਿਲੀਜ਼ਵਿੱਚ ਸਪੱਸ਼ਟਲਿਖਿਆ ਹੈ ਕਿ ਇਹ ਧਰਨਾ ਸਿਰਫ ਸ਼੍ਰੋਮਣੀ ਅਕਾਲੀ ਦਲ ਨੇ ਲਾਇਆ ਹੈ, ਇਸ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਕੋਈ ਜ਼ਿਕਰ ਨਹੀਂ ਹੈ। ਬੁਲਾਰਿਆਂ ਦੀ ਸੂਚੀ ਵਿੱਚਐਡਵੋਕੇਟ ਹਰਜਿੰਦਰ ਸਿੰਘ ਧਾਮੀ ਦਾ ਨਾਂਅ ਲਿਖਿਆ ਸੀ, ਪਰ ਨਾਂ ਨਾਲ ਸ਼੍ਰੋਮਣੀ ਕਮੇਟੀ ਦੇ ਪ੍ਰਧਾਨਨਹੀਂ ਲਿਖਿਆ ਸੀ।

ਅਕਾਲੀ ਦਲ ਦੀ ਪ੍ਰੈਸ ਰਿਲੀਜ਼ ਵਿੱਚ ਅਕਾਲੀ ਦਲ ਦਿੱਲੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਅਤੇ ਜਾਗੋ ਪਾਰਟੀ ਦੇ ਮਨਜੀਤ ਸਿੰਘ ਜੀਕੇ ਦਾ ਨਾਂਅ ਉਚੇਚੇ ਤੌਰ ਉੱਤੇ ਲਿਖਿਆ ਗਿਆ ਸੀ। ਇਸ ਬਾਰੇ ਯੂਨਾਈਟਿਡ ਅਕਾਲੀ ਦਲ ਦੇ ਚੇਅਰਮੈਨ ਗੁਰਦੀਪ ਸਿੰਘ ਬਠਿੰਡਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਆਪਣੀ ਸਾਖ ਨੂੰ ਸ਼੍ਰੋਮਣੀ ਕਮੇਟੀ ਰਾਹੀਂ ਬਚਾਉਣਾ ਚਾਹੁੰਦੇ ਹਨ, ਪਰ ਉਹ ਆਪਣੀਆਂ ਗਲਤੀਆਂ ਨਾਲ ਆਪਣਾ ਅਕਸ ਗੁਆ ਬੈਠੇ ਤੇ ਰਾਜਸੀ ਪੱਖੋਂ ਖਤਮ ਹੋ ਚੁੱਕੇ ਹਨ। ਉਨ੍ਹਾਂ ਕਿਹਾ ਕਿ ਸਿਆਸੀ ਧਰਨਿਆਂ ਲਈ ਸ਼੍ਰੋਮਣੀ ਕਮੇਟੀ ਦਾ ਸਰਮਾਇਆ ਵਰਤਣਾ ਬਿਲਕੁਲ ਗਲਤ ਹੈ। ਉਨ੍ਹਾਂ ਕਿਹਾ ਕਿ ਜਦੋਂ ਅਸੀਂ ਬੰਦੀ ਸਿੰਘਾਂ ਦੀ ਰਿਹਾਈ ਲਈ ਸੰਘਰਸ਼ ਕਰਦੇ ਸਾਂ ਤਾਂ ਉਦੋਂ ਗੱਠਜੋੜ ਸਰਕਾਰ ਸੰਘਰਸ਼ੀ ਲੋਕਾਂ ਨੂੰ ਫੜ ਕੇ ਜੇਲ੍ਹਾਂ ਵਿੱਚ ਬੰਦ ਕਰ ਦਿੰਦੀ ਸੀ।

## ਭਗਵੰਤ ਮਾਨ ਨੇ ਕਿਹਾ: ਪੰਜਾਬ ਦੇ ਪ੍ਰਤੀਨਿਧ ਤੋਂ ਬਗੈਰ ਐੱਮ ਐੱਸ ਪੀ ਕਮੇਟੀ ਦਾ ਕੋਈ ਅਰਥ ਨਹੀਂ

ਚੰਡੀਗੜ੍ਹ, 21 ਜੁਲਾਈ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕੇਂਦਰ ਸਰਕਾਰ ਵੱਲੋਂ ਐਮ ਐਸ ਪੀ (ਘੱਟੋ ਘੱਟ ਖਰੀਦ ਕੀਮਤ) ਬਾਰੇ ਬਣਾਈ ਕਮੇਟੀ ਦੀ ਬਣਤਰ ਦਾ ਵਿਰੋਧ ਕਰਦਿਆਂ ਕਿਹਾ ਕਿ ਕੇਂਦਰ ਦਾ ਪੰਜਾਬ ਪ੍ਰਤੀ ਤਾਨਾਸ਼ਾਹੀ ਵਿਹਾਰ ਸਹਿਣ ਕਰਨ ਵਾਲਾ ਨਹੀਂ ਤੇ ਪੰਜਾਬ ਦੇ ਕਿਸਾਨ ਪ੍ਰਤੀਨਿਧਾਂ ਤੋਂ ਬਿਨਾਂ ਇਸ ਕਮੇਟੀ ਦੀ ਕੋਈ ਤੁਕ ਨਹੀਂ। ਪੰਜਾਬ ਤੋਂ ਬਿਨਾਂ ਇਹ ਕਮੇਟੀ 'ਰੂਹ ਬਿਨਾਂ ਸਰੀਰ' ਵਾਂਗ ਹੈ। ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਪੰਜਾਬ ਦੇ ਅੰਨਦਾਤੇ ਨਾਲ ਕਿੜ ਕੱਢਣ ਦੀ ਕੋਸ਼ਿਸ਼ ਕਰ ਰਹੀ ਹੈ।

ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਐਮ ਐਸ ਪੀ ਕਿਸਾਨਾਂ ਦਾ ਕਾਨੂੰਨੀ ਹੱਕ ਹੈ ਅਤੇ ਕੇਂਦਰ ਸਰਕਾਰ ਇਸ ਕਮੇਟੀ ਵਿੱਚ ਪੰਜਾਬ ਦੇ ਕਿਸਾਨਾਂ ਨੂੰ ਸ਼ਾਮਲ ਕਰ ਕੇ ਕਾਨੂੰਨੀ ਹੱਕ ਦੇਵੇ। ਉਨ੍ਹਾਂ ਕਿਹਾ ਕਿ ਕਮੇਟੀ ਲਈ ਨਾਮਜ਼ਦ ਕੀਤੇ ਅਰਥਸ਼ਾਸਤਰੀ ਪੰਜਾਬ ਦੀਆਂ ਜ਼ਮੀਨੀ ਹਕੀਕਤਾਂ ਤੋਂ ਕੋਰੇ ਹੋਣ ਕਰ ਕੇ ਨਿਆਂ ਨਹੀਂ ਦੇ ਸਕਦੇ। ਉਨ੍ਹਾਂ ਕਿਹਾ ਕਿ ਅਸਲ ਵਿੱਚ ਪੰਜਾਬ ਦੇ ਕਿਸਾਨਾਂ ਵੱਲੋਂ ਖੇਤੀ ਕਾਨੂੰਨ ਦੇ ਸਖਤ ਵਿਰੋਧ ਮਗਰੋਂ



ਕੇਂਦਰ ਸਰਕਾਰ ਨੇ ਇਹ ਵਤੀਰਾ ਧਾਰਨ ਕੀਤਾ ਹੈ, ਜਿਸ ਨਾਲ ਕੇਂਦਰ ਦਾ ਪੰਜਾਬ ਵਿਰੋਧੀ ਚਿਹਰਾ ਨੰਗਾ ਹੁੰਦਾ ਹੈ। ਮੁੱਖ ਮੰਤਰੀ ਨੇ ਤਰਕ ਦਿੱਤਾ ਕਿ ਵਧ ਰਹੀਆਂ ਖੇਤੀ ਲਾਗਤਾਂ ਅਤੇ ਸੂਬੇ ਦੇ ਕਿਸਾਨਾਂ ਨੂੰ ਆਪਣੀ ਉਪਜ ਦੇ ਮਿਲਦੇ ਨਿਗੂਣੇ ਭਾਅ ਕਾਰਨ ਉਹ ਪਹਿਲਾਂ ਹੀ ਕਰਜ਼ੇ ਦੇ ਬੋਝ ਹੇਠ ਦੱਬੇ ਹਨ। ਉਨ੍ਹਾਂ ਕਿਹਾ ਕਿ ਪੰਜਾਬੀ ਕਿਸਾਨਾਂ ਨਾਲ ਵਿਚਾਰ ਮਗਰੋਂ ਐਮ ਐਸ ਪੀ ਮਿਥਣ ਦੀ ਲੋੜ ਹੈ ਤਾਂ ਕਿ ਕਿਸਾਨਾਂ ਨੂੰ ਖੇਤੀ ਸੰਕਟ ਵਿੱਚੋਂ ਕੱਢਿਆ ਜਾ ਸਕੇ।

## ਵਿਧਾਇਕ ਨਾਲ ਟਕਰਾਅ ਮਗਰੋਂ ਜ਼ਿਲ੍ਹੇ ਦੇ ਪੁਲਸ ਮੁਖੀ ਦਾ ਤਬਾਦਲਾ



ਫਰੀਦਕੋਟ, 21 ਜੁਲਾਈ (ਪੋਸਟ ਬਿਊਰੋ)- ਪੰਜਾਬ ਸਰਕਾਰ ਨੇ ਕੱਲ੍ਹ ਫਰੀਦਕੋਟ ਦੀ ਜ਼ਿਲ੍ਹਾ ਪੁਲਸ ਮੁਖੀ ਅਵਨੀਤ ਕੌਰ ਸਿੱਧੂ ਦਾ ਫਰੀਦਕੋਟ ਤੋਂ ਤਬਾਦਲਾ ਕਰ ਕੇ ਇੱਥੇ ਰਾਜਪਾਲ ਸਿੰਘ ਨੂੰ ਨਵਾਂ ਪੁਲਸ ਮੁਖੀ ਲਾ ਦਿੱਤਾ ਹੈ। ਅਵਨੀਤ ਕੌਰ ਸਿੱਧੂ ਨੂੰ ਇਸ ਦੀ ਬਜਾਏ ਜ਼ਿਲਾ ਮਾਲੇਰਕੋਟਲਾ ਵਿੱਚ ਭੇਜ ਦਿੱਤਾ ਗਿਆ ਹੈ।

ਵਰਨਣ ਯੋਗ ਹੈ ਕਿ ਫਰੀਦਕੋਟ ਦੇ ਵਿਧਾਇਕ ਤੇ ਪੁਲਸ ਮੁਖੀ ਵਿਚਾਲੇ ਬੀਤੇ ਕੁਝ ਸਮੇਂ ਤੋਂ ਟਕਰਾਅ ਚੱਲ ਰਿਹਾ ਸੀ। ਆਮ ਆਦਮੀ ਪਾਰਟੀ ਦੇ ਰਾਜ ਸਭਾ ਮੈਂਬਰ ਰਾਘਵ ਚੱਢਾ ਅਤੇ ਫਰੀਦਕੋਟ ਦੇ ਆਈ ਜੀ ਪ੍ਰਦੀਪ ਕੁਮਾਰ ਯਾਦਵ ਨੇ ਤੀਹ ਜੂਨ ਨੂੰ ਇਹ ਟਕਰਾਅ ਟਾਲਣ ਦੀ ਕੋਸ਼ਿਸ਼ ਕੀਤੀ ਸੀ। ਜਾਣਕਾਰ ਸੂਤਰਾਂ ਅਨੁਸਾਰ ਫਰੀਦਕੋਟ ਦੇ ਵਿਧਾਇਕ ਨੇ ਪੁਲਸ ਉੱਤੇ ਦੋਸ਼ ਲਾਏ ਸਨ ਕਿ ਨਸ਼ਾ ਤਸਕਰਾਂ ਖਿਲਾਫ ਢੁੱਕਵੀਂ ਕਾਰਵਾਈ ਨਹੀਂ ਕਰ ਰਹੀ ਅਤੇ ਫਰੀਦਕੋਟ ਦੇ ਪੁਲਸ ਮੁਖੀ ਦੀ ਇੱਕ ਗੈਂਗਸਟਰ ਨਾਲ ਫੋਟੋ ਵੀ ਦੇਖੀ ਹੈ। ਉਚ ਪੱਧਰੀ ਮੀਟਿੰਗ ਵਿੱਚ ਵਿਧਾਇਕ ਅਤੇ ਪੁਲਸ ਮੁਖੀ ਵਿਚਾਲੇ ਟਕਰਾਅ ਖਤਮ ਨਹੀਂ ਹੋ ਸਕਿਆ। ਵਿਧਾਇਕ ਗੁਰਦਿੱਤ ਸਿੰਘ ਸੇਖੋਂ ਨੇ ਕਿਹਾ ਕਿ ਪੰਜਾਬ ਸਰਕਾਰ ਸਾਰੇ ਵਾਅਦੇ ਪੂਰੇ ਕਰੇਗੀ ਤੇ ਕਿਸੇ ਕੀਮਤ ਉੱਤੇ ਸਮਾਜ ਵਿਰੋਧੀ ਅਨਸਰ ਬਖਸ਼ੇ ਨਹੀਂ ਜਾਣਗੇ। ਜ਼ਿਲ੍ਹਾ ਪੁਲਸ ਮੁਖੀ ਅਵਨੀਤ ਕੌਰ ਸਿੱਧੂ ਨੇ ਕਿਹਾ ਕਿ ਉਨ੍ਹਾਂ ਦਾ ਕਿਸੇ ਨਾਲ ਟਕਰਾਅ ਨਹੀਂ ਤੇ ਉਨ੍ਹਾਂ ਸੂਬਾ ਤਸਕਰਾਂ ਖਿਲਾਫ ਕਾਰਵਾਈ ਕੀਤੀ ਸੀ।

## ਸੁਰੱਖਿਆ ਕਟੌਤੀ ਦੀ ਜਾਣਕਾਰੀ ਲੀਕ ਹੋਣ ਦੀ ਜਾਂਚ ਬਾਰੇ ਡੀ ਜੀ ਪੀ ਫੈਸਲਾ ਲੈਣ : ਹਾਈ ਕੋਰਟ

ਚੰਡੀਗੜ੍ਹ, 21 ਜੁਲਾਈ (ਪੋਸਟ ਬਿਊਰੋ)- ਪੰਜਾਬ ਵਿੱਚ 424 ਵੀ ਆਈ ਪੀਜ਼ ਦੀ ਸੁਰੱਖਿਆ ਵਾਪਸ ਲੈਣ ਨਾਲ ਜੁੜੀ ਜਾਣਕਾਰੀ ਲੀਕ ਹੋਣ ਦੇ ਕੇਸ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਪ੍ਰੇਸ਼ਾਨੀ ਵਧ ਸਕਦੀ ਹੈ।ਇਸ ਬਾਰੇ ਸੀ ਬੀ ਆਈ ਜਾਂ ਕਿਸੇ ਹੋਰ ਸੁਤੰਤਰ ਏਜੰਸੀ ਤੋਂ ਜਾਂਚ ਕਰਾਉਣ ਦੀ ਮੰਗ ਬਾਰੇ ਪਟੀਸ਼ਨ ਉੱਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਪੁਲਸ ਦੇ ਡੀ ਜੀ ਪੀ ਨੂੰ ਦੋ ਮਹੀਨੇ ਵਿੱਚ ਫੈਸਲਾ ਲੈਣ ਦੇ ਹੁਕਮ ਦਿੱਤੇ ਹਨ।

ਚੰਡੀਗੜ੍ਹ ਦੇ ਸਤਬੀਰ ਸਿੰਘ ਵਾਲੀਆ ਨੇ ਹਾਈ ਕੋਰਟ ਨੂੰ ਦੱਸਿਆ ਕਿ ਚੋਣਾਂ ਮਗਰੋਂ ਬਣੀ ਨਵੀਂ ਸਰਕਾਰ ਨੇ ਤੈਅ ਪ੍ਰਕਿਰਿਆ ਦਾ ਪਾਲਣ ਕੀਤੇ ਬਿਨਾਂ 424 ਲੋਕਾਂ ਦੀ ਸੁਰੱਖਿਆ ਵਿੱਚ ਕਟੌਤੀ ਕਰ ਦਿੱਤੀ ਅਤੇ ਫਿਰ ਕਟੌਤੀ ਬਾਰੇ ਜਾਣਕਾਰੀ ਲੀਕ ਹੋ ਗਈ, ਜਿਸ ਦਾ ਮਾੜਾ ਪ੍ਰਭਾਵ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਵਜੋਂ ਦੇਖਿਆ ਗਿਆ।ਪਟੀਸ਼ਨਰ ਨੇ ਕਿਹਾ ਕਿ ਸਰਕਾਰ ਨੇ ਸੁਰੱਖਿਆ ਵਿੱਚ ਕਟੌਤੀ ਨੂੰ ਰਾਜਨੀਤਕ ਪੱਖ ਤੋਂ ਭਖਾਉਣ ਦੀ ਕੋਸ਼ਿਸ਼ ਕੀਤੀ ਹੈ। ਅਜਿਹਾ ਕਰ ਕੇ ਸਰਕਾਰ ਨੇ ਇਨ੍ਹਾਂ ਵੀ ਆਈ ਪੀਜ਼ ਲੋਕਾਂ ਦੇ ਨਾਲ ਪੰਜਾਬ ਦੀ ਸੁਰੱਖਿਆ ਵੀ ਖਤਰੇ ਵਿੱਚ ਪਾਈ ਹੈ। ਜਿਨ੍ਹਾਂ ਲੋਕਾਂ ਨੂੰ ਖਤਰਾ ਸੀ, ਉਨ੍ਹਾਂ ਨੂੰ ਹੀ ਸੁਰੱਖਿਆ ਦਿੱਤੀ ਗਈ ਸੀ। ਬਾਅਦ ਵਿੱਚ ਸੁਰੱਖਿਆ ਵਿੱਚ ਕਟੌਤੀ ਦੀ ਜਾਣਕਾਰੀ ਮੀਡੀਆ ਤਕ ਜਾਣ ਨਾਲ ਇਨ੍ਹਾਂ ਲੋਕਾਂ ਦੀਆਂ ਮੁਸ਼ਕਲਾਂ ਵੱਧ ਗਈਆਂ।ਉਸ ਨੇ ਕਿਹਾ ਕਿ ਇਸ ਸੂਚਨਾ ਨੂੰ ਲੀਕ ਕਰਨ ਦੀ ਜਾਂਚ ਹੋਣੀ ਚਾਹੀਦੀ ਹੈ। ਪਟੀਸ਼ਨਰ ਨੇ ਮੰਗ ਪੱਤਰ ਵੀ ਦਿੱਤਾ ਸੀ, ਪਰ ਕੋਈ ਕਾਰਵਾਈ ਨਹੀਂ ਹੋਈ।

ਵਰਨਣ ਯੋਗ ਹੈ ਕਿ 27 ਮਈ ਨੂੰ ਪੰਜਾਬ ਸਰਕਾਰ ਨੇ 424 ਵੀ ਆਈ ਪੀਜ਼ ਦੀ ਸੁਰੱਖਿਆ ਵਿੱਚ ਕਟੌਤੀ ਕੀਤੀ ਸੀ, ਜਿਸ ਦੀ ਜਾਣਕਾਰੀ ਮੀਡੀਆ ਆਈ ਸੀ ਅਤੇ ਇਸ ਤੋਂ ਅਗਲੇ ਦਿਨ 29 ਮਈ ਨੂੰ ਸਿੱਧੂ ਮੂਸੇਵਾਲਾ ਦੀ ਹੱਤਿਆ ਕਰ ਦਿੱਤੀ ਗਈ ਸੀ।ਸੁਰੱਖਿਆ ਵਾਪਸ ਲੈਣ ਵਾਲਿਆਂ ਦੇ ਨਾਵਾਂ ਵਿੱਚ ਸਿੱਧੂ ਮੂਸੇਵਾਲਾ ਦਾ ਨਾਂਅ ਵੀ ਸੀ। ਉਸ ਦੀ ਹੱਤਿਆ ਤੋਂ ਬਾਅਦ ਇਹ ਮਾਮਲਾ ਰਾਜਨੀਤਕ ਪੱਖ ਤੋਂ ਕਾਫੀ ਭਖਿਆ ਰਿਹਾ।

## ਲੁਟੇਰਿਆਂ ਨੇ ਲੜਕੀ ਉੱਤੇ ਪਿਸਤੌਲ ਤਾਣ ਕੇ ਕੈਸ਼ ਮੰਗਿਆ, ਰੌਲਾ ਪਾਉਣ ਉੱਤੇ ਗਾਇਬ ਹੋ ਗਏ

ਟਾਂਡਾ ਉੜਮੁੜ, 21 ਜੁਲਾਈ (ਪੋਸਟ ਬਿਊਰੋ)- ਕਾਰ ਸਵਾਰ ਤਿੰਨ ਲੁਟੇਰਿਆਂ ਨੇ ਕੱਲ੍ਹ ਅੱਡਾ ਸਰਾਂ ਵਿੱਚ ਵੈਸਟਰਨ ਯੂਨੀਅਨ ਦੀ ਇੱਕ ਦੁਕਾਨ ਲੁੱਟਣ ਦੀ ਕੋਸ਼ਿਸ਼ ਕੀਤੀ, ਪਰ ਨਾਕਾਮ ਰਹੇ।

ਦੁਪਹਿਰ ਵੇਲੇ ਕਾਰ ਵਿੱਚ ਤਿੰਨ ਲੁਟੇਰੇ ਅੱਡਾ ਸਰਾਂ ਵਿੱਚ ਜਗਜੀਤ ਸਿੰਘ ਦੀ ਸ਼ਿਵਾ ਮੋਬਾਈਲ ਜ਼ੋਨ ਵੈਸਟਰਨ ਯੂਨੀਅਨ ਦੀ ਦੁਕਾਨ ਵਿੱਚ ਆਏ ਅਤੇ ਆਉਂਦੇ ਸਾਰੇ ਉਥੇ ਬੈਠੀ ਲੜਕੀ ਨੂੰ ਕਿਹਾ ਕਿ ਸਾਡੀ ਵਿਦੇਸ਼ ਤੋਂ ਪੇਮੈਂਟ ਆਈ ਹੈ, ਤੁਸੀਂ ਪੰਜਾਹ ਹਜ਼ਾਰ ਰੁਪਏ ਦੇ ਦਿਓ। ਦੁਕਾਨ ਵਿੱਚ ਕੰਮ ਕਰਦੀ ਪ੍ਰਵੀਨ ਕੌਰ ਨੇ ਕਿਹਾ ਕਿ ਮੈਂ ਗੱਲੇ ਵਿੱਚੋਂ ਪੇਮੈਂਟ ਦੇਖ ਲਵਾਂ। ਜਦੋਂ ਉਹ ਦੁਕਾਨ ਦੇ ਅੰਦਰ ਬਣੇ ਕੈਬਿਨ ਵਿੱਚ ਗਈ ਤਾਂ ਇੱਕ ਲੁਟੇਰਾ ਕੈਬਿਨ ਦੇ ਅੰਦਰ ਚਲਾ ਗਿਆ ਅਤੇ ਪਿਸਤੌਲ ਤਾਣ ਕੇ ਲੜਕੀ ਨੂੰ ਪੈਸੇ ਦੇਣ ਲਈ ਕਿਹਾ। ਇਸ ਉੱਤੇ ਪ੍ਰਵੀਨ ਨੇ ਬਹਾਦਰੀ ਦਿਖਾਉਂਦੇ ਹੋਏ ਗੱਲਾ ਲਾਕ ਕਰ ਕੇ ਰੌਲਾ ਪਾ ਦਿੱਤਾ ਤਾਂ ਤਿੰਨੇ ਲੁਟੇਰੇ ਡਰ ਕੇ ਦੁਕਾਨਤੋਂ ਦੌੜੇ ਤੇ ਬਾਹਰ ਖੜੀ ਕਾਰ ਵਿੱਚ ਸਾਥੀਆਂ ਸਣੇ ਫਰਾਰ ਹੋ ਗਏ।ਡੀ ਐਸ ਪੀ ਟਾਂਡਾ ਕੁਲਵੰਤ ਸਿੰਘ ਮੌਕੇ ਉੱਤੇ ਪਹੁੰਚੇ। ਘਟਨਾ ਸੀ ਸੀ ਟੀ ਵੀ ਕੈਮਰੇ ਵਿੱਚ ਕੈਦ ਹੋ ਗਈ। ਉਕਤ ਲੁਟੇਰੇ ਇਸ ਘਟਨਾ ਤੋਂ ਪਹਿਲਾਂ ਅੱਡਾ ਸਰਾਂ ਵਿੱਚ ਵੈਸਟਰਨ ਯੂਨੀਅਨ ਦੀਆਂ ਦੋ ਹੋਰ ਦੁਕਾਨਾਂ ਉੱਤੇ ਵੀ ਗਾਹਕ ਬਣ ਕੇ ਗਏ ਸਨ। ਦੁਕਾਨ ਮਾਲਕ ਅਨੁਸਾਰ ਲੜਕੀ ਦੀ ਬਹਾਦਰੀ ਨਾਲ ਇੱਕ ਲੱਖ ਕੈਸ਼ ਬਚ ਗਿਆ ਹੈ।

## ਅਕਾਲੀ ਦਲ ਵਿੱਚ ਝੂੰਦਾਂ ਕਮੇਟੀ ਦੀਆਂ ਸਿਫ਼ਾਰਸ਼ਾਂ ਨੂੰ ਲਾਗੂ ਕਰਨ ਦੀ ਮੰਗ ਨੇ ਜ਼ੋਰ ਫੜਿਆ

ਚੰਡੀਗੜ੍ਹ, 21 ਜੁਲਾਈ (ਪੋਸਟ ਬਿਊਰੋ)- ਰਾਸ਼ਟਰਪਤੀ ਚੋਣ ਮੌਕੇ ਅਕਾਲੀ ਦਲ ਵੱਲੋਂ ਭਾਜਪਾ ਦੀ ਉਮੀਦਵਾਰ ਬੀਬੀ ਦ੍ਰੋਪਦੀ ਮੁਰਮੂ ਦੀ ਹਿਮਾਇਤ ਦੇ ਮੁੱਦੇ ਉੱਤੇ ਪਾਰਟੀ ਵਿਧਾਇਕ ਦਲ ਦੇ ਆਗੂ ਮਨਪ੍ਰੀਤ ਸਿੰਘ ਇਯਾਲੀ ਵੱਲੋਂ ਬਾਈਕਾਟ ਦੇ ਫ਼ੈਸਲੇ ਨੇ ਉਹ ਸਾਰੇ ਮੁੱਦੇ ਫਿਰ ਚਰਚਾ ਵਿੱਚ ਲੈ ਆਂਦੇ ਹਨ, ਜਿਹੜੇ ਇਸ ਪਾਰਟੀ ਦੀ 13 ਮੈਂਬਰੀ ਕਮੇਟੀ ਦੀਆਂ ਸਿਫ਼ਾਰਿਸ਼ਾਂ ਵਿੱਚ ਸ਼ਾਮਲ ਹਨ, ਪਰ ਇਨ੍ਹਾਂ ਨੂੰ ਪਾਰਟੀ ਪੱਧਰ ਉੱਤੇ ਵਿਚਾਰਿਆ ਨਹੀਂ ਗਿਆ।

ਅਕਾਲੀ ਦਲ ਦੀ ਕੋਰ ਕਮੇਟੀ ਦੇ ਮੈਂਬਰ ਜਗਮੀਤ ਸਿੰਘ ਬਰਾੜ ਨੇ ਕੱਲ੍ਹ ਮੀਡੀਆ ਨਾਲ ਗੱਲਬਾਤ ਦੌਰਾਨ ਕਿਹਾ ਕਿ ਅਕਾਲੀ ਦਲ ਦਾ ਗੌਰਵਮਈ ਇਤਿਹਾਸ ਹੈ, ਪਰ ਪਿਛਲੇ ਕੁਝ ਸਮੇਂ ਦੌਰਾਨ ਪਾਰਟੀ ਵਿੱਚ ਜਿਵੇਂ ਨਿਘਾਰ ਆਇਆ ਹੈ, ਉਹ ਸਮੁੱਚੇ ਪੰਜਾਬੀਆਂ ਤੇ ਪੰਥ ਦਰਦੀਆਂ ਲਈ ਚਿੰਤਾ ਦਾ ਵਿਸ਼ਾ ਹੈ, ਕਿਉਂਕਿ ਇਸੇ ਪਾਰਟੀ ਨੇ ਅੱਜ ਤਕ ਪੰਜਾਬ ਅਤੇ ਸਿੱਖਾਂ ਦੇ ਹੱਕਾਂ ਲਈ ਸੰਘਰਸ਼ ਕੀਤਾ ਅਤੇ ਅੱਜ ਵੀ ਇਸੇ ਪਾਰਟੀ ਤੋਂ ਲੋਕਾਂ ਨੂੰ ਆਸਾਂ ਹਨ। ਬਰਾੜ ਨੇ ਕਿਹਾ ਕਿ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਪਿੱਛੋਂ ਪਾਰਟੀ ਨੂੰ ਮੁੜ ਖੜ੍ਹਾ ਕਰਨ ਲਈ ਕਾਫ਼ੀ ਚਰਚਾ ਪਿੱਛੋਂ ਪਾਰਟੀ ਦੀ 13 ਮੈਂਬਰੀ ਕਮੇਟੀਨੇ ਵਡਮੁੱਲੀਆਂ ਸਿਫ਼ਾਰਿਸ਼ਾਂ ਕੀਤੀਆਂ, ਜਿਨ੍ਹਾਂ ਵਿੱਚ ਇੱਕ ਪਰਵਾਰ ਨੂੰ ਇੱਕ



ਟਿਕਟ ਦੇਣ ਅਤੇ 2 ਵਾਰ ਤੋਂ ਵੱਧ ਕਿਸੇ ਨੂੰ ਪਾਰਟੀ ਪ੍ਰਧਾਨ ਨਾ ਬਣਾਉਣ ਦੀਆਂ ਸਿਫ਼ਾਰਿਸ਼ਾਂ ਵੀ ਸਨ। ਉਨ੍ਹਾਂ ਕਿਹਾ ਕਿ ਮੈਂ ਕੋਰ ਕਮੇਟੀ ਮੀਟਿੰਗ ਵਿੱਚ ਵੀ ਰਾਸ਼ਟਰਪਤੀ ਚੋਣ ਲਈ ਭਾਜਪਾ ਨੂੰ ਸਮਰਥਨ ਉੱਤੇ ਕਿੰਤੂਕੀਤਾ ਸੀ ਕਿ ਜੋ ਸਰਕਾਰ ਸਾਡੇ ਮਸਲੇ ਹੱਲ ਕਰਨ ਵਾਸਤੇ ਦਿਲਚਸਪੀ ਨਹੀਂ ਦਿਖਾ ਰਹੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪੱਤਰਾਂ ਦਾ ਜਵਾਬ ਤਕ ਨਹੀਂ ਦਿੰਦੀ, ਉਸ ਨੂੰ ਸਮਰਥਨ ਤੋਂ ਪਹਿਲਾਂ ਇਸ ਬਾਰੇਸੋਚ ਲੈਣਾ ਚਾਹੀਦਾ ਹੈ। ਪਾਰਟੀ ਆਗੂਆਂ ਮੀਤ ਪ੍ਰਧਾਨ ਮਨਜੀਤ ਸਿੰਘ, ਯੂਥ ਆਗੂ ਰਵੀਕਰਨ ਸਿੰਘ ਕਾਹਲੋਂ ਅਤੇ ਸਰਬ-ਜੋਤ ਸਿੰਘ ਸਾਬੀ (ਮੁਕੇਰੀਆਂ), ਤਲਬੀਰ ਸਿੰਘ ਗਿੱਲ, ਸਾਬਕਾ ਵਿਧਾਇਕ ਅਮਰਪਾਲ ਸਿੰਘ ਬੋਨੀ ਅਜਨਾਲਾ, ਸ਼੍ਰੋਮਣੀ ਕਮੇਟੀ ਦੇ ਜਨਰਲ ਸੈਕਟਰੀ ਕਰਨੈਲ ਸਿੰਘ ਪੰਜੋਲੀ ਤੇ ਲੁਧਿਆਣਾ ਦਿਹਾਤੀ ਦੇ ਸਾਬਕਾ ਪ੍ਰਧਾਨ ਸੰਤਾ ਸਿੰਘ ਉਮੈਦਪੁਰੀ ਨੇ ਵੀ ਇੱਕ ਬਿਆਨ ਵਿੱਚ ਕਿਹਾਕਿ ਮਨਪ੍ਰੀਤ ਸਿੰਘ ਇਯਾਲੀ ਵੱਲੋਂ ਭਾਜਪਾ ਨੂੰ ਬਿਨਾਂ ਸ਼ਰਤ ਸਮਰਥਨ ਨਾ ਦੇਣ ਦਾ ਮੁੱਦਾ ਪੰਥ ਤੇ ਪੰਜਾਬ ਦੀਆਂ ਭਾਵਨਾਵਾਂ ਪ੍ਰਗਟ ਕਰਦਾ ਹੈ, ਕਿਉਂਕਿ ਪਿਛਲੇ ਲੰਬੇ ਸਮੇਂ ਤੋਂ ਪਹਿਲਾਂ ਕਾਂਗਰਸ ਤੇ ਫਿਰ ਭਾਜਪਾ ਦੀ ਕੇਂਦਰ ਸਰਕਾਰ ਨੇ ਪੰਜਾਬ ਦੇ ਮੁੱਦਿਆਂ ਦੀ ਬੇਪ੍ਰਵਾਹੀ ਦਿਖਾਈ ਰਹੀ ਹੈ। ਉਨ੍ਹਾਂ ਕਿਹਾ ਕਿ ਹਾਈਕਮਾਨ ਨੂੰ ਚਾਹੀਦਾ ਹੈ ਕਿ ਸਰਵੇਖਣ ਕਮੇਟੀ ਦੀ ਰਿਪੋਰਟ ਲਾਗੂ ਕਰੇ, ਜਿਸ ਬਾਰੇ ਪਾਰਟੀ ਪ੍ਰਧਾਨ ਵੱਲੋਂ ਬਣਾਈ ਕਮੇਟੀ ਨੇ ਕੋਈ 100 ਵਿਧਾਨ ਸਭਾ ਹਲਕਿਆਂ ਵਿੱਚੋਂ ਲੋਕਾਂ ਦੇ ਵਿਚਾਰ ਲਏ ਹਨ। ਉਨ੍ਹਾਂ ਕਿਹਾ ਕਿ ਇਸ ਰਿਪੋਰਟ ਦੇ ਲਾਗੂ ਹੋਣ ਨਾਲ ਅਕਾਲੀ ਦਲ ਪ੍ਰਤੀ ਲੋਕਾਂ ਦਾ ਵਿਸ਼ਵਾਸ ਫਿਰ ਮਜ਼ਬੂਤ ਹੋਵੇਗਾ ਅਤੇ ਅਕਾਲੀ ਦਲ ਸਿਆਸੀ ਮੰਚ ਉੱਤੇਫਿਰ ਉਭਰ ਸਕੇਗਾ। ਇਸੇ ਰਿਪੋਰਟ ਵਿੱਚ ਇਹ ਵੀ ਪਤਾ ਲੱਗਾ ਹੈ ਕਿ ਪਾਰਟੀ ਵਿੱਚੋਂ ਉਠਦੀਆਂ ਸੁਧਾਰਵਾਦੀ ਆਵਾਜ਼ਾਂ ਤੋਂ ਬਾਅਦ ਦਿੱਲੀ ਵਿੱਚ ਸੀਨੀਅਰ ਆਗੂ ਬਲਵਿੰਦਰ ਸਿੰਘ ਭੂੰਦੜ ਨੇ ਪਾਰਟੀ ਆਗੂਆਂ ਨੂੰ ਭਰੋਸਾ ਦਿੱਤਾ ਹੈਕਿ ਝੂੰਦਾਂ ਕਮੇਟੀ ਦੀ ਰਿਪੋਰਟ ਉੱਤੇ ਵਿਚਾਰ ਲਈ ਛੇਤੀ ਹੀ ਪਾਰਟੀ ਦੀ ਮੀਟਿੰਗ ਸੱਦੀ ਜਾਵੇਗੀ।


Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto

email: bsidhu@steinmetzlawyers.ca website: www.steinmetzlawyers.ca



ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ

ਅਸੀਂ ਪੇਂਟ ਵੀ ਕਰਦੇ ਹਾਂ

24 ਘੰਟੇ ਤੁਹਾਡੀ ਸੇਵਾ ਵਿੱਚ

SINGH (TOCHI)
416-454-3031
647-784-8240
Email: tochisangha1@hotmail.com

CANADIAN
GLASS AND WINDOW



# ਹਰਿਆਣੇ ਤੋਂ ਬਾਅਦ ਦੋ ਹੋਰ ਪੁਲਸ ਮੁਲਾਜ਼ਮਾਂ ਦੀ ਹੱਤਿਆ

ਰਾਂਚੀ, 21 ਜੁਲਾਈ (ਪੋਸਟ ਬਿਊਰੋ)- ਅਜੇ ਹਰਿਆਣਾ ਦੇ ਨੂਹ ਵਿੱਚ ਡੀ ਐਸ ਪੀ ਸੁਰਿੰਦਰ ਸਿੰਘ ਦੀ ਮਾਈਨਿੰਗ ਮਾਫੀਆ ਵੱਲੋਂ ਟਿੱਪਰ ਹੇਠ ਦੇ ਕੇ ਕੀਤੀ ਹੱਤਿਆ ਦੀ ਸਿਆਹੀ ਨਹੀਂ ਸੁੱਕੀ ਸੀ ਕਿ ਦੋ ਹੋਰ ਪੁਲਸ ਮੁਲਜ਼ਮਾਂ ਦੀ ਹੱਤਿਆ ਕਰ ਦਿੱਤੀ ਗਈ ਹੈ। ਇੱਕ ਘਟਨਾ ਝਾਰਖੰਡ ਅਤੇ ਦੂਸਰੀ ਗੁਜਰਾਤ ਰਾਜ ਦੀ ਹੈ।




ਝਾਰਖੰਡ ਦੀ ਰਾਜਧਾਨੀ ਰਾਂਚੀ ਵਿੱਚ ਇੱਕ ਮਹਿਲਾ ਪੁਲਸ ਥਾਣੇਦਾਰ ਨੂੰ ਮੋਟਰਗੱਡੀਆਂ ਦੀ ਚੈਕਿੰਗ ਦੌਰਾਨ ਇੱਕ ਵਾਹਨ ਚਾਲਕ ਨੇ ਕੁਚਲ ਦਿੱਤਾ। ਇਹ ਘਟਨਾ ਰਾਂਚੀ ਜ਼ਿਲ੍ਹੇ ਦੇ ਤੁਪੁਦਾਨਾ ਓਪੀ ਖੇਤਰ ਦੇ ਹੁਲਹੁੰਦੂ ਵਿਖੇ ਵਾਪਰੀ।ਮਿਲੇ ਵੇਰਵੇ ਮੁਤਾ-ਬਕ ਮੋਟਰਗੱਡੀਆਂ ਦੀ ਚੈਕਿੰਗ ਦੌਰਾਨ 2018 ਬੈਚ ਦੀ ਮਹਿਲਾ ਅਧਿਕਾਰੀ ਸੰਧਿਆ ਟੋਪਨੋ ਨੂੰ ਪਸ਼ੂਆਂ ਨਾਲ ਲੱਦੀ ਪਿਕਅਪ ਵੈਨ ਦੇ ਡਰਾਈਵਰ ਨੇ ਕੁਚਲ ਦਿੱਤਾ। ਉਸ ਦੀ ਮੌਕੇ ਉੱਤੇ ਮੌਤ ਹੋ ਗਈ। ਪੁਲਸ ਸੂਤਰਾਂ ਮੁਤਾਬਕ ਘਟਨਾ ਕੱਲ੍ਹ ਤੜਕੇ ਤਿੰਨ ਵਜੇ ਦੇ ਨੇੜੇ ਵਾਪਰੀ। ਸੂਚਨਾ ਮਿਲਦਿਆਂ ਹੀ ਚੋਟੀ ਦੇ ਪੁਲਸ ਅਧਿਕਾਰੀ ਮੌਕੇ ਉੱਤੇ ਪੁੱਜੇ। ਮਿਲੀ ਜਾਣਕਾਰੀ ਮੁਤਾਬਕ ਪੁਲਸ ਪਾਰਟੀ ਨੇ ਪਿਕਅਪ ਵੈਨ ਦੇ ਡਰਾਈਵਰ ਨੂੰ ਫੜ ਲਿਆ ਹੈ। ਸਮਝਿਆ ਜਾਂਦਾ ਹੈ ਕਿ ਉਕਤ ਪਿਕਅਪ ਵੈਨ ਵਿੱਚੋਂ ਕਈ ਸਮੱਗਲਰ ਛਾਲਾਂ ਮਾਰ ਕੇ ਦੌੜ ਗਏ। ਪੁਲਸ ਉਨ੍ਹਾਂ ਦੀ ਭਾਲ ਕਰ ਰਹੀ ਹੈ।

ਉਧਰ ਗੁਜਰਾਤ ਦੇ ਆਣੰਦ ਜ਼ਿਲ੍ਹੇ ਵਿੱਚ ਕੱਲ੍ਹ ਦੇਰ ਰਾਤ ਜਾਂਚ ਦੌਰਾਨ ਇੱਕ ਪੁਲਸ ਕਾਂਸਟੇਬਲ ਨੇ ਇੱਕ ਟਰੱਕ ਨੂੰ ਰੋਕਣ ਦੀ ਕੋਸ਼ਿਸ਼ ਕੀਤੀ, ਪਰ ਚਾਲਕ ਨੇ ਰੁਕਣ ਦੀ ਬਜਾਏ ਟਰੱਕ ਨਾਲ ਕਾਂਸਟੇਬਲ ਨੂੰ ਕੁਚਲ ਦਿੱਤਾ। ਪੁਲਸ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਘਟਨਾ ਬੋਰਸਾਦ ਸ਼ਹਿਰ ਕੋਲ ਹਾਈਵੇ ਉੱਤੇ ਦੇਰ ਰਾਤ ਹੋਈ। ਪੁਲਸ ਸੁਪਰਡੈਂਟ ਪੀ ਐਚ ਦੇਸਾਈ ਨੇ ਕਿਹਾ ਕਿ ਕਾਂਸਟੇਬਲ ਕਰਣਸਿੰਗ ਰਾਜ (40) ਨੇ ਇੱਕ ਕੰਟੇਨਰ ਟਰੱਕ ਨੂੰ ਰੁਕਣ ਦਾ ਸੰਕੇਤ ਕੀਤਾ ਪਰ ਟਰੱਕ ਚਾਲਕ ਨੇ ਵਾਹਨ ਨਾਲ ਰਾਜ ਨੂੰ ਕੁਚਲ ਦਿੱਤਾ। ਉਨ੍ਹਾਂ ਕਿਹਾ ਕਿ ਰਾਜ ਗੰਭੀਰ ਜ਼ਖ਼ਮੀ ਸੀ ਅਤੇ ਹਸਪਤਾਲ ਵਿੱਚ ਉਸ ਦੀ ਮੌਤ ਹੋ ਗਈ। ਟਰੱਕ ਚਾਲਕ ਵਾਹਨ ਨੂੰ ਘਟਨਾ ਸਥਾਨ ਉੱਤੇ ਛੱਡ ਕੇ ਫਰਾਰ ਹੋ ਗਿਆ।

# ਅੰਬਾਲੇ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ

ਅੰਬਾਲਾ, 21 ਜੁਲਾਈ (ਪੋਸਟ ਬਿਊਰੋ)- ਮਹੇਸ਼ ਨਗਰ ਥਾਣਾ ਖੇਤਰ ਵਿੱਚ ਬਬਿਆਲ ਦੇ ਮੁੱਖ ਬਾਜ਼ਾਰ ਦੇ ਗੁਰਦੁਆਰੇ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਮਾਮਲਾ ਸਾਹਮਣੇ ਆਇਆ ਹੈ।

ਪਤਾ ਲੱਗਾ ਹੈ ਕਿ ਸ਼ਰਾਰਤੀਆਂ ਨੇ ਗੁਰੂ ਗ੍ਰੰਥ ਸਾਹਿਬ ਦੇ ਇੱਕ ਅੰਗ (ਪੰਨੇ) ਦਾ ਕੁਝ ਹਿੱਸਾ ਪਾੜ ਕੇ ਪਾਲਕੀ ਸਾਹਿਬ ਦੇ ਹੇਠਾਂ ਸੁੱਟ ਦਿੱਤਾ। ਗੁਰਦੁਆਰੇ ਵਿੱਚ ਪੁੱਜੇ ਇੱਕ ਸ਼ਰਧਾਲੂ ਨੇ ਜਦੋਂ ਇਸ ਨੂੰ ਦੇਖਿਆ ਤਾਂ ਇਸ ਦੀ ਜਾਣਕਾਰੀ ਗੁਰਦੁਆਰਾ ਕਮੇਟੀ ਨੂੰ ਦਿੱਤੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਹਰਪਾਲ ਸਿੰਘ ਪਾਲੀ ਸਣੇ ਗੁਰਦੁਆਰਾ ਕਮੇਟੀ ਦੇ ਅਹੁਦੇਦਾਰਾਂ ਨੇ ਮੀਟਿੰਗ ਕੀਤੀ।



ਮੌਕੇ ਉੱਤੇ ਡੀ ਐਸ ਪੀ ਰਜਨੀਸ਼ ਅਤੇ ਐਸ ਐਚ ਓ ਸੁਭਾਸ਼ ਪੁੱਜੇ ਤੇ ਘਟਨਾ ਦੀ ਜਾਣਕਾਰੀ ਲਈ। ਇਸ ਬਾਰੇ ਗੁਰਦੁਆਰਾ ਕਮੇਟੀ ਨੇ ਪੁਲਸ ਨੂੰ ਸ਼ਿਕਾਇਤ ਵੀ ਸੌਂਪੀ ਹੈ।

ਮਿਲੀ ਜਾਣਕਾਰੀ ਅਨੁਸਾਰ ਬਬਿਆਲ ਦੇ ਪੰਜਾਬੀ ਗੁਰਦੁਆਰੇ ਵਿੱਚ ਕੱਲ੍ਹ ਸ਼ਾਮ ਕਰੀਬ ਸਾਢੇ ਛੇ ਵਜੇ ਔਰਤ ਸ਼ਰਧਾਲੂ ਚਰਨਜੀਤ ਕੌਰ ਸੇਵਾ ਕਰਨ ਲਈ ਆਈ ਤਾਂ ਉਸ ਨੇ ਦੇਖਿਆ ਕਿ ਗੁਰੂ ਗ੍ਰੰਥ ਸਾਹਿਬ ਦਾ ਅੰਗ ਪਾੜ ਕੇ ਕਿਸੇ ਨੇ ਮਹਾਰਾਜ ਦੀ ਪਾਲਕੀ ਸਾਹਿਬ ਹੇਠਾਂ ਸੁੱਟ ਦਿੱਤਾ ਹੈ। ਕਰੀਬ ਚਾਰ ਤੋਂ ਪੰਜ ਇੰਚ ਅੰਗ ਪਾੜਿਆ ਗਿਆ ਹੈ। ਇਸ ਬਾਰੇ ਚਰਨਜੀਤ ਕੌਰ ਨੇ ਗੁਰਦੁਆਰਾ ਕਮੇਟੀ ਦੇ ਅਹੁਦੇਦਾਰਾਂ ਨੂੰ ਦੱਸਿਆ ਤਾਂਓਥੇ ਸੰਗਤ ਇਕੱਠੀ ਹੋ ਗਈ। ਇਸੇ ਦੌਰਾਨ ਸ਼੍ਰੋਮਣੀਕਮੇਟੀ ਮੈਂਬਰ ਹਰਪਾਲ ਸਿੰਘ ਪਾਲੀ ਵੀ ਓਥੇ ਪੁੱਜ ਗਏ। ਇੱਥੇ ਉਨ੍ਹਾਂ ਗੁਰਦੁਆਰਾ ਕਮੇਟੀ ਦੇ ਅਹੁਦੇਦਾਰਾਂ ਨਾਲ ਗੱਲਬਾਤ ਕੀਤੀ ਤੇ ਪੁਲਸ ਨੂੰ ਲਿਖਤੀ ਸ਼ਿਕਾਇਤ ਸੌਂਪੀ, ਹਾਲੇ ਇਹ ਪਤਾ ਨਹੀਂ ਲੱਗ ਸਕਿਆ ਕਿ ਕਿਸ ਵਿਅਕਤੀ ਨੇ ਇਹ ਸ਼ਰਾਰਤ ਕੀਤੀ ਹੈ। ਗੁਰਦੁਆਰਾ ਕੰਪਲੈਕਸ ਵਿੱਚ ਸੀ ਸੀ ਟੀ ਵੀ ਕੈਮਰਾ ਨਹੀਂ ਹੈ।

# ਵਿਦਿਆਰਥਣਾਂ ਦੇ ਅੰਡਰ ਗਾਰਮੈਂਟਸ ਉਤਰਾਉਣ ਵਾਲੀਆਂ 5 ਔਰਤਾਂ ਗ੍ਰਿਫ਼ਤਾਰ

ਤਿਰੂਵਨੰਤਪੁਰਮ, 21 ਜੁਲਾਈ (ਪੋਸਟ ਬਿਊਰੋ)- ਕੇਰਲ ਦੇ ਕੋਲੱਮ ਸੈਂਟਰ ਵਿੱਚ ਨੀਟ (ਨੈਸ਼ਨਲ ਐਲਿਜਬਿਲਟੀ ਕਮ ਐਂਟਰੈਂਸ ਟੈਸਟ) ਤੋਂ ਪਹਿਲਾਂ ਤਲਾਸ਼ੀ ਵਿੱਚ ਜ਼ਬਰਦਸਤੀ ਕੁਝ ਵਿਦਿਆਰਥਣਾਂ ਦੇ ਅੰਡਰ ਗਾਰਮੈਂਟਸ ਉਤਰਵਾਉਣ ਵਾਲੀਆਂ ਪੰਜ ਔਰਤਾਂ ਨੂੰ ਪੁਲਸ ਨੇ ਗ੍ਰਿਫਤਾਰ ਕਰ ਲਿਆ ਅਤੇ ਇਨ੍ਹਾਂ ਤੋਂ ਪੁੱਛਗਿੱਛ ਕਰ ਰਹੀ ਹੈ।



ਇਸ ਕੇਸ ਵਿੱਚ ਕੇਰਲ ਪੁਲਸ ਅਨੁਸਾਰ ਇਨ੍ਹਾਂ ਵਿੱਚੋਂ ਤਿੰਨ ਔਰਤਾਂ ਨੈਸ਼ਨਲ ਟੈਸਟਿੰਗ ਏਜੰਸੀ (ਐਨ ਟੀ ਏ) ਵੱਲੋਂ ਨਿਯੁਕਤ ਏਜੰਸੀ ਦੀਆਂ ਮੁਲਾਜ਼ਮ ਤੇ ਦੋ ਔਰਤਾਂ ਅਯੂਰ ਦੀਪ੍ਰਾਈਵੇਟ ਸਿੱਖਿਆ ਸੰਸਥਾ (ਨੀਟ ਪ੍ਰੀਖਿਆ ਕੇਂਦਰ) ਦੀਆਂ ਮੁਲਾਜ਼ਮ ਹਨ। ਪੁਲਸ ਨੇ ਪ੍ਰੀਖਿਆ ਵਿੱਚ ਵਿਦਿਆਰਥਣਾਂ ਦੇ ਅੰਡਰ ਗਾਰਮੈਂਟਸ ਉਤਰਵਾਉਣ ਦੇ ਮਾਮਲੇ ਵਿੱਚ ਕੇਸ ਦਰਜ ਕਰ ਲਿਆ ਹੈ। ਇਸ ਦੀ ਰਸਮੀ ਸ਼ਿਕਾਇਤ 17 ਸਾਲਾ ਵਿਦਿਆਰਥਣ ਨੇ ਕੀਤੀ ਹੈ, ਜਿਸ ਨੇ ਪਹਿਲੀ ਵਾਰ ਪ੍ਰੀਖਿਆ ਦਿੱਤੀ ਸੀ। ਦੱਖਣੀ ਕੇਰਲ ਵਿੱਚ ਵਿਰੋਧ-ਪ੍ਰਦਰਸ਼ਨ ਸ਼ੁਰੂ ਹਨ। ਪ੍ਰਦਰਸ਼ਨਕਾਰੀ ਵਿਦਿਆਰਥਣਾਂ ਨੇ ਅਯੂਰ ਵਿੱਚ ਨਿੱਜੀ ਸਿੱਖਿਆ ਸੰਸਥਾ ਵਿੱਚ ਭੰਨ-ਤੋੜ ਕੀਤੀ। ਪੁਲਸ ਕਾਰਵਾਈ ਵਿੱਚ ਕੁਝ ਵਿਦਿਆਰਥੀ ਜ਼ਖਮੀ ਵੀ ਹੋਏ ਹਨ।

ਨੀਟ ਵਿੱਚ ਅੰਡਰ ਗਾਰਮੈਂਟਸ ਉਤਰਾਉਣ ਦੇ ਮੁੱਦੇ ਨੇ ਜ਼ੋਰ ਫੜ ਲਿਆ ਹੈ। ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਦੇ ਦਖਲ ਪਿੱਛੋਂ ਕੱਲ੍ਹ ਐਨ ਟੀ ਏ ਨੇ ਇਸ ਦੀ ਪੜਤਾਲ ਲਈ ਕਮੇਟੀ ਬਣਾਈ ਹੈ। ਕਮੇਟੀ ਦੇ ਮੈਂਬਰ ਜਲਦੀ ਹੀ ਕੇਰਲ ਦਾ ਦੌਰਾ ਕਰਨਗੇ। ਇਸ ਤੋਂ ਪਹਿਲਾਂ ਐਨ ਟੀ ਏ ਨੇ ਇਸ ਪ੍ਰੀਖਿਆ ਕੇਂਦਰ ਦੇ ਸੁਪਰਡੈਂਟ ਅਤੇ ਐਗਜ਼ਾਮੀਨਰ ਦੀ ਰਿਪੋਰਟ ਉੱਤੇ ਦੋਸ਼ਾਂ ਨੂੰ ਰੱਦ ਕੀਤਾ ਅਤੇ ਅੰਡਰ ਗਾਰਮੈਂਟਸ ਉਤਰਾਉਣ ਦੀ ਘਟਨਾ ਨੂੰ ਝੂਠ ਕਿਹਾ ਹੈ। ਇਸ ਪੂਰੇ ਕੇਸ ਬਾਰੇ ਕੇਂਦਰੀ ਵਿਦੇਸ਼ ਅਤੇ ਪਾਰਲੀਮੈਂਟਰੀ ਕਾਰਜ ਮੰਤਰੀ ਵੀ ਮੁਰਲੀਧਰਨ ਨੇ ਪ੍ਰਧਾਨ ਨਾਲ ਮੁਲਾਕਾਤ ਕੀਤੀ ਹੈ।

# ਅਗਨੀਪਥ ਯੋਜਨਾ ਤਹਿਤ ਜਾਤੀ ਸਰਟੀਫਿਕੇਟ ਮੰਗਣ ਕਾਰਨ ਵਿਰੋਧੀ ਧਿਰਾਂ ਦਾ ਸਰਕਾਰ ਉੱਤੇ ਨਿਸ਼ਾਨਾ

ਨਵੀਂ ਦਿੱਲੀ, 21 ਜੁਲਾਈ (ਪੋਸਟ ਬਿਊਰੋ)- ਫੌਜ ਵਿੱਚ ਭਰਤੀ ਲਈ ਜਾਤੀ ਸਰਟੀਫਿਕੇਟ ਦਾ ਨਵਾਂ ਮੁੱਦਾ ਭਖ ਗਿਆ ਹੈ। ਇਸ ਬਾਰੇ ਵਿਰੋਧੀ ਧਿਰਾਂ ਵੱਲੋਂ ਸਵਾਲ ਖੜ੍ਹੇ ਕੀਤੇ ਜਾ ਰਹੇ ਹਨ ਕਿ ਭਾਰਤ ਦੇ ਇਤਿਹਾਸ ਵਿੱਚ ਪਹਿਲੀ ਵਾਰੀ ਫੌਜ ਦੀ ਭਰਤੀ ਵਿੱਚ ਜਾਤ ਪੁੱਛੀ ਗਈ ਹੈ। ਵਿਰੋਧੀ ਧਿਰਾਂ ਵੱਲੋਂ ਸੋਸ਼ਲ ਮੀਡੀਆ ਉੱਤੇ ਨਿਸ਼ਾਨਾ ਬਣਾਏ ਜਾਣ ਪਿੱਛੋਂ ਭਾਜਪਾ ਨੇ ਵੀ ਆਪਣੇ ਪੱਧਰ ਉੱਤੇ ਸਪੱਸ਼ਟੀਕਰਨ ਦਿੱਤਾ ਅਤੇ ਇਸ ਬਾਰੇ ਫੌਜ ਦਾ ਬਿਆਨ ਵੀ ਆਇਆ ਹੈ।



ਆਮ ਆਦਮੀ ਪਾਰਟੀ ਦੇ ਪਾਰਲੀਮੈਂਟ ਮੈਂਬਰ ਸੰਜੇ ਸਿੰਘ ਨੇ ਟਵੀਟ ਰਾਹੀਂ ਕਿਹਾ ਕਿ ਮੋਦੀ ਸਰਕਾਰ ਦਾ ਘਟੀਆ ਚਿਹਰਾ ਦੇਸ਼ ਦੇ ਸਾਹਮਣੇ ਆ ਚੁੱਕਾ ਹੈ। ਕੀ ਮੋਦੀ ਦਲਿਤਾਂ, ਪੱਛੜਿਆਂ ਤੇ ਆਦਿਵਾਸੀਆਂ ਨੂੰ ਫੌਜ ਵਿੱਚ ਭਰਤੀ ਦੇ ਯੋਗ ਨਹੀਂ ਮੰਨਦੇ? ਉਨ੍ਹਾਂ ਪ੍ਰਧਾਨ ਮੰਤਰੀ ਨੂੰ ਵਿਅੰਗ ਕਰਦੇ ਹੋਏ ਕਿਹਾ ਤੁਸੀਂ 'ਅਗਨੀਵੀਰ' ਬਣਾਉਣਾ ਹੈ ਜਾਂ 'ਜਾਤੀਵੀਰ'। ਰਾਸ਼ਟਰੀ ਜਨਤਾ ਦਲ ਦੇ ਆਗੂ ਤੇਜੱਸਵੀ ਯਾਦਵ ਨੇ ਟਵੀਟ ਰਾਹੀਂ ਤਨਜਕੀਤੀ: 'ਜਾਤ ਨਾ ਪੁੱਛੋ ਸਾਧੂ ਦੀ, ਪ੍ਰੰਤੂ ਜਾਤ ਪੁੱਛੋ ਫੌਜੀ ਦੀ।' ਤੇਜੱਸਵੀ ਯਾਦਵ ਨੇ ਕਿਹਾ ਕਿ ਆਜ਼ਾਦੀ ਤੋਂ ਬਾਅਦ 75 ਸਾਲ ਤਕ ਫੌਜ ਵਿੱਚ ਠੇਕੇ ਉੱਤੇ ਅਗਨੀਪੱਥ ਦੀ ਵਿਵਸਥਾ ਲਾਗੂ ਨਹੀਂ ਸੀ। ਉਨ੍ਹਾਂ ਕਿਹਾ ਕਿ ਭਾਜਪਾ ਸਰਕਾਰ ਜਾਤੀਗਤ ਮਰਦਮਸ਼ੁਮਾਰੀ ਤੋਂ ਦੂਰ ਭੱਜਦੀ ਹੈ, ਪਰ ਦੇਸ਼ ਸੇਵਾ ਲਈ ਜਾਨ ਦੇਣ ਵਾਲੇ ਅਗਨੀਵੀਰ ਭਰਾਵਾਂ ਦੀ ਜਾਤ ਪੁੱਛਦੀ ਹੈ। ਭਾਜਪਾ ਦੇ ਪਾਰਲੀਮੈਂਟ ਮੈਂਬਰ ਵਰੁਣ ਗਾਂਧੀ ਨੇ ਟਵੀਟ ਰਾਹੀਂ ਜਾਤ ਤੇ ਧਰਮ ਦਾ ਸਰਟੀਫਿਕੇਟ ਮੰਗੇ ਜਾਣ ਸਬੰਧੀ ਇੱਕ 'ਸਕਰੀਨ ਸ਼ਾਰਟ' ਸ਼ੇਅਰ ਕਰਦਿਆਂ ਕਿਹਾ ਕਿ ਫੌਜ ਵਿੱਚ ਕਿਸੇ ਤਰ੍ਹਾਂ ਦਾ ਕੋਈ ਰਾਖਵਾਂਕਰਨ ਨਹੀਂ, ਪਰ ਅਗਨੀਪਥ ਦੀ ਭਰਤੀ ਲਈ ਜਾਤੀਸਰਟੀਫਿਕੇਟ ਮੰਗਿਆ ਜਾ ਰਿਹਾ ਹੈ। ਕੀ ਅਸੀਂ ਜਾਤ ਵੇਖ ਕੇ ਕਿਸੇ ਦੀ ਰਾਸ਼ਟਰ ਭਗਤੀ ਤੈਅ ਕਰਾਂਗੇ?

ਭਾਜਪਾ ਦੇ ਬੁਲਾਰੇ ਸੰਬਿਤ ਪਾਤਰਾ ਨੇ ਜਾਤੀਸਰਟੀਫਿਕੇਟਦੇ ਬਾਰੇ ਵਿਰੋਧੀ ਧਿਰਾਂ ਉੱਤੇ ਗੁੰਮਰਾਹ ਕਰਨ ਦਾ ਦੋਸ਼ ਲਾਇਆ ਅਤੇ ਕਿਹਾ ਕਿ ਰਾਜਨੀਤੀ ਕਰਦਿਆਂ ਦੇਸ਼ ਦੀ ਫੌਜ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਹਕੀਕਤ ਇਹ ਹੈ ਕਿ ਭਾਰਤੀ ਫੌਜ ਕਿਸੇ ਕੀਮਤ ਉੱਤੇ ਧਰਮ ਜਾਂ ਜਾਤ ਦੇ ਆਧਾਰ ਉੱਤੇ ਭਰਤੀ ਨਹੀਂ ਕਰਦੀ ਹੈ। ਦੂਜੇ ਪਾਸੇ ਭਾਰਤੀ ਫੌਜ ਨੇ ਦੱਸਿਆ ਹੈ ਕਿ ਪਹਿਲਾਂ ਵੀ ਫੌਜੀ ਭਰਤੀਵੇਲੇ ਜਾਤ ਸਰਟੀਫਿਕੇਟਮੰਗਿਆ ਜਾਂਦਾ ਸੀ, ਇਸ ਕਰ ਕੇ ਅਗਨੀਵੀਰ ਯੋਜਨਾ ਲਈ ਜੇ ਜਾਤੀਸਰਟੀਫਿਕੇਟ ਮੰਗੇ ਗਏ ਹਨ ਤਾਂ ਇਸ ਵਿੱਚ ਕੁਝ ਨਵਾਂ ਨਹੀਂ। ਫੌਜ ਨੇ ਦੱਸਿਆ ਕਿ ਸਾਡੇ ਜਵਾਨ ਸਰਬਉਚ ਕੁਰਬਾਨੀ ਲਈ ਹਮੇਸ਼ਾ ਤਿਆਰ ਰਹਿੰਦੇ ਹਨ। ਅਜਿਹੇ ਵਿੱਚ ਸ਼ਹੀਦਾਂ ਦੇ ਅੰਤਿਮ ਸਸਕਾਰ ਲਈ ਧਰਮ ਜਾਨਣਾ ਜ਼ਰੂਰੀ ਹੁੰਦਾ ਹੈ, ਇਸੇ ਲਈ ਜਾਤੀਸਰਟੀਫਿਕੇਟ ਦੀ ਲੋੜ ਹੁੰਦੀ ਹੈ। ਫੌਜ ਮੁਤਾਬਕ ਇਹ ਪਰੰਪਰਾ ਦਹਾਕਿਆਂ ਤੋ ਚਲੀ ਆਈ ਹੈ ਕਿਉਂਕਿ ਫੌਜ ਹਰ ਤਰ੍ਹਾਂ ਫੌਜੀ ਦੀਆਂ ਪਰੰਪਰਾਵਾਂ ਦਾ ਧਿਆਨ ਰੱਖਦੀ ਹੈ।

## ਮੈਂ ਕੋਈ ਅਪਰਾਧੀ ਨਹੀਂ, ਮੁੱਖ ਮੰਤਰੀ ਹਾਂ: ਕੇਜਰੀਵਾਲ

ਨਵੀਂ ਦਿੱਲੀ, 21 ਜੁਲਾਈ (ਪੋਸਟ ਬਿਊਰੋ)- ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਲਗਾਤਾਰ ਕੇਂਦਰ ਸਰਕਾਰ ਉੱਤੇ ਉਨ੍ਹਾਂ ਦੇ ਸਿੰਗਾ-ਪੁਰ ਦੌਰੇ ਵਿੱਚ ਰੁਕਾਵਟ ਪਾਉਣ ਦਾ ਦੋਸ਼ ਲਾ ਰਹੇ ਹਨ। ਉਨ੍ਹਾ ਨੇ ਕੱਲ੍ਹ ਫਿਰ ਕਿਹਾ ਕਿ ਲੱਗਦਾ ਹੈ ਕਿ ਉਨ੍ਹਾਂ ਦੀ ਸਿੰਗਾਪੁਰ ਯਾਤਰਾ ਨੂੰ ਸਿਆਸੀ ਕਾਰਨਾਂ ਕਰਕੇ ਰੋਕਿਆ ਗਿਆ ਹੈ। ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਕਿਹਾ,"ਮੈਂ ਅਪਰਾਧੀ ਨਹੀਂ ਹਾਂ। ਮੈਂ ਮੁੱਖ ਮੰਤਰੀ ਹਾਂ ਅਤੇ ਦੇਸ਼ ਦਾ ਆਜ਼ਾਦ ਨਾਗਰਿਕ ਹਾਂ। ਮੈਨੂੰ ਸਿੰਗਾਪੁਰ ਜਾਣ ਤੋਂ ਰੋਕਣ ਦਾ ਕੋਈ ਕਾਨੂੰਨੀ ਆਧਾਰ ਨਹੀਂ ਹੈ। ਇਸ ਲਈ ਇਸ ਪਿੱਛੇ ਕੋਈ ਨਾ ਕੋਈ ਸਿਆਸੀ ਕਾਰਨ ਜਾਪਦਾ ਹੈ। ਜੂਨ ਵਿੱਚ ਸਿੰਗਾਪੁਰ ਦੇ ਹਾਈ ਕਮਿਸ਼ਨਰ ਐਸ ਸਾਈਮਨ ਵੌਂਗ ਨੇ ਮੈਨੂੰ ਸੰਮੇਲਨ ਲਈ ਸੱਦਾ ਦਿੱਤਾ ਸੀ। ਮੈਂ ਅਪਰਾਧੀ ਨਹੀਂ, ਚੁਣਿਆ ਹੋਇਆ ਮੁੱਖ ਮੰਤਰੀ ਹਾਂ।' ਦਿੱਲੀ ਦੇ ਮੁੱਖ ਮੰਤਰੀ ਨੇ ਇੱਕ ਸੰਮੇਲਨ ਵਿੱਚਸ਼ਾਮਲ ਹੋਣ ਲਈ ਸਿੰਗਾਪੁਰ ਜਾਣਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਕੇਂਦਰ ਸਰਕਾਰ ਉਨ੍ਹਾਂ ਨੂੰ ਇਸ ਦੀ ਇਜਾਜ਼ਤ ਨਹੀਂ ਦੇ ਰਹੀ। ਇਹ ਕਾਨਫਰੰਸ ਅਗਸਤ ਦੇ ਪਹਿਲੇ ਹਫ਼ਤੇ ਹੋਣੀ ਹੈ।

## ਪ੍ਰਸਿੱਧ ਕਾਰੋਬਾਰੀ ਡਾਕਟਰ ਨੇ ਸਾਰੀ ਜਾਇਦਾਦ ਦਾਨ ਕਰ ਦਿੱਤੀ

ਮੁਰਾਦਾਬਾਦ, 21 ਜੁਲਾਈ (ਪੋਸਟ ਬਿਊਰੋ)- ਪ੍ਰਸਿੱਧ ਕਾਰੋਬਾਰੀ, ਸਿੱਖਿਆ ਮਾਹਰ ਤੇ ਸਮਾਜਸੇਵੀ ਡਾਕਟਰ ਅਰਵਿੰਦ ਗੋਇਲ ਨੇ ਬੀਤੇ ਦਿਨੀਂ ਹੈਰਾਨ ਕਰ ਦੇਣ ਵਾਲਾ ਫੈਸਲਾ ਲਿਆ ਹੈ। ਉਹ ਸਾਰੀ ਜਾਇਦਾਦ ਦਾਨ ਕਰਨ ਲੱਗੇ ਹਨ ਅਤੇ ਚਾਹੁੰਦੇ ਹਨ ਕਿ ਇਸ ਜਾਇਦਾਦ ਦੀ ਵਰਤੋਂ ਉਤਰ ਪ੍ਰਦੇਸ਼ ਦੇ ਗਰੀਬਾਂ ਦੀ ਮੁਫਤ ਸਿੱਖਿਆ ਤੇ ਬਿਹਤਰ ਸਿਹਤ ਸਹੂਲਤਾਂ ਲਈ ਕੀਤੀ ਜਾਏ। ਉਹ ਸਿਰਫ ਇੱਕ ਕੋਠੀ ਆਪਣੇ ਕੋਲ ਰੱਖਣਗੇ। ਅੰਦਾਜ਼ਾ ਹੈ ਕਿ ਉਨ੍ਹਾਂ ਦੀ ਇਹ ਜਾਇਦਾਦ ਸੈਂਕੜੇ ਕਰੋੜ ਰੁਪਏ ਦੀ ਹੈ। ਦਾਨ ਦੀ ਪ੍ਰਕਿਰਿਆ ਡੀ ਐਮ ਮੁਰਾਦਾਬਾਦ ਰਾਹੀਂ ਪੂਰੀ ਕੀਤੀ ਜਾਏਗੀ। ਡਾਕਟਰ ਗੋਇਲ ਦਾ ਇਹ ਐਲਾਨ ਸ਼ਹਿਰ ਵਿੱਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਕੱਲ੍ਹ ਸ਼ਾਮ ਉਨ੍ਹਾਂ ਨੇ ਜ਼ਿਲ੍ਹਾ ਅਧਿਕਾਰੀ ਸ਼ੈਲੇਂਦਰ ਕੁਮਾਰ ਸਿੰਘ ਨਾਲ ਮੁਲਾਕਾਤ ਕੀਤੀ, ਪਰ ਉਨ੍ਹਾਂ ਨਾਲ ਕੀ ਗੱਲ ਹੋਈ, ਇਹ ਨਹੀਂ ਦੱਸਿਆ। ਗੋਇਲ ਨੇ ਕਿਹਾ, ਉਹ ਚਾਹੁੰਦੇ ਹਨ ਕਿ ਸਮਾਜ ਵਿੱਚ ਕੋਈ ਵੀ ਗਰੀਬ ਅਤੇ ਬੇਸਹਾਰਾ ਵਿਅਕਤੀ ਸਿੱਖਿਆ ਤੇ ਮੈਡੀਕਲ ਸਹੂਲਤਾਂ ਤੋਂ ਵਾਂਝਾ ਨਾ ਰਹੇ। ਡਾਕਟਰ ਅਰਵਿੰਦ ਨੇ ਮੁਰਾਦਾਬਾਦ ਜ਼ਿਲ੍ਹੇ ਦੇ 38 ਪਿੰਡ ਗੋਦ ਲਏ ਹਨ। ਉਥੋਂ ਦੇ ਸਰਕਾਰੀ ਸਕੂਲਾਂ ਵਿੱਚ ਫਰਨੀਚਰ ਤੇ ਕੰਪਿਊਟਰ ਲਵਾਉਣ ਦੇ ਇਲਾਵਾ ਹੋਰ ਮਦਦ ਕਰਦੇ ਹਨ। ਇਨ੍ਹਾਂ ਪਿੰਡਾਂ ਦੇ ਲੋੜਵੰਦਾਂ ਦੀ ਦਵਾ ਦਾ ਪ੍ਰਬੰਧ ਵੀ ਉਹੀ ਕਰਦੇ ਹਨ। ਉਨ੍ਹਾਂ ਦੇ 150 ਤੋਂ ਵੱਧ ਸਕੂਲ ਸਾਰੇ ਦੇਸ਼ ਵਿੱਚ ਚੱਲ ਰਹੇ ਹਨ। ਕੁਝ ਹਸਪਤਾਲ ਵੀ ਚੱਲ ਰਹੇ ਹਨ।





Hindu Sabha Temple

cordially invites all devotees along with family and friends for a series of pravachans

on Spirituality, Youth Development, Vedic Values & Stress free Living

by Swamy Sampoornanand Saraswati ji

from

July 17 to July 22 (6.30 pm to 8.30 pm)

Venue: Hindu Sabha Temple

9225 The Gore Rd, Brampton, ON L6P 0B6

ओ३म सगंच्छध्वं सं वदध्वम् सं वो मनांसि जानताम् | देवा भागं यथा पूर्वे सं जानानां उपासते ||

प्रेम से मिल कर चलो बोलो सभी ज्ञानी बनो | पूर्वजों की भांति तुम कर्त्तव्य के मानी बनो ||

About Swamy ji: Swamy Sampoornanad Saraswati Ji is from Kurukshetra, Haryana (India). He is a renowned Vedic philosopher who has mastered the art of meditation (Dhyaan/Yog). He has developed a holistic approach to spiritual healing for worldly ailments and has a deep knowledge of Vedic literature. This gives him the ability to clarify questions related to Vedic philosophy. Swamy Ji is a Sanyasi—a Sage who has dedicated his life to the propagation of Vedic Dharm.

Contact for Additional info: +1 (905) 794-4638; +1 (416) 817 4074; +1 416 457 4558


# ਏਅਰ ਏਸ਼ੀਆ ਇੰਡੀਆ ਦੀ ਅੰਤਰਰਾਸ਼ਟਰੀ ਉਡਾਣ ਪਰਮਿਟ ਲੈਣ ਦੀ ਯੋਜਨਾ ਨੂੰ ਝਟਕਾ

ਨਵੀਂ ਦਿੱਲੀ, 21 ਜੁਲਾਈ (ਪੋਸਟ ਬਿਊਰੋ)- ਟਾਟਾ ਗਰੁੱਪ ਦੀ ਸਸਤੀ ਏਅਰਲਾਈਨ ਏਅਰ ਏਸ਼ੀਆ ਇੰਡੀਆ ਵੱਲੋਂ ਅੰਤਰਰਾਸ਼ਟਰੀ ਉਡਾਣਾਂ ਦਾ ਪਰਮਿਟ ਲੈਣ ਵਿੱਚ ਅਸਮਰੱਥਾ ਕਾਰਨ ਸਰਕਾਰ ਦੇ ਅੰਤਰਰਾਸ਼ਟਰੀ ਉਡਾਣ ਪ੍ਰੋਜੈਕਟ ਨੂੰ ਝਟਕਾ ਲੱਗਾ ਹੈ। ਇਸ ਯੋਜਨਾ ਦਾ ਮਕਸਦ ਰਾਜ ਸਰਕਾਰਾਂ ਦੁਆਰਾ ਏਅਰਲਾਈਨਾਂ ਨੂੰ ਦਿੱਤੀਆਂ ਜਾਂਦੀਆਂ ਸਬਸਿਡੀਆਂ ਰਾਹੀਂ ਉਤਰ-ਪੂਰਬੀ ਰਾਜਾਂ ਅਤੇ ਉੜੀਸਾ ਦੇ ਸ਼ਹਿਰਾਂ ਨੂੰ ਅੰਤਰਰਾਸ਼ਟਰੀ ਮੰਜ਼ਿਲਾਂ ਨਾਲ ਜੋੜਨਾ ਹੈ।




ਜਾਣਕਾਰ ਸੂਤਰਾਂ ਨੇ ਕਿਹਾ ਕਿ ਹਵਾਬਾਜ਼ੀ ਮੰਤਰਾਲਾ ਟਾਟਾ ਸੰਨਜ਼ ਦੇ ਏਅਰਲਾਈਨ ਦੀ ਸੌ ਫੀਸਦੀ ਮਾਲਕੀ ਲੈਣ ਅਤੇ ਏਅਰ ਇੰਡੀਆ ਗਰੁੱਪ ਦਾ ਹਿੱਸਾ ਬਣਨ ਦੀ ਉਡੀਕ ਕਰ ਰਿਹਾ ਹੈ। ਇਸ ਮਗਰੋਂ ਇਸ ਨੂੰ ਅੰਤਰਰਾਸ਼ਟਰੀ ਉਡਾਣਾਂ ਚਲਾਉਣ ਦੀ ਇਜਾਜ਼ਤ ਦਿੱਤੀ ਜਾਵੇਗੀ। ਸਮਝਿਆ ਜਾਂਦਾ ਹੈ ਕਿ ਮਾਲਕੀ ਬਦਲਣ ਦੀ ਪ੍ਰਕਿਰਿਆ ਜਲਦੀ ਹੀ ਪੂਰੀ ਹੋ ਜਾਵੇਗੀ ਅਤੇ ਉਸ ਤੋਂ ਬਾਅਦ ਸਰਕਾਰ ਏਅਰਲਾਈਨ ਨੂੰ ਅੰਤਰਰਾਸ਼ਟਰੀ ਉਡਾਣਾਂ ਚਲਾਉਣ ਲਈ ਪਰਮਿਟ ਜਾਰੀ ਕਰੇਗੀ। ਜਾਣਕਾਰ ਸੂਤਰਾਂ ਨੇ ਦੱਸਿਆ ਕਿ ਅੰਤਰਰਾਸ਼ਟਰੀ ਉਡਾਣ ਯੋਜਨਾ ਲਈ ਬੋਲੀ ਪ੍ਰਕਿਰਿਆ ਏਅਰਪੋਰਟ ਅਥਾਰਟੀ ਆਫ ਇੰਡੀਆ ਨੇ ਕਰਵਾਈ ਸੀ। ਬੋਲੀ ਨਿਯਮਾਂ ਅਨੁਸਾਰ ਜੇ ਕੋਈ ਏਅਰਲਾਈਨ ਭਾਰਤ ਦੀ ਇੱਕ ਨਾਮਜਦ ਏਅਰਲਾਈਨ ਦੇ ਤੌਰ ਉੱਤੇ ਯੋਗ ਹੁੰਦੀ ਹੈ ਤਾਂ ਉਹ ਵੱਖ-ਵੱਖ ਰੂਟਾਂ ਲਈ ਬੋਲੀ ਦੇ ਸਕੇਗੀ।ਅੰਤਰਰਾਸ਼ਟਰੀ ਮਾਰਗਾਂ ਲਈ ਬੋਲੀ ਪ੍ਰਕਿਰਿਆ ਮਾਰਚ ਵਿੱਚ ਕਰਵਾਈ ਗਈ ਸੀ। ਇਸ ਵਿੱਚ ਏਅਰ ਏਸ਼ੀਆ ਇੰਡੀਆ ਨੇ ਅੱਠ ਅੰਤਰਰਾਸ਼ਟਰੀ ਰੂਟਾਂ ਉੱਤੇ ਉਡਾਣਾਂ ਚਲਾਉਣ ਲਈ ਬੋਲੀ ਜਿੱਤੀ ਸੀ। ਇਹਨਾਂ ਰੂਟਾਂ ਵਿੱਚ ਭੁਵਨੇਸ਼ਵਰ ਤੋਂ ਸਭ ਮੰਜ਼ਿਲਾਂ ਲਈ ਉਡਾਣਾਂ ਸ਼ਾਮਲਸਨ, ਕਿਉਂਕਿ ਇਸ ਨੇ ਇਹਨਾਂ ਰੂਟਾਂ ਉੱਤੇ ਤੈਨਾਤ ਸੀਟਾਂ ਲਈ ਸਭ ਤੋਂ ਘੱਟ ਸਬਸਿਡੀ ਦੀ ਮੰਗ ਕੀਤੀ ਸੀ।

# ਮਹਾਰਾਸ਼ਟਰ ਦੇ ਭਾਜਪਾ ਵਿਧਾਇਕ ਨੂੰ 90 ਕਰੋੜ ਰੁਪਏ ਵਿੱਚ ਮੰਤਰੀ ਬਣਾਉਣ ਦੀ ਪੇਸ਼ਕਸ਼, ਚਾਰ ਗ੍ਰਿਫ਼ਤਾਰ

ਮੁੰਬਈ, 21 ਜੁਲਾਈ (ਪੋਸਟ ਬਿਊਰੋ)- ਮੁੰਬਈ ਪੁਲਸ ਨੇ 90 ਕਰੋੜ ਰੁਪਏ ਵਿੱਚ ਮਹਾਰਾਸ਼ਟਰ ਦੇ ਨਵੇਂ ਬਣੇ ਮੰਤਰੀ ਮੰਡਲ ਵਿੱਚ ਜਗ੍ਹਾ ਦਿਵਾਉਣ ਦੇ ਨਾਂ ਉੱਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਇੱਕ ਵਿਧਾਇਕ ਨਾਲ ਧੋਖਾਧੜੀ ਕਰਨ ਦੀ ਕੋਸ਼ਿਸ਼ ਦੇ ਦੋਸ਼ ਵਿੱਚ ਪੁਣੇ ਜ਼ਿਲ੍ਹੇ ਤੋਂ ਚਾਰ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ।

ਇੱਕ ਅਧਿਕਾਰੀ ਨੇ ਦੱਸਿਆ ਕਿ ਮੁੰਬਈ ਕ੍ਰਾਈਮ ਬ੍ਰਾਂਚ ਦੇ ਐਂਟੀ ਐਕਸਟੌਰਸਨ ਸੈਲ ਨੇ ਦੌਂਡ ਅਸੈਂਬਲੀ ਸੀਟ ਤੋਂ ਵਿਧਾਇਕ ਰਾਹੁਲ ਕੁਲ ਦੀ ਸ਼ਿਕਾਇਤ ਦੇ ਆਧਾਰ ਉੱਤੇ ਇਨ੍ਹਾਂ ਲੋਕਾਂ ਨੂੰ ਫੜਿਆ ਹੈ। ਕ੍ਰਾਈਮ ਬ੍ਰਾਂਚ ਦੇ ਅਧਿਕਾਰੀ ਨੇ ਦੱਸਿਆ ਕਿ ਦੋਸ਼ੀਆਂ ਦੀ ਪਛਾਣ ਰਿਆਜ ਸ਼ੇਖ (41), ਯੋਗੇਸ ਕੁਲਕਰਨੀ (57), ਸਾਗਰ ਸੰਗਵਾਈ (37) ਤੇ ਜਫਰ ਅਹਿਮਦ ਰਾਸ਼ਿਦ ਅਹਿਮਦ ਉਸਮਾਨੀ (53) ਵਜੋਂ ਹੋਈ ਹੈ। ਵਿਧਾਇਕ ਦੀ ਬੇਨਤੀ ਉੱਤੇਇਨ੍ਹਾਂ ਦੋਸ਼ੀਆਂ ਨੇ ਨਰੀਮਨ ਪੁਆਇੰਟ ਉੱਤੇ ਸ਼ੇਖ ਅਤੇ ਕੁਲ ਵਿਚਕਾਰ ਮੁਲਾਕਾਤ ਦਾ ਪ੍ਰਬੰਧ ਕੀਤਾ ਸੀ ਅਤੇ ਸ਼ੇਖ ਨੇ ਕੁਲ ਨੂੰ ਕੈਬਨਿਟ ਵਿੱਚ ਜਗ੍ਹਾ ਦੇਣ ਦੀ ਪੇਸ਼ਕਸ਼ ਕੀਤੀ ਪਰ ਬਦਲੇ ਵਿੱਚ 100 ਕਰੋੜ ਰੁਪਏ ਮੰਗੇ।ਅਧਿਕਾਰੀ ਨੇ ਦੱਸਿਆ ਕਿ ਵਿਧਾਇਕ ਨੇ ਬਹਾਨਾ ਲਾਇਆ ਕਿ ਉਹ ਸੌਦੇ ਲਈ ਤਿਆਰ ਹੈ ਅਤੇ ਬਾਅਦ ਵਿੱਚ ਮਾਮਲਾ 90 ਕਰੋੜ ਰੁਪਏ ਵਿੱਚ ਨਿਪ ਗਿਆ। ਅਧਿਕਾਰੀ ਨੇ ਕਿਹਾ,"ਸ਼ੇਖ ਨੇ ਰਕਮ ਦਾ 20 ਫ਼ੀਸਦੀ ਯਾਨੀ 18 ਕਰੋੜ ਰੁਪਏ ਪੇਸ਼ਗੀ ਦੇਣਨੂੰ ਕਿਹਾ। ਇਸ ਮੁਤਾਬਕ ਕੁਲ ਨੇ ਸ਼ੇਖ ਨੂੰ ਪੈਸੇ ਲੈਣ ਲਈ ਇੱਕ ਹੋਟਲ ਵਿੱਚ ਬੁਲਾਇਆ ਅਤੇ ਮੁੰਬਈ ਪੁਲਸ ਦੇ ਉਚ ਅਧਿਕਾਰੀਆਂ ਨੂੰ ਦੱਸ ਦਿੱਤਾ। ਕੱਲ੍ਹ ਦੁਪਹਿਰ ਜਦੋਂ ਸ਼ੇਖ ਐਡਵਾਂਸ ਰਕਮ ਲੈਣ ਹੋਟਲ ਆਇਆ ਤਾਂ ਉਸ ਨੂੰ ਫੜ ਲਿਆ। ਕੁਲ, ਉਨ੍ਹਾਂ ਦਾ ਨਿੱਜੀ ਸਹਾਇਕ ਅਤੇ ਭਾਜਪਾ ਦਾ ਇੱਕ ਹੋਰ ਵਿਧਾਇਕ ਜੈਕੁਮਾਰ ਗੋਰ ਵੀ ਉਥੇ ਸਨ।" ਪੁੱਛਗਿੱਛ ਦੌਰਾਨ ਸ਼ੇਖ ਨੇ ਦੂਜੇ ਮੁਲਜ਼ਮਾਂ ਦਾ ਨਾਂ ਲਿਆ, ਜਿਨ੍ਹਾਂ ਨੂੰ ਕੱਲ੍ਹ ਤੜਕੇ ਦੱਖਣੀ ਮੁੰਬਈ ਅਤੇ ਨੇੜਲੇ ਠਾਣੇ ਦੇ ਨਾਗਪਾੜਾ ਤੋਂ ਗ੍ਰਿਫ਼ਤਾਰ ਕੀਤਾ ਗਿਆ।



# ਜ਼ੇਲੈਂਸਕੀ ਨੇ ਉਚ ਸੁਰੱਖਿਆ ਮੁਖੀ ਤੇ ਸਰਕਾਰੀ ਵਕੀਲ ਨੂੰ ਅਹੁਦੇ ਤੋਂ ਹਟਾਇਆ

* ਆਪਣੇ ਦੇਸ਼ ਨਾਲ ਧ੍ਰੋਹ ਦੇ ਦੋਸ਼ ਲਾਏ

ਵਿਨਿਤਸੀਆ, 21 ਜੁਲਾਈ (ਪੋਸਟ ਬਿਊਰੋ)- ਰੂਸ ਵੱਲੋਂ ਪੂਰਬੀ ਯੂਕਰੇਨ ਵਿੱਚ ਹਮਲੇ ਤੇਜ਼ ਕਰਨ ਦੌਰਾਨ ਯੂਕਰੇਨ ਦੇ ਰਾਸ਼ਟਰਪਤੀ ਵਲਾਦੀਮੀਰ ਜ਼ੇਲੈਂਸਕੀ ਨੇ ਸੁਰੱਖਿਆ ਮੁੱਖੀ ਤੇ ਸਰਕਾਰੀ ਵਕੀਲ ਨੂੰ ਬਰਖਾਸਤ ਕਰ ਦਿੱਤਾ ਹੈ।



ਇਨ੍ਹਾਂ ਦੋਵਾਂ ਨੂੰ ਬਰਖਾਸਤ ਕਰਨ ਪਿੱਛੋਂਰਾਸ਼ਟਰਪਤੀਜ਼ੇਲੈਂਸਕੀ ਨੇਉਨ੍ਹਾਂ ਉੱਤੇ ਦੇਸ਼ਧ੍ਰੋਹ ਅਤੇ ਹੋਰ ਏਜੰਸੀਆਂ ਨਾਲ ਮਿਲੀਭੁਗਤ ਦੇ ਦੋਸ਼ ਵੀ ਲਾਏ ਹਨ। ਰਾਸ਼ਟਰਪਤੀ ਨੇ ਕਿਹਾ,''ਪ੍ਰੌਸੀਕਿਊਟਰ ਦੇ ਦਫ਼ਤਰ ਅਤੇ ਐਸ ਬੀ ਯੂ (ਰਾਜ ਸੁਰੱਖਿਆ ਸੇਵਾ) ਦੇ 60 ਤੋਂ ਵੱਧ ਕਰਮਚਾਰੀ ਕਬਜ਼ੇ ਵਾਲੇ ਖੇਤਰ ਵਿੱਚ ਹਨ ਅਤੇ ਉਨ੍ਹਾਂ ਦੇਸ਼ ਖ਼ਿਲਾਫ਼ ਕੰਮ ਕੀਤਾ ਹੈ।' ਜ਼ੇਲੈਂਸਕੀ ਨੇ ਕੱਲ੍ਹ ਰਾਤ ਵੀਡੀਓ ਸੰਦੇਸ਼ ਰਾਹੀਂ ਦੇਸ਼ ਨੂੰ ਸੰਬੋਧਨ ਕਰਦਿਆਂ ਕਿਹਾ,'ਦੇਸ਼ ਦੇ ਕੌਮੀ ਸੁਰੱਖਿਆ ਅਦਾਰਿਆਂ ਖ਼ਿਲਾਫ਼ ਅਜਿਹੇ ਅਪਰਾਧ ਅਤੇ ਯੂਕਰੇਨੀ ਸੁਰੱਖਿਆ ਬਲਾਂ ਤੇ ਰੂਸੀ ਵਿਸ਼ੇਸ਼ ਸੇਵਾ ਵਿਚਾਲੇ ਸਬੰਧ ਬੇਹੱਦ ਗੰਭੀਰ ਸਵਾਲ ਖੜ੍ਹੇ ਕਰਦੇ ਹਨ।' ਜ਼ੇਲੈਂਸਕੀ ਨੇ ਐਸ ਬੀ ਯੂ ਦੇ ਮੁਖੀ ਇਵਾਨ ਬਕਾਨੋਵ ਨੂੰ ਇਸ ਵੱਡੇ ਅਹੁਦੇ ਤੋਂ ਬਰਖਾਸਤ ਕਰ ਦਿੱਤਾ ਹੈ। ਬਕਾਨੋਵ, ਜ਼ੇਲੈਂਸਕੀ ਦੇ ਬਚਪਨ ਦੇ ਮਿੱਤਰ ਅਤੇ ਸਾਬਕਾ ਕਾਰੋਬਾਰੀ ਭਾਈਵਾਲ ਵੀ ਹਨ। ਰਾਸ਼ਟਰਪਤੀ ਨੇ ਇਰਾਨਾ ਵੈਨੇਦਿਕਤੋਵਾ ਨੂੰ ਵੀ ਸਰਕਾਰੀ ਵਕੀਲ ਦੇ ਅਹੁਦੇ ਤੋਂ ਹਟਾ ਕੇ ਉਸਦੀ ਥਾਂ ਉਸਦੀ ਸਹਾਇਕ ਓਲੈਕਸੀ ਸਿਮੋਨੈਕੋ ਨੂੰ ਇਸ ਅਹੁਦੇ ਦੀ ਜ਼ਿੰਮੇਵਾਰੀ ਸੌਂਪੀ ਹੈ।

## ਕਲਾਸਿਕ ਯੂਰਪੀਨ ਚੈਂਪੀਅਨਸ਼ਿਪ ਵਿੱਚ ਇਟਲੀ ਤੋਂ ਸਿੰਮਾ ਘੁੰਮਣ ਦੀ ਚੋਣ

ਵੀਨਸ, 21 ਜੁਲਾਈ (ਪੋਸਟ ਬਿਊਰੋ)- ਇਟਲੀ ਵਿੱਚ ਬੀਤੇ ਦਿਨੀਂ ਹੋਏ ਬਾਡੀ ਬਿਲਡਰ ਮੁਕਾਬਲਿਆਂ ਦੇ ਕਲਾਸਿਕ ਫਿਜ਼ਿਕਸ ਵਿੱਚੋਂ ਪੰਜਾਬੀ ਸਿੰਮਾ ਘੁੰਮਣ ਨੇ ਦੂਜੀ ਪੁਜੀਸ਼ਨ ਹਾਸਲ ਕੀਤੀ ਅਤੇ ਅੱਗੋਂਉਸ ਦੀ ਸਪੇਨ ਵਿਖੇ ਹੋਣ ਜਾ ਰਹੀ ਯੂਰਪੀਅਨ ਚੈਂਪੀਅਨਸ਼ਿਪ ਲਈ ਚੋਣ ਹੋਈ ਹੈ।



ਇਸ ਬਾਰੇ ਸਿੰਮਾ ਘੁੰਮਣ ਨੇ ਦੱਸਿਆ ਕਿ ਯੂਰਪ ਦੇ ਵੱਖ-ਵੱਖ ਦੇਸ਼ਾਂਤੋਂ ਆ ਰਹੇ ਬਾਡੀ ਬਿਲਡਰਾਂ ਦਾ ਮੁਕਾਬਲਾ ਸਪੇਨ ਵਿੱਚ 18 ਸਤੰਬਰ ਨੂੰ ਹੋਵੇਗਾ, ਜਿਸ ਵਿੱਚ ਉਹ ਹਿੱਸਾ ਲਵੇਗਾ। ਇਟਲੀ ਵਿੱਚ ਉਹ ਪਹਿਲਾ ਪੰਜਾਬੀ ਕਲਾਸਿਕ ਫਿਜ਼ਿਕਸ ਵਰਗ ਲਈ ਖੇਡੇਗਾ। ਸਿੰਮਾ ਘੁੰਮਣ ਨੇ ਕਿਹਾ ਹੈ ਕਿ ਵਿਦੇਸ਼ਾਂ ਵਿੱਚ ਪੰਜਾਬੀ ਭਾਈਚਾਰੇ ਦਾ ਮਾਣ ਰੱਖਣ ਲਈ ਉਹ ਪੂਰੀ ਮਿਹਨਤ ਅਤੇ ਲਗਨ ਨਾਲ ਖੇਡੇਗਾ ਅਤੇ ਇਟਲੀ ਲਈ ਮੈਡਲ ਜਿੱਤੇਗਾ। ਸਿੰਮਾ ਘੁੰਮਣ ਨੇ ਬੀਤੇ ਵਰ੍ਹੇ ਦੌਰਾਨ ਵਿਰੋਨਾ ਵਿਖੇ ਹੋਏ ਇਟਲੀ ਭਰ ਦੇ ਬਾਡੀ ਬਿਲਡਰ ਮੁਕਾਬਲਿਆਂ ਵਿੱਚ ਪਹਿਲਾਂ ਸਥਾਨ ਹਾਸਲ ਹੋਇਆ ਸੀ।

# ਪਰਵੇਜ਼ ਇਲਾਹੀ ਵੱਲੋਂ ਰਾਣਾ, ਹਮਜ਼ਾ, ਮਰੀਅਮ ਵਿਰੁੱਧ ਮਾਣਹਾਨੀ ਦੀ ਪਟੀਸ਼ਨ ਦਾਇਰ



ਇਸਲਾਮਾਬਾਦ, 21 ਜੁਲਾਈ (ਪੋਸਟ ਬਿਊਰੋ)- ਪਾਕਿਸਤਾਨੀ ਪੰਜਾਬ ਦੇ ਸਾਬਕਾ ਸਪੀਕਰ ਚੌਧਰੀ ਪਰਵੇਜ਼ ਇਲਾਹੀ ਨੇ 1 ਜੁਲਾਈ ਨੂੰ ਦਿੱਤੇ ਹੁਕਮਾਂ ਦੀ ਉਲੰਘਣਾ ਕਰਨ ਲਈ ਗ੍ਰਹਿ ਮੰਤਰੀ ਮਰੀਅਮ ਔਰੰਗਜ਼ੇਬ ਅਤੇ ਪੰਜਾਬ ਦੇ ਮੁੱਖ ਮੰਤਰੀ ਹਮਜ਼ਾ ਸ਼ਾਹਬਾਜ਼ ਸ਼ਰੀਫ਼ ਵਿਰੁੱਧ ਅਦਾਲਤ ਦੀ ਮਾਣਹਾਨੀ ਦੇ ਕੇਸ ਦੀ ਕਾਰਵਾਈ ਸ਼ੁਰੂ ਕਰਨ ਲਈ ਸੁਪਰੀਮ ਕੋਰਟ ਨੂੰ ਅਰਜ਼ੀ ਦਿੱਤੀ ਹੈ। ਉਨ੍ਹਾਂ ਨੇ ਸੁਪਰੀਮ ਕੋਰਟ ਵਿੱਚ ਸੰਵਿਧਾਨ ਦੀ ਧਾਰਾ 204 ਹੇਠਅਰਜ਼ੀ ਦਿੱਤੀ, ਜਿਸ ਨੂੰ ਕੰਟੈਂਪਟ ਆਰਡੀਨੈਂਸ 2003 ਦੀ ਧਾਰਾ 3, 4 ਅਤੇ 5 ਦੇ ਨਾਲ ਪੜ੍ਹਿਆ ਗਿਆ ਅਤੇ ਅਦਾਲਤ ਨੂੰ ਅੱਗੇ ਬੇਨਤੀ ਕੀਤੀ ਗਈ ਸੀ ਕਿ ਕਾਨੂੰਨ ਦੀ ਉਲੰਘਣਾ ਕਰਨ 'ਤੇ ਬਚਾਅ ਪੱਖ ਨੂੰ ਸੰਮਨ ਕੀਤਾ ਜਾਵੇ ਅਤੇ ਸਜ਼ਾ ਦਿੱਤੀ ਜਾਵੇ।

ਪੀ ਟੀ ਆਈ(ਪਾਕਿਸਤਾਨ ਤਹਿਰੀਕੇ ਇਨਸਾਫ) ਪਾਰਟੀ ਵੱਲੋਂ ਦਾਇਰ ਪਟੀਸ਼ਨ ਉੱਤੇ 1 ਜੁਲਾਈ ਨੂੰ ਪਟੀਸ਼ਨ ਵਿੱਚ ਉਨ੍ਹਾਂ ਦਲੀਲ ਦਿੱਤੀ ਕਿ ਸੂਬੇ ਵਿੱਚ ਖ਼ਾਲੀ ਪਈਆਂ 20 ਸੀਟਾਂ ਉੱਤੇ ਚੋਣਾਂ ਕਰਵਾਈਆਂ ਗਈਆਂ ਸਨ। ਇਸ ਦੌਰਾਨ ਪੀ ਟੀ ਆਈ ਪਾਰਟੀ ਨੇ ਚੋਣ ਦੇ ਅਣ-ਅਧਿਕਾਰਤ ਨਤੀਜਿਆਂ ਅਨੁਸਾਰ ਬਹੁਮਤ ਹਾਸਲ ਕਰ ਲਿਆ। ਪਟੀਸ਼ਨਰਅਤੇ ਉਸ ਦੇ ਸਹਿਯੋਗੀ ਇਸ ਸੂਬੇ ਦੇ ਲੋਕਾਂ ਵੱਲੋਂ ਕੀਤੇ ਫ਼ੈਸਲੇ ਅਨੁਸਾਰ ਸੂਬੇ ਵਿੱਚ ਸਰਕਾਰ ਬਣਾਉਣ ਲਈ ਅਰਾਮਦੇਹ ਸਥਿਤੀ ਵਿੱਚ ਹਨ। ਉਨ੍ਹਾਂ ਅਦਾਲਤ ਨੂੰ ਦੱਸਿਆ ਕਿ ਅਦਾਲਤ ਦੇ ਹੁਕਮਾਂ ਤਹਿਤ ਪੰਜਾਬ ਦੇ ਮੁੱਖ ਮੰਤਰੀ ਦੀ ਚੋਣ ਲਈ ਤਿਆਰੀਆਂ ਬਿਨਾਂ ਕਿਸੇ ਅੜਚਨ ਤੋਂ ਚੱਲ ਰਹੀਆਂ ਹਨ ਅਤੇ ਪਟੀਸ਼ਨਰ ਨੇ ਸੰਵਿਧਾਨ ਅਤੇ ਕਾਨੂੰਨ ਅਨੁਸਾਰ ਸ਼ਾਂਤਮਈ, ਇਨਸਾਫ਼ ਅਤੇ ਪਾਰਦਰਸ਼ੀ ਢੰਗ ਨਾਲ ਚੋਣ ਕਰਵਾਈ ਹੈ।

ਅਦਾਲਤ ਦੇ ਹੁਕਮਾਂ ਦੀ ਭਾਵਨਾ ਨਾਲ ਵਿਧਾਨ ਸਭਾ ਚੋਣਾਂ ਅਤੇ ਕੰਮ-ਕਾਜ ਕਰਾਉਣ ਦਾ ਪੱਕਾ ਇਰਾਦਾ ਲਿਆ ਹੈ। ਉਨ੍ਹਾਂ ਨੇ ਦਲੀਲ ਦਿਤੀ ਕਿ ਸਦਨ ਵਿੱਚ ਬਹੁਮਤ ਗੁਆਉਣ ਤੋਂ ਬਾਅਦ ਜਵਾਬਦੇਹ ਪ੍ਰੇਸ਼ਾਨ ਹੋ ਗਏ ਹਨ ਅਤੇ ਬਹੁਤ ਜ਼ਿਆਦਾ ਗੁੱਸਾ ਅਤੇ ਨਿਰਾਸ਼ਾ ਦਿਖਾ ਰਹੇ ਹਨ। ਇਲਾਹੀ ਨੇ ਇਹ ਵੀ ਕਿਹਾ ਕਿ ਹਮਜ਼ਾ ਸ਼ਰੀਫ਼ ਲਾਪਰਵਾਹੀ, ਗ਼ੈਰ-ਸੰਵਿਧਾਨਕ ਅਤੇ ਗੈਰ-ਕਾਨੂੰਨੀ ਢੰਗ ਨਾਲ ਕੰਮ ਕਰਦਾ ਹੈ ਅਤੇ ਪਾਕਿਸਤਾਨ ਤਹਿਰੀਕ-ਏ-ਇਨਸਾਫ਼ (ਪੀ ਟੀ ਆਈ) ਅਤੇ ਇਸ ਨਾਲ ਸਬੰਧਤ ਸੰਗਠਨਾਂ ਦੇ ਮੈਂਬਰਾਂ ਨੂੰ ਹਟਾਉਣ ਦੀ ਧਮਕੀ ਦਿੱਤੀ ਹੈ। ਉਨ੍ਹਾਂ ਅੱਗੇ ਕਿਹਾ ਕਿ ਹਮਜ਼ਾ ਨੇ 18 ਜੁਲਾਈ ਨੂੰ ਸੂਚਨਾ ਅਤੇ ਪ੍ਰਸਾਰਣ ਮੰਤਰੀ ਮਰੀਅਮ ਔਰੰਗਜ਼ੇਬ ਨਾਲ ਇੱਕ ਪ੍ਰੈਸ ਕਾਨਫਰੰਸ ਵਿੱਚ ਮੌਜੂਦ ਹੋ ਕੇ ਨਿਰਦੇਸ਼ਾਂ ਦੀ ਉਲੰਘਣਾ ਕੀਤੀ ਸੀ।

# ਵਿਦੇਸ਼ੋਂ ਪੈਸੇ ਭੇਜਣ ਦੇ ਮਾਮਲੇ ਵਿੱਚ ਭਾਰਤੀ ਲੋਕ ਸਿਖਰ ਉੱਤੇ

* 2021 ਵਿੱਚ ਭਾਰਤ ਵਿੱਚ 87 ਅਰਬ ਡਾਲਰ ਆਏ



ਸੰਯੁਕਤ ਰਾਸ਼ਟਰ, 21 ਜੁਲਾਈ (ਪੋਸਟ ਬਿਊਰੋ)- ਵਿਦੇਸ਼ ਤੋਂ ਪੈਸੇ ਭੇਜਣ ਵਿੱਚ ਭਾਰਤੀ ਸਿਖਰ ਉੱਤੇ ਹਨ। ਵਿਸ਼ਵ ਸਿਹਤ ਸੰਗਠਨ (ਡਬਲੂਯ ਐਚ ਓ) ਦੀ ਕੱਲ੍ਹ ਆਈ ਰਿਪੋਰਟ ਅਨੁਸਾਰ ਸਾਲ 2021 ਵਿੱਚ ਭਾਰਤ ਵਿੱਚ 87 ਅਰਬ ਡਾਲਰ ਭੇਜੇ ਗਏ। ਭਾਰਤ ਦੇ ਬਾਅਦ ਚੀਨ, ਮੈਕਸੀਕੋ, ਫਿਲੀਪੀਂਸ ਅਤੇ ਮਿਸਰ ਦਾ ਸਥਾਨ ਸੀ।

ਸ਼ਰਨਾਰਥੀਆਂ ਅਤੇ ਪਰਵਾਸੀਆਂ ਦੀ ਸਿਹਤ ਉੱਤੇ ਵਿਸ਼ਵ ਸਿਹਤ ਸੰਗਠਨ ਦੀ ਪਹਿਲੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਦੁਨੀਆ ਵਿੱਚ ਲਗਭਗ ਇੱਕ ਅਰਬ ਪਰਵਾਸੀ ਹਨ। ਰਿਪੋਰਟ ਮੁਤਾਬਕ ਵਿਦੇਸ਼ ਤੋਂ ਪੈਸਾ ਪ੍ਰਾਪਤ ਕਰਨ ਵਾਲੇ ਦੇਸ਼ਾਂ ਵਿੱਚ 87 ਅਰਬ ਅਮਰੀਕੀ ਡਾਲਰ ਨਾਲ ਭਾਰਤ ਸਿਖਰ ਉੱਤੇ ਰਿਹਾ। ਚੀਨ ਤੇ ਮੈਕਸੀਕੋ ਵਿੱਚ 53 ਅਰਬ ਡਾਲਰ, ਫਿਲੀਪੀਂਸ ਵਿੱਚ 36 ਅਰਬ ਡਾਲਰ ਅਤੇ ਮਿਸਰ ਵਿੱਚ 33 ਅਰਬ ਡਾਲਰ ਦੀ ਰਕਮ ਵਿਦੇਸ਼ ਵਿੱਚੋਂ ਭੇਜੀ ਗਈ। ਅਮਰੀਕਾ ਤੋਂ ਸਭ ਤੋਂ ਵੱਧ ਪੈਸਾ ਗਿਆ। ਇਸ ਪਿੱਛੋਂ ਯੂ ਏ ਈ, ਸਾਊਦੀ ਅਰਬ ਅਤੇ ਸਵਿੱਟਜ਼ਰਲੈਂਡ ਆਉਂਦੇ ਹਨ। ਜਦ ਪਰਵਾਸੀਆਂ ਨੂੰ ਆਰਥਿਕ ਮੌਕੇ ਮਿਲ ਜਾਂਦੇ ਹਨ, ਤਾਂ ਉਹ ਆਪਣੇ ਪਰਵਾਰ ਨੂੰ ਪੈਸੇ ਭੇਜਦੇ ਹਨ। ਵਿਦੇਸ਼ ਤੋਂ ਆਏ ਇਸ ਪੈਸੇ ਨਾਲ ਕੋਰੋਨਾ ਵਰਗੀਆਂ ਆਰਥਿਕ ਚੁਣੌਤੀਆਂ ਦਾ ਸਾਹਮਣਾ ਕਰਨ ਵਿੱਚ ਮਦਦ ਮਿਲਦੀ ਹੈ।

## ਅਮਰੀਕਾ ਦੀ ਪ੍ਰਤੀਨਿਧੀ ਸਭਾ ਵਿੱਚ ਸਮਲਿੰਗੀ ਵਿਆਹ ਦਾ ਬਿੱਲ ਪਾਸ




ਵਾਸ਼ਿੰਗਟਨ, 21 ਜੁਲਾਈ (ਪੋਸਟ ਬਿਊਰੋ)- ਅਮਰੀਕੀ ਪ੍ਰਤੀਨਿਧੀ ਸਭਾ ਨੇ ਸਮਲਿੰਗੀ ਅਤੇ ਅੰਤਰਜਾਤੀ ਵਿਆਹ ਦੀ ਸੁਰੱਖਿਆ ਲਈ ਇੱਕ ਬਿੱਲ ਨੂੰ ਆਵਾਜ਼ ਦੀ ਵੋਟ ਰਾਹੀਂ ਪਾਸ ਕਰ ਦਿੱਤਾ ਹੈ।

ਇਹ ਬਿੱਲ ਅਜਿਹੇ ਸਮੇਂ ਪਾਸ ਕੀਤਾ ਗਿਆ ਹੈ ਜਦੋਂ ਅਮਰੀਕੀ ਸੁਪਰੀਮ ਕੋਰਟ ਨੇ ਗਰਭਪਾਤ ਦੇ ਅਧਿਕਾਰਾਂ ਨੂੰ ਖ਼ਤਮ ਕਰ ਦਿੱਤਾ ਹੈ ਅਤੇ ਇਹ ਸ਼ੱਕ ਹੈ ਕਿ ਇਹ ਹੋਰ ਅਧਿਕਾਰਾਂ ਉੱਤੇ ਵੀ ਇਹੋ ਕਦਮ ਚੁੱਕ ਸਕਦੀ ਹੈ।ਵਿਆਹ ਲਈ ਸਨਮਾਨ ਕਾਨੂੰਨ ਬਿੱਲ ਬਾਰੇ ਚਰਚਾ ਦੌਰਾਨ ਡੈਮੋਕ੍ਰੇਟਿਕ ਪਾਰਲੀਮੈਂਟ ਮੈਂਬਰਾਂ ਨੇ ਫੈਡਰਲ ਕਾਨੂੰਨ ਵਿੱਚ ਵਿਆਹ ਦੀ ਬਰਾਬਰੀ ਦੇ ਪੱਖ ਵਿੱਚ ਜ਼ੋਰਦਾਰ ਦਲੀਲਾਂ ਦਿੱਤੀਆਂ, ਜਦਕਿ ਰਿਪ-ਬਲਿਕਨ ਮੈਂਬਰਾਂ ਨੇ ਸਮਲਿੰਗੀ ਵਿਆਹ ਦਾ ਖੁਲ੍ਹ ਕੇ ਵਿਰੋਧ ਕੀਤਾ। ਇਨ੍ਹਾਂ ਮੈਂਬਰਾਂ ਨੇ ਦੇਸ਼ ਵਿੱਚ ਚੱਲਦੇ ਹੋਰ ਮੁੱਦਿਆਂ ਦੇ ਸਾਹਮਣੇ ਇਸ ਮਾਮਲੇ ਨੂੰ ਬੇਲੋੜਾ ਕਰਾਰ ਦਿੱਤਾ। ਰਿਪਬਲਿਕਨ ਪਾਰਟੀ ਦੇ 47 ਮੈਂਬਰਾਂ ਨੇ ਬਿੱਲ ਦੇ ਹੱਕ ਵਿੱਚ ਵੋਟ ਪਾਈ। ਰਿਪਬਲਿਕਨ ਮੈਂਬਰ ਐਮ ਜੋਨਸ ਨੇ ਕਿਹਾ ਕਿ ਇਹ ਮੇਰੇ ਲਈ ਨਿੱਜੀ ਗੱਲ ਹੈ। ਰਾਸ਼ਟਰਪਤੀ ਜੋਅ ਬਾਈਡੇਨ ਦੇ ਪ੍ਰਸ਼ਾਸਨ ਨੇ ਵਿਆਹ ਬਿੱਲ ਦੇ ਪੱਖ ਵਿੱਚ ਬਿਆਨ ਜਾਰੀ ਕੀਤਾ। ਇਹ ਬਿੱਲ ਇਸ ਦੇ ਬਾਅਦ ਸੈਨੇਟ ਨੂੰ ਭੇਜਿਆ ਜਾਵੇਗਾ।

## 100 ਬਰਾਤੀਆਂ ਨਾਲ ਭਰੀ ਕਿਸ਼ਤੀ ਪਲਟੀ, 19 ਔਰਤਾਂ ਦੀ ਮੌਤ



ਲਾਹੌਰ, 21 ਜੁਲਾਈ (ਪੋਸਟ ਬਿਊਰੋ)- ਪਾਕਿਸਤਾਨ ਵਿੱਚ ਪੰਜਾਬ ਤੇ ਸਿੰਧ ਸਰਹੱਦੀ ਖੇਤਰ ਨੇੜੇ ਸਿੰਧ ਦੀ ਵਿੱਚ ਇੱਕ ਕਿਸ਼ਤੀ ਪਲਟਣ ਨਾਲ ਕਈ ਜਣੇ ਡੁੱਬ ਗਏ। ਇਸ ਵਿੱਚ ਸਵਾਰ ਲੋਕ ਇੱਕ ਵਿਆਹ ਸਮਾਗਮ ਵਿੱਚ ਸ਼ਾਮਲ ਹੋਣ ਲਈ ਜਾ ਰਹੇ ਸਨ। ਅਧਿਕਾਰੀਆਂ ਨੇ ਇਸ ਦੀ ਜਾਣਕਾਰੀ ਦਿੱਤੀ ਹੈ।

ਅਧਿਕਾਰੀਆਂ ਨੇ ਕਿਹਾ ਕਿ ਬਰਾਤ ਦੇ ਬਾਕੀ ਲੋਕਾਂ ਦੀ ਭਾਲ ਜਾਰੀ ਹੈ। ਉਨ੍ਹਾਂ ਦੱਸਿਆ ਕਿ ਕਿਸ਼ਤੀ ਵਿੱਚ ਕਰੀਬ 100 ਲੋਕ ਸਨ, ਇਹ ਰਹੀਮ ਯਾਰ ਖਾਨ ਤੋਂ ਕਰੀਬ 65 ਕਿਲੋਮੀਟਰ ਦੂਰ ਮਛੱਕਾ ਦੇ ਕਬੀਲੇ ਦੇ ਵਸਨੀਕ ਸਨ। ਰਹੀਮ ਯਾਰ ਖਾਨ ਦੇ ਡਿਪਟੀ ਕਮਿਸ਼ਨਰ ਸਈਅਦ ਮੂਸਾ ਰਜ਼ਾ ਨੇ ਦੱਸਿਆ ਕਿ ਬਚਾਅ ਮੁਹਿੰਮ ਦੇ ਦੌਰਾਨ ਮਾਹਰ ਤੈਰਾਕਾਂ, ਪੰਜ ਐਂਬੂਲੈਂਸਾਂ ਅਤੇ ਇੱਕ ਜਲ ਬਚਾਅ ਵੈਨ ਸਮੇਤ ਕਰੀਬ ਤੀਹ ਬਚਾਅ ਕਰਮਚਾਰੀ ਮੌਕੇ ਉੱਤੇ ਮੌਜੂਦ ਸਨ।ਉਨ੍ਹਾਂ ਕਿਹਾ, ''19 ਲਾਸ਼ਾਂ ਬਰਾਮਦ ਕੀਤੀਆਂ ਗਈਆਂ ਹਨ ਅਤੇ ਇਹ ਸਾਰੀਆਂ ਔਰਤਾਂ ਹਨ। ਘੱਟ-ਘੱਟ 35 ਲੋਕਾਂ ਨੂੰ ਸਥਾਨਕ ਲੋਕਾਂ ਨੇ ਬਚਾ ਲਿਆ। ਅਸੀਂ ਬਾਕੀ ਯਾਤਰੀਆਂ ਦੀ ਭਾਲ ਕਰ ਰਹੇ ਹਾਂ।''

# ਅਮਰੀਕੀ ਮਾਲ ਵਿੱਚ ਗੋਲੀਬਾਰੀ ਕਾਰਨ ਚਾਰ ਜਣਿਆਂ ਦੀ ਮੌਤ

ਵਾਸ਼ਿੰਗਟਨ, 21 ਜੁਲਾਈ (ਪੋਸਟ ਬਿਊਰੋ)- ਅਮਰੀਕਾ ਵਿੱਚ ਜਨਤਕ ਥਾਂ ਉੱਤੇ ਮੁੜ ਗੋਲੀਬਾਰੀ ਹੋਈ ਹੈ। ਇੰਡੀਆਨਾ ਸੂਬੇ ਦੇ ਗ੍ਰੀਨਵੁੱਡ ਮਾਲ ਵਿੱਚ ਇੱਕ ਬੰਦੂਕਧਾਰੀ ਨੇ ਕੱਲ੍ਹ ਸ਼ਾਮ ਨੂੰ ਅੰਨ੍ਹੇਵਾਹ ਫਾਇਰਿੰਗ ਕਰ ਦਿੱਤੀ, ਜਿਸ ਵਿੱਚ ਤਿੰਨ ਲੋਕਾਂ ਦੀ ਮੌਤ ਹੋਈ ਤੇ ਦੋ ਜ਼ਖ਼ਮੀ ਹੋ ਗਏ। ਇੱਕ ਆਰਮਡ ਨਾਗਰਿਕ ਨੇ ਹਮਲਾਵਰ ਵੀ ਮਾਰ ਸੁੱਟਿਆ।



ਗ੍ਰੀਨਵੁੱਡ ਪੁਲਸ ਵਿਭਾਗ ਦੇ ਮੁਖੀ ਨੇ ਕਿਹਾ ਕਿ ਮਾਲ ਵਿੱਚ ਇੱਕ ਵਿਅਕਤੀ ਨੇ ਰਾਈਫਲ ਲੈ ਕੇ ਫਾਇਰਿੰਗ ਕਰ ਦਿੱਤੀ। ਘਟਨਾ ਵਿੱਚ ਹਮਲਾਵਰ ਸਣੇ ਚਾਰ ਲੋਕਾਂ ਦੀ ਮੌਤ ਹੋਈ ਹੈ। ਪੁਲਸ ਮੁਖੀ ਨੇ ਕਿਹਾ ਕਿ ਇਸ ਘਟਨਾ ਦਾ ਅਸਲੀ ਨਾਇਕ ਆਰਮਡ ਨਾਗਰਿਕ ਹੈ, ਜਿਸ ਨੇ ਹਮਲਾਵਰ ਉੱਤੇ ਗੋਲੀਆਂ ਚਲਾ ਕੇ ਉਸ ਨੂੰ ਹੋਰ ਖੂਨ-ਖਰਾਬਾ ਕਰਨ ਤੋਂ ਰੋਕ ਦਿੱਤਾ। ਇਸ 22 ਸਾਲਾ ਨਾਗਰਿਕ ਨੇ ਜਾਇਜ਼ ਤਰੀਕੇ ਨਾਲ ਹੈਂਡਗੰਨ ਲਈ ਹੋਈ ਸੀ। ਪੁਲਸ ਨੂੰ ਜਾਂਚ ਵਿੱਚ ਫੂਡ ਕੋਰਟ ਦੇ ਨਜ਼ਦੀਕ ਬਾਥਰੂਮ ਤੋਂ ਇੱਕ ਸ਼ੱਕੀ ਬੈਗ ਮਿਲਿਆ ਹੈ। ਮੈਟਰੋਪਾਲਿਟਨ ਪੁਲਸ ਅਤੇ ਹੋਰ ਏਜੰਸੀਆਂ ਘਟਨਾ ਦੀ ਜਾਂਚ ਕਰ ਰਹੀਆਂ ਹਨ। ਇੰਡੀਆਨਾ ਦੇ ਸਹਾਇਕ ਪੁਲਸ ਮੁਖੀ ਨੇ ਕਿਹਾ ਕਿ ਅਸੀਂ ਲੋਕ ਦੇਸ਼ ਵਿੱਚ ਇਸ ਤਰ੍ਹਾਂ ਦੀ ਗੋਲੀਬਾਰੀ ਦੀ ਘਟਨਾ ਤੋਂ ਦੁਖੀ ਹਾਂ। ਟੈਕਸਾਸ ਦੇ ਉਵਾਲਡੇ ਸਕੂਲ ਫਾਇਰਿੰਗ ਵਿੱਚ 21 ਲੋਕਾਂ ਦੀ ਮੌਤ ਦੀ ਜਾਂਚ ਕਰਦੀ ਟੈਕਸਾਸ ਪਾਰਲੀਮੈਂਟਰੀ ਮੈਂਬਰਾਂ ਦੀ ਕਮੇਟੀ ਨੇ ਕੱਲ੍ਹ ਇੱਕ ਰਿਪੋਰਟ ਜਾਰੀ ਕੀਤੀ ਹੈ। ਰਿਪੋਰਟ ਵਿੱਚ ਉਵਾਲਡੇ ਦੀ ਘਟਨਾ ਲਈ ਸਿਸਟਮ 'ਚ ਨਾਕਾਮੀਆਂ ਅਤੇ ਕਮਜ਼ੋਰ ਲੀਡਰਸ਼ਿਪ ਨੂੰ ਦੋਸ਼ੀ ਠਹਿਰਾਇਆ ਗਿਆ ਹੈ।




## ਔਰਤ ਨੂੰ ਹਵਾਈ ਅੱਡੇ ਉਤੇ ਸੈਂਡਵਿਚ ਖਾਣਾ ਮਹਿੰਗਾ ਪਿਆ

* ਲੱਖਾਂ ਦਾ ਜੁਰਮਾਨਾ ਭਰਨਾ ਪੈ ਗਿਆ



ਸਿਡਨੀ, 21 ਜੁਲਾਈ (ਪੋਸਟ ਬਿਊਰੋ)- ਆਸਟਰੇਲੀਆਈ ਇੱਕ ਔਰਤ ਨੂੰ ਸਬਵੇਅ ਸੈਂਡਵਿਚ ਇੰਨਾ ਮਹਿੰਗਾ ਪਿਆ ਕਿ ਉਸ ਨੂੰ ਇਸ ਲਈ ਇੱਕ ਲੱਖ 43 ਹਜ਼ਾਰ ਰੁਪਏ ਦੇ ਬਰਾਬਰ ਦੇਣੇ ਪੈ ਗਏ।

ਅਸਲ ਵਿੱਚ ਜੈਸਿਕਾ ਲੀ ਨਾਂਅ ਦੀ 19 ਸਾਲਾ ਆਸਟਰੇਲੀਅਨ ਮਾਡਲ ਨੇ ਏਅਰਪੋਰਟ ਉੱਤੇ ਆਪਣੇ ਸਬਵੇਅ ਸੈਂਡਵਿਚ ਬਾਰੇ ਕਸਟਮ ਅਧਿਕਾਰੀਆਂ ਨੂੰ ਜਾਣਕਾਰੀ ਨਹੀਂ ਸੀ ਦਿੱਤੀ, ਜਿਸ ਤੋਂ ਬਾਅਦ ਜਦੋਂ ਉਸ ਕੋਲੋਂ ਇਹ ਸੈਂਡਵਿਚ ਮਿਲਿਆ ਤਾਂ ਕਸਟਮ ਅਧਿਕਾਰੀਆਂ ਨੇ ਕਾਨੂੰਨ ਮੁਤਾਬਕ ਉਸ ਉੱਤੇ ਭਾਰੀ ਜੁਰਮਾਨਾ ਲਾਇਆ। ਇਸ ਦੀ ਜਾਣਕਾਰੀ ਖੁਦ ਲੀ ਨੇ ਦਿੱਤੀ ਅਤੇ ਇਸ ਨੂੰ ਆਪਣੇ ਸੋਸ਼ਲ ਮੀਡੀਆ ਹੈਂਡਲ ਉੱਤੇ ਸ਼ੇਅਰ ਕੀਤਾ ਹੈ। ਜੈਸਿਕਾ ਲੀ ਮੁਤਾਬਕ ਉਹ ਯੂਰਪ ਤੋਂ ਆਸਟਰੇਲੀਆ ਜਾ ਰਹੀ ਸੀ। ਜਦੋਂ ਉਹ 11 ਘੰਟੇ ਦੀ ਲੰਮੀ ਉਡਾਣ ਤੋਂ ਬਾਅਦ ਸਿੰਗਾਪੁਰ ਹਵਾਈ ਅੱਡੇ ਉੱਤੇ ਪਹੁੰਚੀ, ਤਾਂ ਉਸ ਨੇ ਆਪਣੇ ਸਟਾਪਓਵਰ 'ਤੇ ਸਬਵੇਅ ਸੈਂਡਵਿਚ ਖਰੀਦਿਆ। ਉਸ ਨੇ ਅੱਧਾ ਖਾ ਕੇ ਅੱਧਾ ਆਪਣੇ ਕੋਲ ਰੱਖ ਲਿਆ ਤੇ ਸੋਚਿਆ ਕਿ ਜੇ ਨੂੰ ਭੁੱਖ ਲੱਗੀ ਤਾਂ ਇਹ ਬਚਿਆ ਹੋਇਆ ਹਿੱਸਾ ਖਾ ਲਵੇਗੀ, ਪਰ ਅੱਗੇ ਨਾ ਉਸ ਨੂੰ ਭੁੱਖ ਲੱਗੀ ਅਤੇ ਨਾ ਉਸ ਨੇ ਇਸ ਨੂੰ ਖਾਧਾ। ਜਦੋਂ ਉਸ ਦੀ ਫਲਾਈਟ ਆਸਟਰੇਲੀਆ ਪਹੁੰਚੀ ਤਾਂ ਨਿਯਮਾਂ ਮੁਤਾਬਕ ਉਸ ਨੇ ਕਸਟਮ ਨੂੰ ਦੱਸਣਾ ਸੀ ਕਿ ਉਸ ਕੋਲ ਸੈਂਡਵਿਚ ਹੈ, ਪਰ ਉਸ ਨੇ ਗਲਤੀ ਨਾਲ ਅਧਿਕਾਰੀਆਂ ਨੂੰ ਨਹੀਂ ਦੱਸਿਆ। ਇਸ ਦੇ ਨਤੀਜੇ ਵਜੋਂ ਮਾਡਲ ਉੱਤੇ 2664 ਡਾਲਰ ਯਾਨੀ 1.43 ਲੱਖ ਰੁਪਏ ਦਾ ਜੁਰਮਾਨਾ ਲਗਾਇਆ ਗਿਆ।

## ਇਮਰਾਨ ਦਾ ਵਿਦੇਸੀ ਸਾਜ਼ਿਸ਼ ਦਾ ਬਿਆਨ ਅਮਰੀਕਾ ਨੇ ਝੂਠਾ ਆਖਿਆ

ਨਿਊਜਰਸੀ, 21 ਜੁਲਾਈ (ਪੋਸਟ ਬਿਊਰੋ)- ਇੱਕ ਚੋਟੀ ਦੇ ਅਮਰੀਕੀ ਅਧਿਕਾਰੀ ਨੇ ਕਿਹਾ ਕਿ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਵੱਲੋਂ ਲਾਏ ਵਿਦੇਸ਼ੀ ਸਾਜ਼ਿਸ਼ ਦੇ ਦੋਸ਼ ਪ੍ਰੇਸ਼ਾਨ ਕਰਨ ਵਾਲੇ ਸਨ। ਇਨ੍ਹਾਂ ਦੋਸ਼ਾਂ ਨੂੰ ਅਮਰੀਕੀ ਅਧਿਕਾਰੀ ਨੇ ਝੂਠਾ ਕਰਾਰ ਦਿੱਤਾ ਅਤੇ ਮੂਲੋਂ ਹੀ ਇਹ ਗੱਲ ਰੱਦ ਕੀਤੀ ਹੈ। ਪਾਕਿਸਤਾਨ ਦੇ ਅਖਬਾਰ ਡਾਨ ਨੇ ਦੱਸਿਆ ਕਿ ਇਹ ਗੱਲ ਪਾਕਿ-ਸਤਾਨ ਡੈਸਕ ਦੇ ਡਾਇਰੈਕਟਰ ਨੀਲ ਡਬਲਯੂ ਹੋਪ ਨੇ ਉਦੋਂ ਕਹੀ ਜਦੋਂ ਉਹ ਨਿਊਜਰਸੀ ਦੇ ਐਟਲਾਂਟਿਕ ਸਿਟੀ ਵਿੱਚ ਪਾਕਿਸਤਾਨੀ ਡਾਕਟਰਾਂ ਦੇ ਸੰਮੇਲਨ ਨੂੰ ਸੰਬੋਧਨ ਕਰ ਰਹੇ ਸਨ।ਇਸ ਮੌਕੇ ਅਮਰੀਕਾ ਵਿੱਚ ਪਾਕਿਸਤਾਨ ਦੇ ਸਾਬਕਾ ਰਾਜਦੂਤ ਜਲੀਲ ਅੱਬਾਸ ਜਿਲਾਨੀ ਨੇ ਦੋਹਾਂ ਦੇਸ਼ਾਂ ਦੇ ਰਿਸ਼ਤਿਆਂ ਦੇ ਔਖੇ ਦੌਰ ਦੀ ਗੱਲ ਕੀਤੀ। ਉਨ੍ਹਾਂ ਸੁਝਾਅ ਦਿੱਤਾ ਕਿ ਭਾਈਵਾਲੀ ਨੂੰ ਲੀਹ ਉੱਤੇ ਰੱਖਣ ਲਈ ਉਚ ਪੱਧਰੀ ਗੱਲਬਾਤ ਦੀ ਲੋੜ ਹੈ। ਅਮਰੀਕੀ ਅਧਿਕਾਰੀ ਨੇ ਕਿਹਾ ਕਿ ਇਮਰਾਨ ਖਾਨ ਵੱਲੋਂ ਲਾਏ ਦੋਸ਼ਾਂ ਵਿੱਚ ਕੋਈ ਸਚਾਈ ਨਹੀਂ, ਅਸੀਂ ਪਾਕਿ-ਸਤਾਨ ਵਿੱਚ ਲੋਕਤੰਤਰੀ ਸਰਕਾਰ ਦਾ ਸਮਰਥਨ ਕਰਦੇ ਹਾਂ।

## ਔਰਤ ਵੇਟਰ ਨੂੰ ਗਾਹਕ ਨੇ 2.5 ਲੱਖ ਰੁਪਏ ਜਿੰਨੀ ਟਿੱਪ ਦੇ ਦਿੱਤੀ

ਵਾਸ਼ਿੰਗਟਨ, 21 ਜੁਲਾਈ (ਪੋਸਟ ਬਿਊਰੋ)- ਇੱਕ ਕੈਫੇ ਵਿੱਚ ਕੰਮ ਕਰਦੀ ਔਰਤ ਵੇਟਰ ਓਦੋਂ ਹੈਰਾਨ ਰਹਿ ਗਈ ਜਦ ਇੱਕ ਗਾਹਕ ਨੇ ਅਜਿਹੀ ਟਿਪ ਦਿੱਤੀ ਜਿਸ ਦੀ ਉਸ ਨੇ ਕਦੀ ਕਲਪਨਾ ਨਹੀਂ ਕੀਤੀ ਸੀ। ਇਸ ਗਾਹਕ ਦੀ ਦਰਿਆਦਿਲੀ ਦੇਖ ਕੇ ਔਰਤ ਵੇਟਰ ਹੈਰਾਨ ਰਹਿ ਗਈ। ਔਰਤ ਨੂੰ ਦੋ ਲੱਖ ਰੁਪਏ ਤੋਂ ਵੱਧ ਦੀ ਟਿਪ ਮਿਲੀ, ਜਦ ਕਿ ਖਾਣਾ ਇਸ ਟਿਪ ਦੇ ਮੁਕਾਬਲੇ ਕਾਫੀ ਸਸਤਾ ਸੀ।ਮੈਰਿਆਨਾ ਲੈਂਬਰਟ ਨਾਂਅ ਦੀ ਔਰਤ ਵੇਟਰ ਸਕ੍ਰੈਂਟਨ, ਪੇਨਸਿਲਵੇਨੀਆ (ਅਮਰੀਕਾ) ਦੇ ਅਲਫਰੈਡੋ ਪੀਜ਼ਾ ਕੈਫੇ ਵਿੱਚ ਕੰਮ ਕਰਦੀ ਹੈ। ਪਿਛਲੇ ਜੂਨ ਵਿੱਚ ਇੱਕ ਵਿਅਕਤੀ ਆਇਆ ਤੇ ਉਸ ਨੇ ਸਟ੍ਰੋਮਬਾਲੀ ਖਾਣੇ ਦਾ ਆਰਡਰ ਕੀਤਾ, ਜਿਸ ਦਾ ਬਿੱਲ 1038ਰੁਪਏ ਜਿੰਨਾ ਆਇਆ, ਪਰ ਇਸ ਵਿਅਕਤੀ ਨੇ ਟਿਪ ਵਿੱਚ ਮੈਰਿਆਨਾ ਲੈਂਬਰਟ ਨੂੰ ਦੋ ਲੱਖ 39 ਹਜ਼ਾਰ ਰੁਪਏ ਬਰਾਬਰ ਦੇ ਦਿੱਤੇ। ਮੈਰਿਆਨਾ ਨੇ ਦੱਸਿਆ, ਜਦ ਉਸ ਨੂੰ ਇਹ ਟਿਪ ਮਿਲੀ ਤਾਂ ਉਹ ਹੈਰਾਨ ਰਹਿ ਗਈ। ਉਨ੍ਹਾਂ ਨੇ ਕਿਹਾ ਕਿ ਵਿਅਕਤੀ ਨੇ ਉਨ੍ਹਾਂ ਦਾ ਦਿੱਲ ਛੂਹ ਲਿਆ। ਉਸ ਨੂੰ ਇਸ ਉੱਤੇ ਯਕੀਨ ਨਹੀਂ ਹੋ ਰਿਹਾ ਕਿ ਉਸ ਨਾਲ ਇਹ ਹੋਇਆ ਹੈ। ਐਲਫਰੈਡੋ ਪੀਜ਼ਾ ਕੈਫੇ ਵਿੱਚ ਕੰਮ ਕਰਦੇ ਦੂਸਰੇ ਮੁਲਾਜ਼ਮਾਂ ਨੂੰ ਵੀ ਯਕੀਨ ਨਹੀਂ ਹੋਇਆ। ਔਰਤ ਵੇਟਰ ਨੂੰ ਦਿੱਤੇ ਇਸ ਖਾਸ ਸਰਪ੍ਰਾਈਜ਼ ਨੂੰ 'ਟਿਪ ਆਫ ਜੀਸਸ' ਮੂਵਮੈਂਟ ਨਾਲ ਵੀ ਜੋੜ ਕੇ ਦੇਖਿਆ ਜਾ ਰਿਹਾ ਹੈ। ਇਹ ਮੁਹਿੰਮ ਕਰੀਬ ਨੌਂ ਸਾਲ ਪਹਿਲਾਂ ਸ਼ੁਰੂ ਹੋਈ ਸੀ।



# ਰੈੱਡ ਵਿੱਲੋ ਸੀਨੀਅਰਜ਼ ਕਲੱਬ ਦੇ ਮੈਂਬਰਾਂ ਨੇ ਲਾਇਆ ਸੈਂਟਰ ਆਈਲੈਂਡ ਦਾ ਟੂਰ



ਬਰੈਂਪਟਨ, (ਡਾ. ਝੰਡ) – ਰੈੱਡ ਵਿੱਲੋ ਸੀਨੀਅਰਜ਼ ਕਲੱਬ ਦੇ ਮੈਂਬਰਾਂ ਵੱਲੋਂ ਲੰਘੇ ਐਤਵਾਰ 17 ਜੁਲਾਈ ਨੂੰ ਸੈਂਟਰ ਆਈਲੈਂਡ ਦਾ ਟੂਰ ਲਾਇਆ ਗਿਆ। ਕਲੱਬ ਦਾ ਗਰੁੱਪ ਕਾਫ਼ੀ ਵੱਡਾ ਹੋਣ ਕਰਕੇ ਸਾਰੇ ਗਰੁੱਪ ਦੇ ਮੈਂਬਰਾਂ ਦੀਆਂ ਬੀਬੀਆਂ ਤੇ ਮਰਦਾਂ ਦੀਆਂ ਵੱਖ-ਵੱਖ ਗਰੁੱਪ ਫ਼ੋਟੋਆਂ ਲਈਆਂ ਗਈਆਂ ਅਤੇ ਫਿਰ 10.00 ਵਜੇ ਸਾਰੇ ਮੈਂਬਰ ਤਿੰਨ ਸਕੂਲ ਬੱਸਾਂ ਵਿਚ ਸਵਾਰ ਹੋ ਕੇ ਗਿਆਰਾਂ ਵਜੇ ਦੇ ਕਰੀਬ ਟੋਰਾਂਟੋ ਡਾਊਨ ਟਾਊਨ ਫ਼ੈਰੀ ਸਟੇਸ਼ਨ ਦੇ ਸਾਹਮਣੇ ਪਹੁੰਚੇ। ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬਜ਼ ਦੇ ਪ੍ਰਧਾਨ ਜੰਗੀਰ ਸਿੰਘ ਸੈਂਹਬੀ ਤੇ ਰੈੱਡ ਵਿਲੋ ਸੀਨੀਅਰਜ਼ ਕਲੱਬ ਦੇ ਉਪ-ਪ੍ਰਧਾਨ ਅਮਰਜੀਤ ਸਿੰਘ ਨੇ ਫ਼ੈਰੀ ਦੀਆਂ ਟਿਕਟਾਂ ਲਈਆਂ ਅਤੇ ਸਾਰੇ ਮੈਂਬਰ ਫ਼ੈਰੀ ਵਿਚ ਬੈਠ ਕੇ ਸੈਂਟਰ ਆਈਲੈਂਡ ਦੇ ਮੁੱਖ ਪਾਰਕ ਵਿਚ ਪਹੁੰਚ ਗਏ। ਛੋਟੇ-ਛੋਟੇ ਗਰੁੱਪਾਂ ਵਿਚ ਏਧਰ ਓਧਰ ਘੁੰਮ ਫਿਰ ਕੇ ਉਨ੍ਹਾਂ ਨੇ ਸੈਂਟਰ ਆਈਲੈਂਡ ਦੀ ਸੁੰਦਰਤਾ ਦਾ ਅਨੰਦ ਮਾਣਿਆਂ।

ਇਨ੍ਹਾਂ ਦਿਨਾਂ ਵਿਚ ਸਾਊਥ ਏਸ਼ੀਅਨ ਭਾਈਚਾਰੇ ਦਾ ਧਾਰਮਿਕ ਸਮਾਗ਼ਮ 'ਹਰੇ ਰਾਮਾ ਹਰੇ ਕ੍ਰਿਸ਼ਨਾ' ਚੱਲ ਰਿਹਾ ਸੀ ਜਿੱਥੇ ਇਸ ਦੇ ਪ੍ਰਬੰਧਕਾਂ ਵੱਲੋਂ ਖਾਣੇ ਦਾ ਬਹੁਤ ਵਧੀਆ ਪ੍ਰਬੰਧ ਕੀਤਾ ਗਿਆ ਸੀ। ਦੁਪਹਿਰ ਦਾ ਭੋਜਨ ਉੱਥੇ ਹੀ ਛਕਿਆ ਗਿਆ ਅਤੇ ਕਈਆਂ ਨੇ ਇਸ ਪ੍ਰੋਗਰਾਮ ਵਿਚ ਚੱਲ ਰਹੇ ਧਾਰਮਿਕ ਗੀਤ-ਸੰਗੀਤ ਦਾ ਵੀ ਖ਼ੂਬ ਅਨੰਦ ਲਿਆ। ਫਿਰ ਬੀਬੀਆਂ ਨੇ ਆਪਣਾ ਵੱਖਰਾ ਪਿੜ ਬਣਾ ਲਿਆ ਅਤੇ ਸਾਵਣ ਮਹੀਨੇ ਨਾਲ ਜੁੜੀਆਂ ਬੋਲੀਆਂ ਪਾ ਕੇ ਖ਼ੂਬ ਗਿੱਧਾ ਪਾਇਆ। ਸ਼ਾਮ ਪੰਜ ਵਜੇ ਸਾਰੇ ਮੈਂਬਰ ਫ਼ੈਰੀ ਸਟੇਸ਼ਨ ਦੇ ਨਜ਼ਦੀਕ ਇਕੱਠੇ ਹੋ ਗਏ ਅਤੇ ਫ਼ੈਰੀ ਵਿਚ ਬੈਠ ਕੇ ਓਨਟਾਰੀਓ ਝੀਲ ਦੇ ਦੂਸਰੇ ਕਿਨਾਰੇ ਪਹੁੰਚੇ ਜਿੱਥੇ ਬੱਸਾਂ ਉਨ੍ਹਾਂ ਦੀ ਉਡੀਕ ਕਰ ਰਹੀਆਂ ਸਨ। ਸਾਢੇ ਪੰਜ ਵਜੇ ਬੱਸਾਂ ਵਿਚ ਸਵਾਰ ਹੋ ਕੇ ਲੱਗਭੱਗ ਸਾਢੇ ਛੇ ਰੈੱਡ ਵਿਲੋ ਪਾਰਕ ਪਹੁੰਚ ਕੇ ਘਰੋ-ਘਰੀਂ ਰਵਾਨਾ ਹੋਏ। ਇਸ ਤਰ੍ਹਾਂ ਕਲੱਬ ਦੇ ਮੈਂਬਰਾਂ ਲਈ ਇਸ ਸੀਜ਼ਨ ਦਾ ਇਹ ਦੂਸਰਾ ਟੂਰ ਵੀ ਯਾਦਗਾਰੀ ਬਣ ਗਿਆ।



# ਬਲੂ ਓਕ ਸੀਨੀਅਰਜ਼ ਕਲੱਬ ਨੇ ਕੈਨੇਡਾ ਡੇ ਮਨਾਇਆ



ਬਲੂ ਓਕ ਸੀਨੀਅਰਜ਼ ਕਲੱਬ ਵਲੋਂ ਕਨੇਡਾ ਡੇ ਮਿਤੀ 10 ਜੁਲਾਈ ਦਿਨ ਐਤਵਾਰ ਨੂੰ ਬਲੂ ਓਕ ਪਾਰਕ ਵਿੱਚ ਬੜੀ ਧੂਮ-ਧਾਮ ਨਾਮ ਮਨਾਇਆ ਗਿਆ। ਮਹਿੰਦਰ ਪਾਲ ਸ਼ਰਮਾ, ਜਰਨਲ ਸੈਕਟਰੀ ਨੇ ਸਮਾਗਮ ਦੀ ਸੁਰੂਆਤ ਕੀਤੀ ਅਤੇ ਸਾਰੇ ਆਏ ਵੀਰਾਂ ਨੂੰ ਕਨੇਡਾ ਡੇ ਦੀਆਂ ਵਧਾਈਆਂ ਦਿੱਤੀਆਂ, ਬਾਦ ਦੇ ਵਿੱਚ ਸਵਰਗਵਾਸ ਹੋਏ ਮੈਂਬਰਾਂ ਨੂੰ ਦੋ ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧਾਂਜਲੀ ਭੇਂਟ ਕੀਤੀ ਗਈ। ਸਾਰੇ ਵੀਰਾਂ ਨੇ ਖੜੇ ਹੋਕੇ ਰਾਸ਼ਟੀ ਗੀਤ ਦਾ ਗਾਇਣ ਕੀਤਾ। ਗੁਰਦੇਵ ਸਿੰਘ ਰਖੜਾ ਅਤੇ ਰਿੰਪੀ ਵਲੋਂ ਸ਼ਾਨਦਾਰ ਕੀਵਤਾਵਾਂ ਪੜੀਆਂ ਗਈਆਂ ਅਤੇ ਸਾਰੇ ਵੀਰਾਂ ਨੂੰ ਨਿਹਾਲ ਕੀਤਾ ਗਿਆ। ਗੁਰਪ੍ਰੀਤ ਸਿੰਘ ਢਿਲੋਂ ਰਜਿ: ਕੌਂਸਲਰ ਅਤੇ ਹਰਕੀਰਤ ਸਿੰਘ ਕੌਂਸਲਰ ਨੇ ਕਨੇਡਾ ਡੇ ਤੇ ਸਭ ਨੂੰ ਵਧਾਈ ਦਿੱਤੀ। ਕਲੱਬ ਵਲੋਂ ਮ੍ਰਿਤਕ ਮੈਂਬਰਾਂ, ਹਰਭਗਵੰਤ ਸਿੰਘ ਸੋਹੀ, ਬਲਬੀਰ ਸਿੰਘ ਚੀਮਾ, ਜਗਰੂਪ ਸਿੰਘ ਸੱਪਲ ਅਤੇ ਜਗਜੀਤ ਸਿੰਘ ਮਾਨ ਦੇ ਪਰਿਵਾਰਾਂ ਨੂੰ ਪਲੈਕ ਦੇ ਕੇ ਸਨਮਾਨਿਤ ਕੀਤਾ ਗਿਆ। ਆਖਿਰ ਵਿੱਚ ਸੋਹਣ ਸਿੰਘ ਤੂਰ ਪ੍ਰਧਾਨ ਨੇ ਸਾਰੇ ਆਏ ਵੀਰਾਂ ਨੂੰ ਕਨੇਡਾ ਡੇ ਦੀਆਂ ਵਧਾਈਆਂ ਦਿੱਤੀਆਂ ਅਤੇ ਸਾਰਿਆਂ ਦਾ ਸਮਾਗਮ ਵਿੱਚ ਪਹੁੰਚਣ ਲਈ ਧੰਨਵਾਦ ਕੀਤਾ, ਬਾਦ ਵਿੱਚ ਸਾਰੇ ਆਏ ਵੀਰਾਂ ਨੇ ਚਾਹ, ਮਠਿਆਈ ਅਤੇ ਪਕੌੜਿਆਂ ਦਾ ਅਨੰਦ ਮਾਣਿਆ।

# ਸਾਡੇ 'ਧਿਆਨ' ਦੀ ਲੁੱਟ

-ਇੰਜ. ਈਸ਼ਰ ਸਿੰਘ-
647-640-2014

ਬੇ-ਧਿਆਨੀ ਨਾਲ਼ ਦੇਖਿਆਂ 'ਧਿਆਨ' ਇੱਕ ਸਧਾਰਨ ਸ਼ਬਦ ਲਗਦਾ ਹੈ ਕਿਉਂਕਿ ਇਹ ਬਹੁਤ ਪਰਚੱਲਤ ਹੈ। ਪਰ ਧਿਆਨ ਨਾਲ਼ ਵਿਚਾਰਿਆਂ ਸਮਝ ਆਉਂਦੀ ਹੈ ਕਿ ਇਹ ਇੱਕ ਗੂੜ੍ਹ ਅਤੇ ਅਰਥ-ਭਰਪੂਰ ਸ਼ਬਦ ਹੈ। ਇਸ ਦਾ ਅਰਥ ਹੈ: ਇਕਾਗਰਤਾ, ਗੌਰ, ਲਿਵਲੀਨਤਾ, ਨੀਝ ਜਾਂ ਤਸੱਵਰ। ਅੰਗਰੇਜੀ 'ਚ ਇਸ ਦੇ ਢੁਕਵੇਂ ਅਨੁਵਾਦ ਹਨ: ਅਟੈਂਸ਼ਨ ਜਾਂ ਕਨਸੈਂਟਰੇਸ਼ਨ । ਸੰਸਾਰ ਦੇ ਹੁਣ ਤੱਕ ਹੋਏ ਸਰਬ-ਪੱਖੀ ਵਿਕਾਸ 'ਚ, ਧਿਆਨ ਇੱਕ ਮੁੱਖ ਅਤੇ ਜਰੂਰੀ ਅੰਗ ਰਿਹਾ ਹੈ; ਇਹ ਭਾਵੇਂ ਕਿਸੇ ਸਿਧਾਂਤ ਦੀ ਸਿਰਜਣਾ ਹੋਵੇ ਭਾਵੇਂ ਕਿਸੇ ਮਸ਼ੀਨਰੀ ਦੀ ਕਾਢ। ਇਹ ਸੁਚੇਤ ਢੰਗ ਨਾਲ਼, ਮਨ ਦੇ ਵਿਚਾਰਾਂ ਅਤੇ ਦਰ-ਪੇਸ਼ ਕੰਮਾਂ 'ਚੋਂ ਕਿਸੇ ਇੱਕ ਨੂੰ ਚੁਣ ਕੇ, ਉਸ 'ਤੇ ਚੇਤਨਾ ਨੂੰ ਕੇਂਦ੍ਰਿਤ ਕਰਨਾ ਹੈ। ਸੁਚੇਤ ਹੋ ਕੇ ਚੇਤਨਾ ਨੂੰ ਕੇਂਦ੍ਰਿਤ ਕਰਨ, ਧਿਆਨ-ਭੰਗ ਕਰਨ ਵਾਲ਼ੇ ਬਾਹਰੀ ਮਾਹੌਲ ਤੋਂ ਨਿਰਲੇਪਤਾ ਅਤੇ ਇਕਾਗਰਤਾ, ਧਿਆਨ ਦੇ ਸਾਰ-ਤੱਤ ਹਨ। ਇਹ ਕਿਸੇ ਬਾਹਰੀ ਮੁੱਦੇ 'ਤੇ ਵੀ ਇਕਾਗਰ ਹੋ ਸਕਦਾ ਹੈ ਅਤੇ ਕਿਸੇ ਅੰਦਰੂਨੀ ਵਿਚਾਰ 'ਤੇ ਵੀ। ਭਾਈ ਕਾਹਨ ਸਿੰਘ ਨਾਭਾ ਅਨੁਸਾਰ ਇਸ ਦੀ ਪਰਿਭਾਸ਼ਾ 'ਸਭ ਪਾਸਿਓਂ ਮਨ ਨੂੰ ਰੋਕ ਕੇ ਇੱਕ ਵਿਸ਼ੇ ਤੇ ਟਿਕਾਉਣਾ ਹੈ। ਧਿਆਨ ਸਾਡੀ ਐਸੀ 'ਮਾਨਸਿਕ ਸੰਪਤੀ' ਹੈ ਜਿਹੜੀ ਸੀਮਤ ਅਤੇ ਬਹੁ-ਮੁੱਲੀ ਹੈ ਅਤੇ ਹਰ ਇਨਸਾਨ ਕੋਲ਼ ਇਸ ਦੀ ਮਾਤਰਾ ਅੱਡ-ਅੱਡ ਹੈ। ਇਸ ਦਾ ਵਿਕਾਸ ਅਤੇ ਵਿਨਾਸ ਹੋ ਸਕਦਾ ਹੈ ਅਤੇ ਇਸ ਦੀ ਸਦ-ਵਰਤੋਂ ਜਾਂ ਦੁਰਵਰਤੋਂ ਕੀਤੀ ਜਾ ਸਕਦੀ ਹੈ। ਇਸ ਇਕਾਗਰਤਾ ਦੀ ਸਭ ਤੋਂ ਵਿਹਾਰਕ ਅਤੇ ਪਰਚੱਲਤ ਉਦ੍ਹਾਰਣ, ਲੈਨਜ ਨਾਲ਼ ਸੂਰਜ ਦੀਆਂ ਕਿਰਨਾਂ ਇਕੱਠੀਆਂ ਕਰ ਕੇ ਕਾਗਜ ਨੂੰ ਅੱਗ ਲਾਉਣੀ ਹੈ। ਇਸ ਲੇਖ 'ਚ ਧਿਆਨ ਦਾ ਅਰਥ ਅਟੈਂਸ਼ਨ () ਹੈ। ਸੋਚਣ ਵਾਲ਼ੀ ਗੱਲ ਇਹ ਹੈ ਕਿ ਜਦ ਇਹ ਕੋਈ ਪਦਾਰਥਕ ਵਸਤੂ ਨਹੀਂ, ਤਾਂ ਇਸ ਦੀ ਲੁੱਟ ਕਿਵੇਂ ਹੋ ਸਕਦੀ ਹੈ? ਪਰ ਇਹ ਹੋ ਰਹੀ ਹੈ ਅਤੇ ਇਸ ਹੱਦ ਤੱਕ ਹੋ ਰਹੀ ਹੈ ਕਿ ਇਹ ਸਾਡੇ ਨਿੱਜੀ, ਪਰਿਵਾਰਕ ਅਤੇ ਸਮਾਜਕ ਜੀਵਨ ਤੋਂ ਲੈ ਕੇ ਮਨੁੱਖਤਾ ਦੀ ਹੋਂਦ ਤੱਕ ਖਤਰਾ ਬਣ ਗਈ ਹੈ। ਮਾਹਰਾਂ ਦਾ ਅਨੁਮਾਨ ਹੈ ਕਿ ਸਮੁੱਚੇ ਸੰਸਾਰ 'ਚ, ਸਾਡੇ ਧਿਆਨ (ਅਟੈਂਸ਼ਨ) ਦੀ ਹੋ ਰਹੀ ਲੁੱਟ ਅੱਜ 12 ਲੱਖ ਕਰੋੜ ਰੁਪਏ ਸਾਲਾਨਾ ਦਾ ਵਪਾਰ ਬਣਿਆ ਹੋਇਆ ਹੈ । ਇਸ ਨਾਲ਼ ਜੁੜੀਆਂ ਕੰਪਨੀਆਂ ਇਕੱਲੀਆਂ-ਇਕੱਲੀਆਂ ਅਤੇ ਆਪਸ 'ਚ ਰਲ਼ ਕੇ ਸਾਡੇ ਧਿਆਨ ਰੂਪੀ ਖ਼ਜ਼ਾਨੇ ਨੂੰ ਲੁੱਟ ਰਹੀਆਂ ਹਨ। ਅਤੇ ਇਹ ਸਭ ਦਿਨ-ਦਿਹਾੜੇ, ਧੱਕੇ ਨਾਲ਼ ਅਤੇ ਬਗੈਰ ਸਰਕਾਰਾਂ ਦੇ ਡਰ ਤੋਂ ਕਰ ਰਹੀਆਂ ਹਨ। ਇਸ ਸਬੰਧ 'ਚ ਹਰ ਦੇਸ਼ ਦੇ ਕਾਨੂੰਨ, ਲਾਚਾਰ ਅਤੇ ਸਾਹ-ਸਤ ਹੀਣ ਹਨ। ਇਸ ਦਾ ਇੱਕ ਮੁੱਖ ਕਾਰਨ ਇਹ ਹੈ ਕਿ ਦੇਸ਼ ਇੱਕ ਇਕਾਈ ਹੁੰਦਾ ਹੈ ਜਦ ਕਿ ਇਹ ਕੰਪਨੀਆਂ ਬਹੁ-ਦੇਸ਼ੀ ਹੁੰਦੀਆਂ ਹਨ। ਦੂਜਾ, ਇੰਨਾ ਹੀ ਵੱਡਾ ਪਰ ਗੁਪਤ ਕਾਰਨ ਇਹ ਕਿ ਇਨ੍ਹਾਂ ਨੂੰ ਕਾਨੂੰਨ ਦੇ ਘੇਰੇ 'ਚ ਲਿਆਉਣ ਦੀਆਂ ਜ਼ਿੰਮੇਵਾਰ ਹਸਤੀਆਂ 'ਚੋਂ ਕੁਛ ਇਨ੍ਹਾਂ ਕੰਪਨੀਆਂ ਵਲੋਂ ਕਾਣੀਆਂ ਕੀਤੀਆ ਹੁੰਦੀਆਂ ਹਨ।

ਸਾਡੇ ਧਿਆਨ ਦੀ ਲੁੱਟ ਨੂੰ, 21ਵੀਂ ਸਦੀ ਦੇ ਸ਼ੁਰੂ 'ਚ ਉਸ ਵਕਤ ਹੋਰ ਬਲ ਮਿਲਿਆ ਜਦ ਇਸ਼ਤਿਹਾਰ-ਬਾਜੀ, ਮਨ-ਪਰਚਾਵੇ ਅਤੇ ਜਾਣਕਾਰੀ (ਇਨਫਾਰਮੇਸ਼ਨ) ਦੇ ਤਿੰਨੇ ਖੇਤਰ, ਡਿਜਿਟਲ ਮੀਡੀਆ ਨੇ ਆਪਣੇ ਹੱਥ 'ਚ ਕਰ ਲਏ। ਇਸ ਨਾਲ਼ ਇਨ੍ਹਾਂ ਸਭ ਦਾ ਰੂਪ-ਸਰੂਪ ਵੀ ਬਦਲ ਗਿਆ ਅਤੇ ਇਨ੍ਹਾਂ ਤਿੰਨਾਂ ਦੀ ਐਸੀ ਜੁੰਡਲ਼ੀ ਵੀ ਬਣ ਗਈ ਜੋ ਕਿਸੇ ਦੇ ਕਾਬੂ 'ਚ ਨਹੀਂ ਰਹੀ। ਇਸ ਵਪਾਰ ਤੇ, ਇਸ ਤਰ੍ਹਾਂ ਦੀਆਂ ਕੰਪਨੀਆਂ ਨੇ ਕਬਜ਼ਾ ਕਰ ਲਿਆ ਹੈ ਜਿਨ੍ਹਾਂ ਵਾਸਤੇ ਨੈਤਿਕ ਕਦਰਾਂ-ਕੀਮਤਾਂ ਕੋਈ ਅਰਥ ਨਹੀਂ ਰਖਦੀਆਂ ਅਤੇ ਮਨੁੱਖਤਾ ਅਤੇ ਸੰਸਾਰ ਦੇ ਵਾਤਾਵਰਣ ਦਾ ਕੋਈ ਦਰਦ ਨਹੀਂ। ਆਪਣੇ ਮੰਤਵ ਦੀ ਪ੍ਰਾਪਤੀ ਵਾਸਤੇ ਇਹ ਅਨੇਕਾਂ ਕਿਸਮ ਦੇ ਕੋਝੇ ਢੰਗ ਵਰਤ ਰਹੀਆਂ ਹਨ, ਜੋ ਸਾਡੀ ਸਮਝ 'ਚ ਨਹੀਂ ਆ ਸਕਦੇ। ਪਰ ਸਾਡੇ ਧਿਆਨ ਨੂੰ ਖਿੱਚਣ ਦਾ ਇਨ੍ਹਾਂ ਦਾ ਇੱਕ ਮੁੱਖ ਢੰਗ, ਜਮਾਂਦਰੂ ਅਤੇ ਸੁਭਾਵਕ ਮਨੁੱਖੀ ਕਮਜ਼ੋਰੀਆਂ ਦਾ ਸੋਸ਼ਣ ਕਰਨਾ ਹੈ। ਜਿੰਨੀਆਂ ਖੋਜਾਂ ਇਹ ਕੰਪਨੀਆਂ ਤਕਨਾਲੋਜੀ 'ਤੇ ਕਰਦੀਆਂ ਹਨ ਓਨੀਆਂ ਹੀ ਮਨੋ-ਵਿਗਿਆਨ, ਸਮਾਜਿਕ ਮਨੋ-ਵਿ-ਗਆਨ, ਸਰਕਾਰੀ ਕਾਨੂੰਨਾਂ, ਸਮਾਜਿਕ ਅਤੇ ਅਰਥ-ਵਿਵਸਥਾ ਅਤੇ ਹੋਰ ਸਬੰਧਿਤ ਵਿਸ਼ਿਆਂ 'ਤੇ ਕਰਦੀਆਂ ਹਨ। ਇਨ੍ਹਾਂ ਵਲੋਂ ਬਣਾਏ ਸੋਸ਼ਲ ਮੀਡਿਆ ਨੇ ਸਾਡੇ ਵਿਹਾਰ ਨੂੰ ਇਸ ਤਰ੍ਹਾਂ 'ਕੰਡੀਸ਼ਨ' ਕਰ ਦਿੱਤਾ ਹੈ ਕਿ ਅਸੀਂ ਇਨ੍ਹਾਂ ਕੰਪਨੀਆਂ ਦੇ 'ਹੱਥ ਪੈ ਗਏ ਹਾਂ'। ਮਨੁੱਖ ਦੀਆਂ ਸਭ ਕਮਜੋਰੀਆਂ ਅਤੇ ਮਜਬੂਰੀਆਂ ਨੂੰ ਸਮਝ ਕੇ, ਸੋਸ਼ਲ ਮੀਡੀਆ 'ਤੇ ਐਸੇ-ਐਸੇ ਐਡਿਕਟਿਵ, ਲੁਭਾਉਣੇ ਅਤੇ ਉਕਸਾਊ ਪ੍ਰੋਗਰਾਮ ਪਾਉਂਦੀਆਂ ਹਨ ਜਿਨ੍ਹਾਂ ਵਲ ਧਿਆਨ ਖਿੱਚਿਆ ਜਾਣਾ ਸੁਭਾਵਿਕ ਹੈ। 'ਸੈਂਟਰ ਫਾਰ ਹਿਉਮੇਅਨ ਤਕਨਾਲੋਜੀ' ਦੇ ਬਾਨੀ ਪ੍ਰਸਿੱਧ ਸੁਧਾਰ-ਵਾਦੀ 'ਟ੍ਰਿਸਟਨ ਹੈਰਿਸ' ਦਸਦੇ ਹਨ ਕਿ ਵਧੀਆ ਕੰਟਰੋਲ-ਰੂਮਾਂ 'ਚ ਬੈਠੇ ਸੌਅ ਕੁ ਬੰਦੇ ਹੀ, ਦੁਨੀਆਂ ਦੇ ਸੈਂਕੜੇ ਕਰੋੜਾਂ ਬੰਦਿਆਂ ਦੇ ਧਿਆਨ ਅਤੇ ਮਨੋ-ਭਾਵਾਂ ਨੂੰ ਭਟਕਾਅ ਰਹੇ ਹਨ। ਇਹ ਗੱਲ ਸ਼ਾਇਦ ਖਿਆਲੀ ਲਗਦੀ ਹੋਵੇ; ਪਰ ਨਹੀਂ। ਉਸ ਦਾ ਕਹਿਣਾ ਹੈ ਕਿ "ਮੈ ਖੁਦ ਇਸ ਤਰ੍ਹਾ ਦੇ ਕੰਟਰੋਲ-ਰੂਮਾਂ 'ਚ ਕੰਮ ਕੀਤਾ ਹੈ"। ਇਹ ਸਾਡਾ ਧਿਆਨ ਖਿੱਚ ਨਹੀਂ ਬਲਕਿ ਸੜ੍ਹਾਕ (ਸਅਕਿੰਗ ਕਰ) ਰਹੀਆਂ ਹਨ। ਫਿਰ ਵੀ ਆਸ਼ਾ-ਜਨਕ ਗੱਲ ਇਹ ਹੈ ਕਿ ਇਨਸਾਨੀ ਬੁੱਧ-ਵਿਵੇਕ ਅਤੇ ਦ੍ਰਿੜਤਾ ਦੇ ਗੁਣਾਂ ਨੂੰ ਵਰਤ ਕੇ ਅਸੀਂ ਇਸ ਗ਼ਲਤ ਲੀਹ ਚੋਂ ਬਾਹਰ ਨਿੱਕਲ਼ ਸਕਦੇ ਹਾਂ।

ਅਸੀਂ ਆਪਣੇ ਧਿਆਨ ਨੂੰ ਬਹੁਤੀ ਮਹਤੱਤਾ ਨਹੀਂ ਦਿੰਦੇ, ਪਰ ਸੰਸਾਰ ਭਰ ਦੀਆਂ ਡਿਜਿਟਲ ਕੰਪਨੀਆਂ ਵਾਸਤੇ ਇਹ ਇੱਕ ਕੀਮਤੀ ਵਸਤੂ ਬਣ ਚੁੱਕੀ ਹੈ। ਇਸ ਦਾ ਕਾਰਨ ਇਹ ਹੈ ਕਿ ਬੇ-ਲੋੜੀਆਂ ਖੋਜਾਂ ਕਰ-ਕਰ ਕੇ ਇਹ ਕੰਪਨੀਆਂ, ਬੇ-ਥਾਹ ਜਾਣਕਾਰੀ (ਇਨਫਾਰਮੇਸ਼ਨ) ਪੈਦਾ ਕਰੀਂ ਜਾ ਰਹੀਆਂ ਹਨ ਅਤੇ ਉਸ ਦੀ 'ਖਪਤ' ਵਾਸਤੇ ਇਨ੍ਹਾਂ ਨੂੰ ਸਾਡੇ ਧਿਆਨ ਦੀ ਲੋੜ ਹੈ। ਕੰਪਨੀਆਂ ਜਾਣਦੀਆਂ ਵੀ ਹਨ ਕਿ ਜਾਣਕਾਰੀ ਨੂੰ ਸਮੋਅ ਸਕਣ ਦੀ ਮਨੁੱਖੀ ਧਿਆਨ ਦੀ ਸਮਰੱਥਾ ਸੀਮਤ ਹੈ ਅਤੇ ਉਸ ਨੇ ਇਹ ਧਿਆਨ ਜੀਵਨ ਦੇ ਹੋਰ ਜਰੂਰੀ ਕੰਮਾਂ 'ਤੇ ਵੀ ਵਰਤਣਾ ਹੈ। ਫਿਰ ਵੀ ਓਹ ਕਮਾਈ ਵਾਸਤੇ, ਜਾਣਕਾਰੀ 'ਚ ਬੇ-ਲੋੜਾ ਵਾਧਾ ਕਰੀਂ ਜਾ ਰਹੀਆਂ ਹਨ ਕਿਉਂਕਿ ਓਹ, ਨਾਲ਼-ਨਾਲ਼ ਸਾਡੇ ਧਿਆਨ ਨੂੰ ਭਟਕਾਉਣ ਅਤੇ ਆਪਣੇ ਵਲ ਖਿੱਚਣ ਦੇ ਢੰਗ ਵੀ ਲਭਦੀਆਂ ਰਹਿੰਦੀਆਂ ਹਨ। ਇਸੇ ਕਰ ਕੇ ਅੱਜ ਇਹ ਕੰਪਨੀਆਂ ਧਿਆਨ-ਵਿਵਸਥਾ ਨੂੰ, ਅਰਥ-ਵਿਵਸਥਾ ਦੀਆਂ ਲੀਹਾਂ ਤੇ ਚਲਾ ਰਹੀਆਂ ਹਨ ਜਿਹੜੀ ਕਿ ਮੌਜੂਦਾ ਕੈਪੀਟਲ-ਸਿਸਟਮ ਦੀ ਇੱਕ ਨਵੀਂ ਉਪ-ਸ਼ਾਖਾ ਹੈ। ਕਿੰਨੇ ਅਫਸੋਸ ਦੀ ਗੱਲ ਹੈ ਕਿ ਸਾਡੇ ਧਿਆਨ ਦੇ ਮੁੱਲ ਦੀ ਸੀਮਾ, ਇਨ੍ਹਾਂ ਕੰਪਨੀਆਂ ਨੇ ਸਾਡੀਆਂ ਪਸ਼ੂ-ਵਿਰਤੀਆਂ ਨੂੰ ਉਤੇਜਿਤ ਕਰ ਕੇ ਉਨ੍ਹਾਂ ਦੀ ਸੰਤੁਸ਼ਟੀ ਕਰਨ ਤੱਕ ਮੁਕੱਰਰ ਕਰ ਦਿੱਤੀ ਹੈ। ਉਨ੍ਹਾਂ ਦਾ ਮੰਤਵ ਪੂਰਾ ਹੋ ਰਿਹਾ ਹੈ, ਸੋਚ-ਵਿਚਾਰ ਅਤੇ ਸਿਆਣਪ ਕਰਨ ਦੀ ਲੋੜ ਤਾਂ ਸਾਨੂੰ ਹੈ।

ਸੋਸ਼ਲ ਮੀਡੀਆ ਰਾਹੀਂ ਇਹ ਕੰਪਨੀਆਂ ਕਿਵੇਂ ਕਮਾਈ ਕਰ ਰਹੀਆਂ ਹਨ ਇਹ ਸਮਝਣ ਵਾਸਤੇ ਕਹਿ ਸਕਦੇ ਹਾਂ ਕਿ ਜਦ ਅਸੀਂ ਕਿਸੇ ਵੈੱਬ-ਸਾਈਟ ਜਾਂ ਐਪ ਨੂੰ ਖੋਲ੍ਹਦੇ ਹਾਂ ਤਾਂ ਉਸ ਦੀ ਮਾਲਕ ਕੰਪਨੀ ਵਾਸਤੇ ਵੋਟ ਪਾ ਰਹੇ ਹੁੰਦੇ ਹਾਂ। ਇਹ ਸਾਈਟਾਂ ਇਸ ਤਰ੍ਹਾਂ ਬਣਾਈਆਂ ਹੁੰਦੀਆਂ ਹਨ ਕਿ ਅਸੀਂ ਇੱਕ ਤੋਂ ਬਾਅਦ ਦੂਜੀ, ਫਿਰ ਤੀਜੀ ਨੂੰ ਸੁਤੇ-ਸਿੱਧ ਟਿੱਕ ਕਰਦੇ ਰਹਿੰਦੇ ਹਾਂ। ਇਹ ਸਭ ਉਨ੍ਹਾਂ ਦੀਆਂ ਵੋਟਾਂ ਹਨ ਅਤੇ ਜਿੰਨੀਆਂ ਵੱਧ ਕਿਸੇ ਕੰਪਨੀ ਦੀਆਂ ਵੋਟਾਂ, ਓਨਾ ਹੀ ਉਹ ਆਪਣੀ ਇਸ਼ਤਿਹਾਰਬਾਜੀ ਦਾ ਰੇਟ ਵਧਾਈਂ ਜਾਂਦੀ ਹੈ। ਇਹ ਕੁਛ ਓਸੇ ਤਰ੍ਹਾਂ ਹੈ ਜਿਵੇਂ ਰਾਜਸੀ ਲੀਡਰ ਲਾਲਚ ਦੇ ਕੇ ਜਨਤਾ ਤੋਂ ਵੋਟਾਂ ਲੈਂਦੇ ਹਨ। ਫਿਰ ਸੱਤਾ 'ਚ ਆ ਕੇ ਹੋਰ ਮਾਇਆ ਅਤੇ ਤਾਕਤ ਇਕੱਠੀ ਕਰ ਕੇ ਅਗਲੀਆਂ ਵੋਟਾਂ 'ਚ ਹੋਰ ਲਾਲਚ ਦਿੰਦੇ ਹਨ।

ਸੋਸਲ ਮੀਡੀਆ ਦਾ ਆਧਾਰ ਸਾਡਾ ਧਿਆਨ ਹੈ ਜਿਸ ਨੂੰ ਖਿੱਚਣ ਵਾਸਤੇ ਕੰਪਨੀਆਂ ਇਹ ਚਾਲਾਂ ਚੱਲ ਰਹੀਆਂ ਹਨ। ਸਾਡਾ ਧਿਆਨ ਸੀਮਤ ਹੋਣ ਕਰ ਕੇ ਥੋੜੇ ਚਿਰ ਵਾਸਤੇ ਇਕਾਗਰ ਰਹਿ ਸਕਦਾ ਹੈ ਅਤੇ ਓਹ ਵੀ ਕਿਸੇ ਇੱਕ ਮੁੱਦੇ ਤੇ। ਸਪਸ਼ਟ ਹੈ ਕਿ ਜਿਹੜਾ ਵੀ ਧਿਆਨ ਅਸੀਂ ਸੋਸ਼ਲ ਮੀਡੀਆ ਨੂੰ ਦਿੰਦੇ ਹਾਂ ਓਹ ਕਿਸੇ ਹੋਰ ਕੰਮ ਦੀ ਕੀਮਤ ਤੇ ਦਿੰਦੇ ਹਾਂ। ਨਾਲ਼ ਹੀ ਵਿਚਾਰਨ ਵਾਲ਼ੀ ਅਹਿਮ ਗੱਲ ਇਹ ਹੈ ਕਿ ਸੁਭਾਵਕ ਤੌਰ ਤੇ ਸਾਡੇ ਧਿਆਨ ਦੀ ਪ੍ਰਵਿਰਤੀ ਚਲਾਇਮਾਨ ਹੋਣ ਕਰ ਕੇ, ਇਸ ਨੂੰ ਇਕਾਗਰ ਕਰਨ 'ਚ ਅਸੀਂ ਪਹਿਲਾਂ ਹੀ ਅਸਮਰੱਥ ਹਾਂ। ਉੱਪਰੋਂ ਕੰਪਨੀਆਂ ਵਲੋਂ ਇਸ ਨੂੰ ਭਟਕਾਉਣ ਵਾਸਤੇ ਲਗਾਤਾਰ ਸ਼ਾਤਰ ਮਨਸੂਬੇ ਬਣਾਏ ਜਾਂਦੇ ਰਹਿੰਦੇ ਹਨ। ਸਾਡੇ ਤੇ "ਇੱਕ ਕਮਲ਼ੀ ਤੇ ਦੂਜੇ ਪੈ ਗੀ..." ਦੀ ਅਖਾਣ ਪੂਰੀ ਢੁਕਦੀ ਹੈ। ਇਸ ਵਿਚਾਰ 'ਤੋਂ ਭਾਵ ਇਹ ਹੈ ਕਿ ਇਹ ਇੱਕ ਗੰਭੀਰ ਸਮੱਸਿਆ ਹੈ, ਜਿਸ ਨੂੰ ਸਰਸਰੀ ਨਹੀਂ ਲੈਣਾ ਚਾਹੀਂਦਾ। ਆਪਣੇ ਧਿਆਨ ਨੂੰ ਸਕਾਰਾਤਮਿਕ ਕੰਮਾਂ ਅਤੇ ਸ਼ੁਭ ਵਿਚਾਰਾਂ ਲਈ ਸਾਂਭ ਕੇ ਰੱਖਣ ਅਤੇ ਵਰਤਣ ਵਾਸਤੇ ਸਾਨੂੰ ਇਸ ਨੂੰ ਭਟਕਾਉਣ ਵਾਲ਼ੀਆਂ ਬਾਹਰੀ ਗੱਲਾਂ ਤੋਂ ਸੁਚੇਤ ਹੋਣ ਦੀ ਲੋੜ ਹੈ। ਸੋ ਪਹਿਲਾਂ ਅਸੀਂ, ਸੋਸ਼ਲ ਮੀਡੀਆ ਦੇ ਸਾਡੇ 'ਤੇ ਪੈ ਰਹੇ ਮੰਦੇ ਪ੍ਰਭਾਵਾਂ ਦੀ ਪਛਾਣ ਕਰਨੀ ਹੈ, ਜਿਨ੍ਹਾਂ 'ਚੋਂ ਕੁਝ ਇਹ ਹਨ:

ਸੋਸ਼ਲ ਮੀਡੀਆ ਨੇ ਇਨਸਾਨ ਦਾ ਧਿਆਨ, ਦਰ-ਪੇਸ਼ ਅਸਲੀ ਸਮੱਸਿਆਵਾਂ ਤੋਂ ਹਟਾ ਕੇ ਮਨੋ-ਕਲਪਿਤ ਸਮੱਸਿਆਵਾਂ ਵਲ ਕਰ ਦਿੱਤਾ ਹੈ। ਇਹ ਗੱਲ ਅੱਜ ਦੇ ਰਾਜਨੀਤਕ ਲੀਡਰਾਂ ਨੂੰ ਵੀ ਬਾਰਾ ਖਾਂਦੀ ਹੈ। ਚੰਦ ਤੇ ਪਲਾਟ ਬੁੱਕ ਕਰਵਾਉਣ ਦੀਆਂ ਸਕੀਮਾਂ ਬਾਰੇ ਆਪਾਂ ਸਭ ਜਾਣਦੇ ਹਾਂ ਪਰ ਧਰਤੀ 'ਤੇ ਮਨੁੱਖਤਾ ਮੂਹਰੇ ਖੜ੍ਹੀਆਂ ਗੰਭੀਰ ਸਮੱਸਿਆਵਾਂ ਹਰ ਦਿਨ ਹੋਰ ਤੀਬਰ ਹੋ ਰਹੀਆਂ ਹਨ।

ਸੋਸਲ ਮੀਡੀਆ ਸਾਡੇ ਜੀਵਨ ਨੂੰ ਅਮੀਰ ਨਹੀਂ ਕਰਦਾ ਅਤੇ ਨਾਂ ਹੀ ਇਸ ਦਾ ਸੁਧਾਰ ਜਾਂ ਵਿਕਾਸ ਕਰਦਾ ਹੈ। ਇਹ ਸਾਡੇ ਧਿਆਨ ਦੀ ਤੀਖਣਤਾ ਅਤੇ ਇਸ ਦੇ ਇਕਾਗਰ ਰਹਿ ਸਕਣ ਦੇ ਸਮੇਂ ਨੂੰ ਘਟਾਉਂਦਾ ਹੈ। ਹੰਕਾਰ 'ਚ ਵਾਧਾ ਕਰਦਾ ਹੈ, ਸਾਨੂੰ ਵਸਤੂ-ਵਾਦੀ ਬਣਾਉਂਦਾ ਹੈ, ਸਾਡੇ ਮਨਾਂ 'ਚ ਨਕਲੀ ਸੁੰਦਰਤਾ ਅਤੇ ਫੋਕੇ ਮਾਨ-ਸਨਮਾਨ ਜਾਂ ਟੌਅਰ ਦੇ ਖਿਆਲੀ ਮਿਆਰ ਪੱਕੇ ਕਰਦਾ ਹੈ।

ਇਹ ਸਾਡੇ 'ਚ ਫੌਰੀ ਨਤੀਜੇ ਹਾਸਲ ਕਰਨ ਦੀ ਲਾਲਸਾ ਪੈਦਾ ਕਰ ਦਿੰਦਾ ਹੈ। ਸਾਨੂੰ, ਨਿੱਠ ਕੇ ਜਾਂ ਸਿਰੜ ਨਾਲ਼ ਮਿਹਨਤ ਕਰ ਕੇ ਦੂਰ-ਰਸ ਚੰਗੇ ਨਤੀਜੇ ਦੇਣ ਵਾਲ਼ੇ ਕੰਮ ਕਰਨ ਜੋਗਾ ਨਹੀਂ ਰਹਿਣ ਦਿੰਦਾ।

ਸੋਸਲ ਮੀਡੀਆ ਦੀ ਵੱਧ ਵਰਤੋਂ ਨਾਲ਼ ਸਾਡੇ ਦਿਮਾਗ 'ਚ ਇਸ ਤਰ੍ਹਾਂ ਦੀਆਂ ਤਬਦੀਲੀਆਂ ਆ ਜਾਂਦੀਆ ਹਨ ਕਿ ਅਸੀਂ ਆਪਣੇ-ਆਪ ਦੀ, ਪਰਿਵਾਰਿਕ ਜੀਆਂ ਅਤੇ ਸਮੁੱਚੇ ਸਮਾਜ ਦੀ ਅਸਲੀਅਤ ਤੇ ਇਤਬਾਰ ਕਰਨਾ ਛੱਡ ਬੈਠਦੇ ਹਾਂ। ਜੀਵਨ ਦੀ ਅਸਲੀਅਤ ਤੋਂ ਦੂਰ ਹੁੰਦੇ ਰਹਿੰਦੇ ਹਾਂ। ਇਸ ਦੀ ਵੱਧ ਆਦਤ ਨਾਲ਼ ਨੈਤਿਕ ਵਿਵਹਾਰ ਵਿੱਚ ਹੋਰ ਗਿਰ-ਾਵਟ ਆਉਂਦੀ ਹੈ ਅਤੇ ਵੱਧ ਉਕਸਾਊ ਵੀਡੀਓਜ ਆਦਿ ਦੇਖਣ ਦੀ ਰੁਚੀ ਵਧਦੀ ਰਹਿੰਦੀ ਹੈ ਜਿਹੜਾ ਇੱਕ ਕੁ-ਚੱਕਰ ਬਣ ਜਾਂਦਾ ਹੈ।

ਸੋਸਲ ਮੀਡੀਆ ਇੱਕ ਨਸ਼ਾ ਹੈ ਅਤੇ ਹੋਰ ਨਸ਼ਿਆਂ ਵਾਂਗੂੰ, ਸਮਾਂ ਪਾ ਕੇ ਘੱਟ ਅਸਰ ਕਰਨ ਲੱਗ ਜਾਂਦਾ ਹੈ। ਇਸ ਨਾਲ਼ ਇਸ ਦੇ ਦੇਖਣ ਦਾ ਸਮਾਂ ਵੀ ਵਧਾਉਣਾ ਪੈਂਦਾ ਹੈ। ਲੋਕ ਇੱਥੋਂ ਤੱਕ ਇਸ ਆਦਤ ਦੇ ਗੁਲਾਮ ਹੋ ਜਾਂਦੇ ਹਨ ਕਿ ਸੌਣ ਤੋਂ ਪਹਿਲਾਂ ਤੱਕ ਅਤੇ ਉੱਠਣ ਤੋਂ ਤੁਰਤ ਬਾਅਦ ਸੈੱਲ-ਫੋਨਾਂ ਨਾਲ਼ ਜੁੜੇ ਹੁੰਦੇ ਹਨ।

ਹੋਰ ਕਿਸਮ ਦੇ ਨਸ਼ੇ-ਪੱਤੇ ਬਾਹਰੋਂ ਜਾ ਕੇ ਲੈਣੇ ਪੈਂਦੇ ਹਨ ਅਤੇ ਇਨ੍ਹਾ ਤੇ ਕੋਈ ਨਾ ਕੋਈ ਕਾਨੂੰਨ ਲਗਦਾ ਹੈ। ਪਰ ਸੋਸ਼ਲ ਮੀਡੀਆ ਘਰ ਬੈਠਿਆਂ ਨੂੰ ਚੌਵੀ ਘੰਟੇ ਹਾਸਲ ਹੈ, ਇਸ ਤੇ ਕੋਈ ਕਾਨੂੰਨ ਨਹੀਂ ਲਗਦਾ।

ਡਿਜਿਟਲ ਨਸ਼ੇ ਕਰਨ ਵਾਲ਼ੇ ਦੇ ਦਿਮਾਗ 'ਚ ਵੀ ਓਹੀ ਰਸ (ਡੋਪਾਮਾਈਨ ਆਦਿ) ਪੈਦਾ ਹੁੰਦੇ ਹਨ ਜਿਹੜੇ ਰਸਮੀ ਨਸ਼ੇ ਕਰਨ ਵਾਲ਼ੇ ਦੇ ਹੁੰਦੇ ਹਨ। ਭਾਵ ਇਹ ਵੀ 'ਐਡਿਕਟਿਵ' ਨਸ਼ਾ ਹੈ।

ਹੋਰ ਨਸ਼ਿਆਂ ਦੀ ਆਦਤ ਛੱਡਣ ਵਾਂਗੂੰ ਸੋਸਲ ਮੀਡੀਆ ਦੀ ਆਦਤ ਛੱਡਣੀ ਵੀ ਔਖੀ ਹੈ, ਇਸ ਦੀ ਵੀ ਤੋੜ ਲੱਗਣ ਲੱਗ ਜਾਂਦੀ ਹੈ। ਇਸ ਨੂੰ ਛੱਡਣ ਵਾਸਤੇ ਸਾਨੂੰ ਕੋਈ ਸਕਾਰਾਤਮਿਕ ਕੰਮ, ਕੋਈ ਖੇਡਾਂ, ਵਲੰਟੀਅਰ ਜਾਂ ਸਮਾਜਿਕ ਕੰਮ ਸ਼ੁਰੂ ਕਰਨੇ ਪੈਂਦੇ ਹਨ। ਕੋਈ ਹੈਰਾਨੀ ਦੀ ਗੱਲ ਨਹੀਂ ਕਿ ਹੋਰ ਨਸ਼ਾ-ਛਡਾਊ ਕੇਂਦਰਾਂ ਦੀ ਤਰ੍ਹਾਂ ਕਈ ਦੇਸ਼ਾਂ (ਜਪਾਨ ਆਦਿ) ਦੀਆਂ ਸਰਕਾਰਾਂ ਨੇ ਇਸ ਵਾਸਤੇ ਵੀ ਕੇਂਦਰ ਖੋਲਣੇ ਸ਼ੁਰੂ ਕਰ ਦਿੱਤੇ ਹਨ।

ਸੁਧਾਰਵਾਦੀ, ਕਿਤਾਬਾਂ ਸਣੇ ਅਨੇਕਾਂ ਸਾਧਨਾਂ ਰਾਹੀਂ ਸੋਸਲ ਮੀਡੀਆ ਦੇ ਵਿਰੁੱਧ ਅਵਾਜ ਉਠਾ ਰਹੇ ਹਨ। 2020 ਵਿੱਚ 'ਦੀ ਸੋਸਲ ਡਿਲੇਮਾ' ਨਾਂ ਦੀ ਇੱਕ ਬਹੁਤ ਮਸ਼ਹੂਰ ਡਾਕੂਮੈਂਟਰੀ ਰਾਹੀਂ ਸੰਸਾਰ ਭਰ 'ਚ ਇਹ ਅਵਾਜ ਉੱਠੀ ਸੀ। ਇਸ 'ਚ ਇਸ ਖੇਤਰ ਦੇ ਚੋਟੀ ਦੇ ਮਾਹਰਾਂ, ਜਿਹੜੇ ਖੁਦ ਇਨ੍ਹਾਂ ਕੰਪਨੀਆਂ 'ਚ ਵੱਡੇ-ਵੱਡੇ ਅਹੁਦਿਆਂ ਤੇ ਕੰਮ ਕਰ ਚੁੱਕੇ ਸਨ, ਨਾਲ਼ ਕੀਤੀਆਂ ਇੰਟਰਵਿਉਜ ਸ਼ਾਮਿਲ ਹਨ। ਇਸ ਦਾ ਸੁਨੇਹਾ ਬਹੁਤ ਸਪਸ਼ਟ ਹੈ ਕਿ ਸੋਸਲ ਮੀਡੀਆ ਮਨੁੱਖਤਾ ਤੇ ਬਹੁ-ਪੱਖੀ ਮਾਰੂ ਪ੍ਰਭਾਵ ਪਾ ਰਿਹਾ ਹੈ। ਇਹ ਡਾਕੂਮੈਂਟਰੀ ਦੇਖਣ-ਯੋਗ ਹੈ।

ਇਸ ਦਾ ਭਾਵ ਇਹ ਨਹੀਂ ਕਿ ਤਕਨਾਲੋਜੀ ਦਾ ਸਭ ਕੁਛ ਛੱਡ ਬੈਠਣਾ ਹੈ; ਬਲਕਿ ਅੱਜ ਦੀਆਂ ਬਹੁਤ ਹੀ ਲਾਭਦਾਇਕ ਤਕਨਾਲੋਜੀਆਂ ਦੀ ਭਰਪੂਰ ਸਦ-ਵਰਤੋਂ ਕਰਨੀ ਹੈ। ਅਸੀਂ ਇੰਟਰ-ਨੈੱਟ ਵਰਤਦੇ ਹਾਂ ਕਿਉਂਕਿ ਇਸ ਤੋਂ ਸਾਨੂੰ ਲਾਭਕਾਰੀ ਸੂਚਨਾ ਮਿਲਦੀ ਹੈ। ਇਸ ਰਾਹੀਂ ਪਰਦਾਨ ਕੀਤੀਆਂ ਸੇਵਾਵਾਂ ਹਾਸਲ ਹੁੰਦੀਆਂ ਹਨ, ਜਾਂ ਆਪਣੇ ਕਾਰੋਬਾਰਾਂ ਨਾਲ਼ ਜੁੜੇ ਕੰਮ ਕਰਨੇ ਹੁੰਦੇ ਹਨ। ਸਾਨੂੰ ਇੰਟਰਨੈੱਟ ਅਤੇ ਸੋਸ਼ਲ ਮੀਡੀਆ ਦਾ ਫਰਕ ਸਮਝਣਾ ਚਾਹੀਂਦਾ ਹੈ; ਸਹੂਲਤਾਂ ਦੀ ਆੜ 'ਚ ਕੰਪਨੀਆਂ ਵਲੋਂ ਠੱਗ ਨਹੀਂ ਹੋਣਾ। ਤਕਨਾਲੋਜੀ ਦਾ ਜਾਇਜ ਫਾਇਦਾ ਉਠਾਉਣ ਵਾਸਤੇ ਇਹ ਵੀ ਜਰੂਰੀ ਹੈ ਕਿ ਅਸੀਂ ਆਪਣੇ ਜੀਵਨ ਦੇ ਉਚੇਰੇ ਮੰਤਵ ਨੂੰ ਨਿਰਧਾਰਤ ਕਰੀਏ ਅਤੇ 'ਆਪੇ ਦੀ ਪਛਾਣ' ਕਰਨ ਦੇ ਉਪਰਾਲੇ ਕਰੀਏ। ਮਹਾਂ-ਪੁਰਖਾਂ ਦੇ ਦਰਸਾਏ ਆਪਾ-ਪਛਾਣ (" ") ਦੇ ਰਸਤੇ ਤੇ ਤੁਰੀਏ। ਤਕਨਾਲੋਜੀ ਦਾ ਆਪੋ-ਆਪਣੇ ਧਰਮਾਂ ਦੇ ਮੋਢੀ ਮਹਾਂ-ਪੁਰਖਾਂ ਦੀਆਂ ਸਿੱਖਿਆਵਾਂ ਨਾਲ਼ ਸੁਮੇਲ ਕਰੀਏ ਅਤੇ ਇਨ੍ਹਾਂ ਸਭ ਸਿੱਖਿਆਵਾਂ ਨੂੰ ਮੁੱਖ ਰੱਖ ਕੇ ਇਸ ਦੀ ਸਦ-ਵਰਤੋਂ ਕਰਨ ਦੇ ਉਪਰਾਲੇ ਕਰੀਏ।

ਕਿਸੇ ਵੀ ਮੰਦੀ ਆਦਤ ਦਾ ਤਿਆਗ ਕਰਨ ਵਾਸਤੇ ਪਹਿਲੀ ਜਰੂਰੀ ਕਾਰਵਾਈ ਹੈ ਆਪਣੀ ਸੋਚ ਨੂੰ ਬਦਲਣਾ। ਆਈਨਸਟੀਨ ਦੀ ਪ੍ਰਸਿੱਧ ਟੂਕ ਹੈ ਕਿ ਅਸੀਂ ਆਪਣੀਆਂ ਸਮੱਸਿਆਵਾਂ ਓਸੇ ਸੋਚ ਨਾਲ ਹੱਲ ਨਹੀਂ ਕਰ ਸਕਦੇ ਜਿਨ੍ਹਾਂ ਨਾਲ਼ ਅਸੀਂ ਇਨ੍ਹਾਂ ਨੂੰ ਖੜ੍ਹੀਆਂ ਕੀਤਾ ਹੁੰਦਾ ਹੈ। ਜਿਵੇਂ ਕਿ ਸ਼ੁਰੂ 'ਚ ਬਿਆਨਿਆ ਗਿਆ ਹੈ ਸਰਕਾਰਾਂ ਸਾਨੂੰ ਇਸ ਲੁੱਟ ਤੋਂ ਬਚਾਉਣ 'ਚ ਅਸਮਰੱਥ ਲਗਦੀਆਂ ਹਨ। ਸਿਰਫ ਇੱਕੋ ਤਰੀਕਾ ਜੋ ਅਸੀਂ ਨਿਜੀ ਜਾਂ ਗਰੁੱਪਾਂ 'ਚ ਇਕੱਠੇ ਹੋਕੇ ਵਰਤ ਸਕਦੇ ਹਾਂ ਓਹ ਹੈ, ਆਪਣੇ-ਆਪ ਦਾ ਬਚਾਓ। ਬਿਲਕੁਲ ਓਸੇ ਤਰ੍ਹਾ ਜਿਵੇਂ, ਸਾਡੀ ਸਮਰੱਥਾ ਤੋਂ ਬਾਹਰੀਆਂ ਹੋਰ ਸੰਸਾਰਕ ਆਫਤਾਂ ਤੋਂ ਬਚਣ ਵਾਸਤੇ ਕਰਦੇ ਹਾਂ। ਇਸ ਲੁੱਟ ਤੋਂ ਬਚਣ ਵਾਸਤੇ ਪਰਹੇਜ, ਸੰਤੁਲਨ ਅਤੇ ਸੰਜਮ ਹੀ ਇੱਕ ਕਾਰਗਰ ਤਰੀਕਾ ਹੈ, ਜੋ ਸਭ ਨੇ ਆਪੋ-ਆਪਣਾ ਕਰਨਾ ਹੈ। ਅਮਰੀਕਾ ਦੇ ਪ੍ਰਸਿੱਧ ਡਾਕਟਰ ਐਂਡਰਿਊ ਵ੍ਹੀਲ ਦਾ ਕਹਿਣਾ ਹੈ ਕਿ "ਦਵਾਈ ਅਤੇ ਜ਼ਹਿਰ 'ਚ, ਮਾਤਰਾ ਤੋਂ ਬਗੈਰ ਹੋਰ ਕੋਈ ਫਰਕ ਨਹੀਂ ਹੁੰਦਾ"।

## ਹਲਕਾ-ਫੁਲਕਾ

"ਮੰਮੀ, ਤੁਹਾਨੂੰ ਉਸ ਪਲੇਟ ਦੀ ਯਾਦ ਹੈ, ਜਿਸ ਦੀ ਤੁਹਾਨੂੰ ਹਰ ਵਕਤ ਚਿੰਤਾਲੱਗੀ ਰਹਿੰਦੀ ਸੀ ਕਿ ਟੁੱਟ ਨਾ ਜਾਏ।" ਪ੍ਰਥਮ ਨੇ ਕਿਹਾ।
ਮੰਮੀ, " ਹਾਂ, ਕਿਉਂ?"
ਪ੍ਰਥਮ, "ਤੁਹਾਡੀ ਚਿੰਤਾ ਖਤਮ ਹੋ ਗਈ।"

********

ਇੱਕ ਸ਼ਰਾਰਤੀ ਬੱਚਾ ਹੱਥ ਛੱਡ ਕੇ ਸਾਈਕਲ ਚਲਾਉਣ ਲੱਗਾ ਤੇ ਬੋਲਿਆ, "ਦੇਖੋ, ਮੇਰੇ ਹੱਥ ਨਹੀਂ।"
ਫਿਰ ਦੋਵੇਂ ਪੈਰ ਚੁੱਕ ਦਿੱਤੇ ਤੇ ਬੋਲਿਆ, "ਮੇਰੇ ਪੈਰ ਵੀ ਨਹੀਂ ਹਨ।"
ਫਿਰ ਧੜੰਮ ਕਰ ਕੇ ਡਿੱਗ ਪਿਆ ਅਤੇ ਉਠ ਕੇ ਬੋਲਿਆ, "ਮੇਰੇ ਦੰਦ ਵੀ ਨਹੀਂ ਹਨ।"

********

ਮਨੀ, "ਅੱਜ ਮੈਨੂੰ ਪੰਜਾਹ ਪੈਸੇ ਦਾ ਸਿੱਕਾ ਮਿਲਿਆ ਹੈ।"
ਹਨੀ, "ਉਹ ਤਾਂ ਮੇਰਾ ਸੀ।"
ਮਨੀ, "ਓ ਜਾ, ਮੈਨੂੰ ਪੱਚੀ-ਪੱਚੀ ਪੈਸੇ ਦੇ ਦੋ ਸਿੱਕੇ ਮਿਲੇ ਹਨ।"
ਹਨੀ, "ਮੇਰਾ ਸਿੱਕਾ ਜ਼ਮੀਨ ਉੱਤੇ ਡਿੱਗ ਕੇ ਟੁੱਟ ਗਿਆ ਹੋਵੇਗਾ।"

# ਡੌਨ ਮਿਨੇਕਰ ਸੀਨੀਅਰਜ਼ ਕਲੱਬ ਨੇ ਸੈਂਟਰ ਆਈਲੈਂਡ ਦਾ ਟੂਰ ਲਾਇਆ





ਬਰੈਂਪਟਨ, (ਡਾ. ਝੰਡ) - ਪ੍ਰਾਪਤ ਸੂਚਨਾ ਅਨੁਸਾਰ ਡੌਨ ਮਿਨੇਕਰ ਸੀਨੀਅਰਜ਼ ਕਲੱਬ ਦੇ ਮੈਂਬਰਾਂ ਵੱਲੋਂ ਲੰਘੇ ਸ਼ਨੀਵਾਰ 16 ਜੁਲਾਈ ਨੂੰ ਸੈਂਟਰ ਆਈਲੈਂਡ ਦਾ ਟੂਰ ਲਾਇਆ ਗਿਆ ਜਿਸ ਦੀ ਅਗਵਾਈ ਕਲੱਬ ਦੇ ਪ੍ਰਧਾਨ ਅਮਰੀਕ ਸਿੰਘ ਕੁਮਰੀਆ ਵੱਲੋਂ ਕੀਤੀ ਗਈ ਅਤੇ ਇਸ ਦੇ ਸੁਯੋਗ ਪ੍ਰਬੰਧ ਲਈ ਰਾਮ ਪ੍ਰਕਾਸ਼, ਜਗਦੇਵ ਸਿੰਘ ਗਰੇਵਾਲ ਤੇ ਗਿਆਨ ਸਿੰਘ ਸੰਧੂ ਵੱਲੋਂ ਭਰਪੂਰ ਸਹਿਯੋਗ ਪ੍ਰਾਪਤ ਹੋਇਆ।

ਕਲੱਬ ਦੇ ਮੈਂਬਰ ਦੋ ਬੱਸਾਂ ਵਿਚ ਸਵਾਰ ਹੋ ਕੇ ਟੋਰਾਂਟੋ ਡਾਊਨ ਟਾਊਨ ਪਹੁੰਚੇ ਅਤੇ ਇਸ ਤੋਂ ਪਹਿਲਾਂ ਉਨ੍ਹਾਂ ਨੂੰ ਵਾਰਡ ਨੰਬਰ 7-8 ਦੇ ਰਿਜਨਲ ਕੌਂਸਲਰ ਪੈਟ ਫ਼ੋਰਟਿਨੀ ਅਤੇ 24 ਅਕਤੂਬਰ 2022 ਨੂੰ ਹੋ ਰਹੀਆਂ ਬਰੈਂਪਟਨ ਸਿਟੀ ਕੌਂਸਲ ਦੀਆਂ ਚੋਣਾਂ ਵਿਚ ਵਾਰਡ ਨੰਬਰ 9-10 ਤੋਂ ਸਕੂਲ-ਟਰੱਸਟੀ ਲਈ ਉਮੀਦਵਾਰ ਸੱਤ ਪਾਲ ਜੌਹਲ ਵੱਲੋਂ ਨਿੱਘੀ ਵਿਦਾਇਗੀ ਤੇ ਸ਼ੁਭ-ਇੱਛਾਵਾਂ ਦਿੱਤੀਆਂ ਗਈਆਂ। ਇਸ ਮੌਕੇ ਦੋਹਾਂ ਵੱਲੋਂ ਕਲੱਬ ਦੇ ਮੈਂਬਰਾਂ ਦੇ ਨਾਲ ਤਸਵੀਰਾਂ ਵੀ ਖਿਚਵਾਈਆਂ ਗਈਆਂ ਅਤੇ ਬੱਸਾਂ ਨੂੰ ਰਵਾਨਾ ਕੀਤਾ ਗਿਆ।

ਦੋਵੇਂ ਬੱਸਾਂ 11.00 ਵਜੇ ਟੋਰਾਂਟੋ ਡਾਊਨ ਟਾਊਨ ਫ਼ੈਰੀ-ਸਟੈਂਡ ਦੇ ਸਾਹਮਣੇ ਪਹੁੰਚ ਗਈਆਂ ਜਿੱਥੋਂ ਫ਼ੈਰੀ ਵਿਚ ਸਵਾਰ ਹੋ ਕੇ ਸਾਰੇ ਮੈਂਬਰ ਸੈਂਟਰ ਆਈਲੈਂਡ ਪਹੁੰਚੇ। ਸਾਰਿਆਂ ਨੇ ਉੱਥੇ ਘੁੰਮ ਫਿਰ ਕੇ ਅਤੇ ਖਾ ਪੀ ਕੇ ਖ਼ੂਬ ਅਨੰਦ ਮਾਣਿਆਂ। ਸਬੱਬ ਨਾਲ ਇਸ ਦਿਨ 'ਹਰੇ ਰਾਮਾ ਹਰੇ ਕ੍ਰਿਸ਼ਨਾ' ਵਾਲਿਆਂ ਦਾ ਸਲਾਨਾ ਮੇਲਾ ਵੀ ਚੱਲ ਰਿਹਾ ਸੀ ਅਤੇ ਕਈ ਮੈਂਬਰ ਇਸ ਵਿਚ ਚੱਲ ਰਹੇ ਸੰਗੀਤ ਦਾ ਕੁਝ ਸਮਾਂ ਲੁਤਫ਼ ਲੈਣ ਵੀ ਚਲੇ ਗਏ। ਔਰਤ ਮੈਂਬਰਾਂ ਨੇ ਇਕੱਠੀਆਂ ਹੋ ਕੇ ਗੀਤ ਗਾਏ ਅਤੇ ਗਿੱਧਾ ਵੀ ਪਾਇਆ। ਸਵਾ ਕੁ ਪੰਜ ਵਜੇ ਸਾਰੇ ਮੈਂਬਰ ਫ਼ੈਰੀ ਸਟੈਂਡ 'ਤੇ ਇਕੱਠੇ ਹੋ ਗਏ ਅਤੇ ਘਰਾਂ ਨੂੰ ਵਾਪਸੀ ਪਾਈ। ਅਮਰੀਕ ਸਿੰਘ ਕੁਮਰੀਆ ਨੇ ਮੈਂਬਰਾਂ ਨਾਲ ਜਾਣਕਾਰੀ ਸਾਂਝੀ ਕੀਤੀ ਕਿ ਡੌਨ ਮਿਨੇਕਰ ਸੀਨੀਅਰਜ਼ ਕਲੱਬ ਵੱਲੋਂ 14 ਅਗਸਤ ਨੂੰ ਕੈਨੇਡਾ ਡੇਅ ਤੇ ਭਾਰਤ ਦਾ ਆਜ਼ਾਦੀ-ਦਿਵਸ ਇਕੱਠੇ ਹੀ ਮਨਾਏ ਜਾਣਗੇ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

# Matrimonial
## ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769







## ਫੌਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

## ਲੜਕੀ ਦੀ ਲੋੜ

Looking Suitable Girl for Punjabi Lubhana Sikh boy, 29 Years old, 5"9' height, Canadian Citizen, settled in Toronto. Please contact Ajay at (647) 859-2018

ਸਿੱਖ ਰਾਜਪੂਤ (ਜੰਜੁਆ), ਜਨਮ ਦਸੰਬਰ, 1991, ਕੱਦ 5'11", ਕੈਨੇਡੀਅਨ ਸਿਟੀਜਨ, ਵੈੱਲ ਸੈਟਲਡ ਲੜਕੇ ਲਈ ਕੈਨੇਡੀਅਨ ਪੀਆਰ/ਸਿਟੀਜਨ, ਉਮਰ 25-27 ਸਾਲ, ਖਾਨਦਾਨੀ ਘਰਾਣੇ ਨਾਲ ਸੰਬੰਧਤ ਸੁੰਦਰ ਅਤੇ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 647-239-4866 ਅਤੇ 647-773-5902

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013







## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11" ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9" ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013




## ਕੇਅਰ ਗਿਵਰ ਦੀ ਲੋੜ



ਬਜੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। **'PR'** ਲਈ ਮੱਦਦ ਕੀਤੀ ਜਾਵੇਗੀ। Location 'Winnipeg, MB' ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:

**204-333-9000, 416-818-3777**

## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈੱਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com



# ਰਾਨਿਲ ਵਿਕਰਮਾਸਿੰਘੇ ਸ੍ਰੀਲੰਕਾ ਦੇ ਨਵੇਂ ਰਾਸ਼ਟਰਪਤੀ ਚੁਣੇ ਗਏ

## * ਪਾਰਲੀਮੈਂਟ ਦੇ 225 ਵਿੱਚੋਂ 134 ਮੈਂਬਰਾਂ ਵੱਲੋਂ ਹਮਾਇਤ



ਕੋਲੰਬੋ, 21 ਜੁਲਾਈ, (ਪੋਸਟ ਬਿਊਰੋ)- ਸ੍ਰੀਲੰਕਾ ਦੇ ਮੌਜੂਦਾ ਸੰਕਟ ਦੌਰਾਨ ਚਾਰ ਵਾਰੀਆਂ ਦੇ ਸਾਬਕਾ ਪ੍ਰਧਾਨ ਮੰਤਰੀ ਰਾਨਿਲ ਵਿਕਰਮਸਿੰਘੇ ਨੂੰ ਅੱਜ ਦੇਸ਼ ਦੇ ਰਾਸ਼ਟਰਪਤੀ ਚੁਣ ਲਿਆ ਗਿਆ ਹੈ। ਪੋਸਟਲ ਬੈਲਟ ਰਾਹੀਂ ਹੋਈ ਵੋਟਿੰਗ ਵਿੱਚ ਦੇਸ਼ ਦੀ ਪਾਰਲੀਮੈਂਟ ਦੇ ਕੁੱਲ 225 ਵਿੱਚੋਂ 134ਮੈਂਬਰਾਂ ਨੇ ਉਨ੍ਹਾਂ ਨੂੰ ਵੋਟ ਪਾਈ। ਰਾਨਿਲ ਵਿਕਰਮਸਿੰਘੇ ਅਜੇ ਦੇਸ਼ ਦੇ ਕਾਰਜਕਾਰੀ ਰਾਸ਼ਟਰਪਤੀ ਹੋਣਗੇ।ਉਨ੍ਹਾਂ ਨਾਲ ਮੁਕਾਬਲੇ ਵਿੱਚ ਖੜੇ ਐੱਸ ਐੱਲ ਪੀ ਪੀ ਪਾਰਟੀ ਦੇ ਉਮੀਦਵਾਰ ਦੁੱਲਾਸ ਅਲਹਾਪੇਰੁਮਾ ਨੂੰ 82 ਵੋਟਾਂ ਅਤੇ ਜੇ ਵੀ ਪੀ ਪਾਰਟੀ ਵੱਲੋਂ ਉਮੀਦਵਾਰ ਅਨੁਰਾ ਕੁਮਾਰਾ ਦਿਸਾਨ-ਾਇਕ ਦੇ ਪੱਖ ਵਿੱਚਮਸਾਂ 3 ਪਾਰਲੀਮੈਂਟ ਮੈਂਬਰਾਂ ਨੇ ਵੋਟ ਪਾਈ ਸੀ।

ਖਬਰ ਏਜੰਸੀਦੇ ਮੁਤਾਬਕ ਰਾਸ਼ਟਰਪਤੀ ਚੋਣਜਿੱਤਣ ਪਿੱਛੋਂ ਰਾਨਿਲ ਵਿਕਰਮਸਿੰਘੇ ਨੇ ਕਿਹਾ ਕਿ ਸਾਡਾ ਦੇਸ਼ ਕਾਫੀ ਮੁਸੀਬਤ ਵਿੱਚ ਹੈ ਤੇ ਵੱਡੀ ਚੁਣੌਤੀ ਹੈ।ਵਰਨਣ ਯੋਗ ਹੈ ਕਿ ਸ੍ਰੀਲੰਕਾ ਵਿੱਚ ਸਭ ਤੋਂ ਭੈੜੇ ਆਰਥਿਕ ਸੰਕਟ ਨਾਲ ਨਜਿੱਠਣ ਵਿੱਚ ਸਰਕਾਰ ਦੀ ਅਸਫਲਤਾ ਕਾਰਨ ਲੋਕ ਸੜਕਾਂ ਉੱਤੇਆ ਗਏ ਸਨ ਤੇ ਅਰਾਜਕਤਾ ਭਰਪੂਰ ਮਾਹੌਲਵਿੱਚ ਗੋਟਾਬਾਯਾ ਰਾਜਪਕਸ਼ੇ ਨੇ ਰਾਸ਼ਟਰਪਤੀ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਅਤੇ ਦੇਸ਼ ਤੋਂ ਦੌੜ ਗਏ ਸਨ।

ਸੁਰੱਖਿਆ ਪ੍ਰਬੰਧਾਂਹੇਠਅੱਜ ਗੁਪਤ ਵੋਟਿੰਗ ਨਾਲ ਰਾਸ਼ਟਰਪਤੀ ਚੋਣ ਕਰਵਾਈ ਗਈ।ਰਾਨਿਲ ਵਿਕਰਮਸਿੰਘੇ ਦਾ ਮੁਕਾਬਲਾ ਹਾਕਮ ਧਿਰ ਸ੍ਰੀਲੰਕਾ ਪੋਦੁਜਾਨਾ ਪੇਰਾਮੁਨਾ (ਐੱਸ ਐੱਲ ਪੀ ਪੀ) ਪਾਰਟੀ ਦੇ ਦੁੱਲਾਸ ਅਲਹਾਪੇਰੁਮਾ ਅਤੇ ਜਨਤਾ ਵਿਮੁਕਤੀ ਪੈਰਾਮੁਨਾ ਦੇ ਅਨੁਰਾ ਕੁਮਾਰਾ ਦਿਸਾਨਾਇਕ ਨਾਲਸੀ। ਸ੍ਰੀਲੰਕਾ ਵਿੱਚ 1978 ਤੋਂ ਪਿੱਛੋਂ ਪਹਿਲੀ ਵਾਰ ਰਾਸ਼ਟਰਪਤੀ ਚੋਣ ਪਾਰਲੀਮੈਂਟ ਮੈਂਬਰਾਂਦੇ ਗੁਪਤ ਵੋਟ ਨਾਲ ਹੋਈ ਹੈ।

# ਸ਼ਿਵ ਸੈਨਾ ਅਤੇ ਬਾਗੀ ਵਿਧਾਇਕਾਂ ਦੀਆਂ ਅਰਜ਼ੀਆਂ ਉਤੇ ਸੰਵਿਧਾਨਕ ਸਵਾਲ ਉਠੇ

ਨਵੀਂ ਦਿੱਲੀ, 21 ਜੁਲਾਈ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਕਿਹਾ ਹੈ ਕਿ ਸ਼ਿਵ ਸੈਨਾ ਤੇ ਉਸ ਦੇ ਬਾਗੀ ਵਿਧਾਇਕਾਂ ਵੱਲੋਂ ਦੀਆਂ ਪਟੀਸ਼ਨਾਂ ਵਿੱਚ ਦਲ ਬਦਲੀ, ਰਲੇਵੇਂ ਅਤੇ ਅਯੋਗ ਠਹਿਰਾਉਣ ਜਿਹੇ ਕਈ ਸੰਵਿਧਾਨਕ ਸਵਾਲ ਖੜ੍ਹੇ ਹੋਏ ਹਨ, ਜਿਨ੍ਹਾਂ ਉਪਰ ਵੱਡੇ ਬੈਂਚ ਵੱਲੋਂ ਵਿਚਾਰ ਕੀਤੇ ਜਾਣ ਦੀ ਲੋੜ ਹੈ।

ਚੀਫ ਜਸਟਿਸ ਐਨ ਵੀ ਰਾਮੰਨਾ ਦੀ ਅਗਵਾਈ ਹੇਠਲੇ ਬੈਂਚ ਨੇ ਸਾਰੀਆਂ ਧਿਰਾਂ ਨੂੰ ਨਿਰਦੇਸ਼ ਦਿੱਤੇ ਕਿ ਉਹ ਮੁੱਦੇ 27 ਜੁਲਾਈ ਤਕ ਤਿਆਰ ਰੱਖਣ, ਜਿਨ੍ਹਾਂ ਉੱਤੇ ਵੱਡੇ ਬੈਂਚ ਵੱਲੋਂ ਸੁਣਵਾਈ ਦੀ ਲੋੜ ਹੈ। ਬੈਂਚ ਨੇ ਕਿਹਾ ਕਿ ਵਕੀਲਾਂ ਨੂੰ ਸੁਣਨ ਮਗਰੋਂ ਇਸ ਗੱਲ ਦੀ ਸਹਿਮਤੀ ਬਣੀ ਹੈ ਕਿ ਜੇ ਲੋੜ ਹੋਈ ਤਾਂਕੁਝ ਮੁੱਦੇ ਵੱਡੇ ਬੈਂਚ ਹਵਾਲੇ ਵੀ ਕੀਤੇ ਜਾ ਸਕਦੇ ਹਨ। ਇਸ ਮਗਰੋਂ ਬੈਂਚ ਨੇ ਕੇਸ ਦੀ ਸੁਣਵਾਈ ਪਹਿਲੀ ਅਗਸਤ ਉੱਤੇ ਪਾ ਦਿੱਤੀ।

ਇਸ ਬੈਂਚ ਵੱਲੋਂ ਮਹਾਰਾਸ਼ਟਰ ਵਿੱਚ ਮੌਜੂਦਾ ਸਿਆਸੀ ਸੰਕਟ ਨਾਲ ਸਬੰਧਤ ਪੰਜ ਕੇਸਾਂ ਦੀ ਸੁਣਵਾਈ ਕੀਤੀ ਜਾ ਰਹੀ ਹੈ, ਜਿਨ੍ਹਾਂ ਕਾਰਨ ਮਹਾ ਵਿਕਾਸ ਅਘਾੜੀ (ਗੱਠਜੋੜ) ਦੀ ਸਰਕਾਰ ਡਿੱਗ ਗਈ ਸੀ। ਸ਼ਿਵ ਸੈਨਾ ਦੇ ਊਧਵ ਠਾਕਰੇ ਧੜੇ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਕਪਿਲ ਸਿੱਬਲ ਨੇ ਕਿਹਾ, ''ਪਾਰਟੀ ਵੱਲੋਂ ਨਾਮਜ਼ਦ ਵ੍ਹਿਪ ਤੋਂ ਇਲਾਵਾ ਕਿਸੇ ਹੋਰ ਵ੍ਹਿਪ ਨੂੰ ਸਪੀਕਰ ਵੱਲੋਂ ਮਾਨਤਾ ਦੇਣਾ ਮੰਦਭਾਗਾ ਹੈ।'' ਉਨ੍ਹਾਂ ਕਿਹਾ ਕਿ ਲੋਕਾਂ ਦੇ ਫੈਸਲੇ ਦਾ ਕੀ ਹੋਵੇਗਾ। ਸੰਵਿਧਾਨ ਦੀ 10ਵੀਂਸੂਚੀ ਦੀ ਵਰਤੋਂ ਦਲ ਬਦਲੀ ਨੂੰ ਉਤਸ਼ਾਹਤ ਕਰਨ ਲਈ ਕੀਤੀ ਹੈ। ਸ਼ਿਵ ਸੈਨਾ ਦੇ ਸਾਬਕਾ ਚੀਫ ਵ੍ਹਿਪ ਸੁਨੀਲ ਪ੍ਰਭੂ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਅਭਿਸ਼ੇਕ ਮਨੂ ਸਿੰਘਵੀ ਨੇ ਕਿਹਾ ਕਿ ਗੁਹਾਟੀ ਨੂੰ ਜਾਣ ਤੋਂ ਇੱਕ ਦਿਨ ਪਹਿਲਾਂ ਬਾਗੀ ਧੜੇ ਦੇ ਮੈਂਬਰਾਂ ਨੇ ਵਿਧਾਨ ਸਭਾ ਸਪੀਕਰ ਨੂੰ ਈ-ਮੇਲ ਭੇਜ ਕੇ ਪ੍ਰਭੂ ਨੂੰ ਹਟਾਉਣ ਦੀ ਮੰਗ ਕੀਤੀ ਸੀ, ਜੋ ਕਿਸੇ ਗੈਰ ਅਧਿਕਾਰਤ ਈ-ਮੇਲ ਆਈ ਡੀ ਤੋਂ ਭੇਜੀ ਗਈ ਸੀ। ਸਪੀਕਰ ਨੇ ਇਸ ਉੱਤੇ ਰੋਕ ਲਾ ਦਿੱਤੀ ਤੇ ਕਿਹਾ ਸੀ ਕਿ ਇਸ ਨੂੰ ਰਿਕਾਰਡ ਵਿੱਚ ਸ਼ਾਮਲ ਨਹੀਂ ਕੀਤਾ ਗਿਆ। ਮੌਜੂਦਾ ਮੁੱਖ ਮੰਤਰੀ ਏਕਨਾਥ ਸ਼ਿੰਦੇ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਹਰੀਸ਼ ਸਾਲਵੇ ਨੇ ਕਿਹਾ ਕਿ ਲੋਕਤੰਤਰ ਵਿੱਚ ਲੋਕ ਇਕਜੁੱਟ ਹੋ ਸਕਦੇ ਹਨ ਤੇ ਪ੍ਰਧਾਨ ਮੰਤਰੀ ਨੂੰ ਵੀ ਆਖ ਸਕਦੇ ਹਨ ਕਿ 'ਮੁਆਫ ਕਰੋ, ਤੁਸੀਂ ਅਹੁਦੇ ਉੱਤੇ ਨਹੀਂ ਰਹਿ ਸਕਦੇ।' ਉਨ੍ਹਾਂ ਕਿਹਾ ਕਿ ਜੇ ਕੋਈ ਆਗੂ ਪਾਰਟੀ ਵਿੱਚ ਹੀ ਬਹੁਮਤ ਇਕੱਠਾ ਕਰਦਾ ਹੈ ਤੇ ਬਿਨਾਂ ਪਾਰਟੀ ਛੱਡੇ ਸਵਾਲ ਕਰਦਾ ਹੈ ਤਾਂ ਇਹ ਦਲ ਬਦਲੀ ਨਹੀਂ। ਚੀਫ ਜਸਟਿਸ ਨੇ ਕਿਹਾ ਕਿ ਇਹ ਸਿਆਸੀ ਪੱਖੋਂ ਸੰਵੇਦਨਸ਼ੀਲ ਕੇਸ ਹੈ ਅਤੇ ਅਸੀਂ ਇਹ ਪ੍ਰਭਾਵ ਨਹੀਂ ਦੇਣਾ ਚਾਹੁੰਦੇ ਕਿ ਅਦਾਲਤ ਝੁਕ ਗਈ ਹੈ।

# ਮੁੰਬਈ ਦੇ ਸਾਬਕਾ ਪੁਲਸ ਕਮਿਸ਼ਨਰ ਸੰਜੇ ਪਾਂਡੇ ਨੂੰ ਈ ਡੀ ਹਿਰਾਸਤ ਵਿੱਚ ਭੇਜਿਆ

ਨਵੀਂ ਦਿੱਲੀ, 21 ਜੁਲਾਈ (ਪੋਸਟ ਬਿਊਰੋ)- ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੂੰ ਐਨ ਐਸ ਈ ਫੋਨ ਟੈਪਿੰਗ ਮਾਮਲੇ ਵਿੱਚ ਮੁੰਬਈ ਦੇ ਸਾਬਕਾ ਪੁਲਸ ਕਮਿਸ਼ਨਰ ਸੰਜੇ ਪਾਂਡੇ ਦੀ ਨੌਂ ਦਿਨਾਂ ਦੀ ਹਿਰਾਸਤ ਮਿਲ ਗਈ ਹੈ।

ਸਾਲ 2009 ਅਤੇ 2017 ਦੌਰਾਨ ਨੈਸ਼ਨਲ ਸਟਾਕ ਐਕਸਚੇਂਜ (ਐਨ ਐਸ ਈ) ਮੁਲਾਜ਼ਮਾਂ ਦੇ ਫੋਨ ਟੈਪਿੰਗ ਨਾਲ ਸਬੰਧਤ ਮਨੀ ਲਾਂਡਰਿੰਗ ਰੋਕੂ ਐਕਟ (ਪੀ ਐਮ ਐਲ ਏ) ਦੇ ਇੱਕ ਕੇਸ ਵਿੱਚ ਈ ਡੀ ਨੇ ਰਾਸ਼ਟਰੀ ਰਾਜਧਾਨੀ ਦੀ ਇੱਕ ਅਦਾਲਤ ਤੋਂ ਹਿਰਾਸਤ ਦੀ ਮੰਗ ਕੀਤੀ ਅਤੇ ਦੋਸ਼ ਲਾਏ ਸਨ ਕਿ ਐਨ ਐਸ ਈ ਦੀ ਸਾਬਕਾ ਸੀ ਈ ਓ ਅਤੇ ਐਮ ਡੀ ਚਿਤਰਾ ਰਾਮਕ੍ਰਿਸ਼ਨ ਦੇ ਕਹਿਣ ਉੱਤੇ ਫੋਨ ਟੈਪਿੰਗ ਕੀਤੀ ਗਈ ਸੀ। ਗ੍ਰਿਫਤਾਰ ਕੀਤੇ ਗਏ ਪਾਂਡੇ ਨੂੰ ਰਾਊਜ਼ ਐਵੇਨਿਊ ਕੋਰਟ ਵਿੱਚ ਪੇਸ਼ ਕੀਤਾ ਗਿਆ। ਅਦਾਲਤ ਵਿੱਚ ਈ ਡੀ ਹੈਡਕੁਆਰਟਰ ਨੇ ਕਿਹਾ ਹੈ ਕਿ ਪਾਂਡੇ ਨੂੰ ਰਾਮਕ੍ਰਿਸ਼ਨ ਦੀ ਮਦਦ ਲਈ ਕਾਲ ਟੈਪ ਦੇ 4.54 ਕਰੋੜ ਰੁਪਏ ਮਿਲੇ ਸਨ।ਈ ਡੀ ਨੇ ਕਿਹਾ ਕਿ ਪਾਂਡੇ ਨੇ ਇਸ ਵਿੱਚ ਆਈਸੇਕ ਸਕਿਓਰਿਟੀਜ਼ ਪ੍ਰਾਈਵੇਟ ਲਿਮਟਿਡ ਨੂੰ ਸ਼ਾਮਲ ਕੀਤਾ ਸੀ, ਜਦ ਕਿ ਉਹ ਫਰਮ ਦੇ ਡਾਇਰੈਕਟਰ ਨਹੀਂ ਸਨ, ਪਰ ਉਹ ਹਰ ਬੈਠਕ ਦੀ ਅਗਵਾਈ ਕਰਦੇ ਸਨ। ਈ ਡੀ ਕੋਲ ਇਸ ਦੇ ਸਬੂਤ ਹਨ। ਉਹ ਪਰਦੇ ਪਿੱਛਿਓਂ ਪੂਰੀ ਫਰਮ ਨੂੰ ਕੰਟਰੋਲ ਕਰ ਰਹੇ ਸਨ।ਪਾਂਡੇ ਨੇ ਆਪਣੇ ਬਚਾਅ ਵਿੱਚ ਕਿਹਾ ਕਿ ਪੂਰਾ ਮੁੱਦ ਸਿਆਸਤ ਤੋਂ ਪ੍ਰੇਰਿਤ ਹੈ। ਉਨ੍ਹਾਂ ਨੇ ਕਿਹਾ ਕਿ ਜਦ ਉਹ ਸੇਵਾ ਵਿੱਚ ਸਨ ਤਾਂ 'ਕਾਨੂੰਨ ਅਤੇ ਵਿਵਸਥਾ ਦੀ ਸਥਿਤੀ ਬਣਾਈ ਰੱਖਣ ਲਈ ਫਿੱਟ ਸਨ, ਜਦ ਕਿ ਉਨ੍ਹਾਂ ਖਿਲਾਫ ਦੋ ਕੇਸ ਦਰਜ ਕੀਤੇ ਗਏ ਹਨ। ਉਨ੍ਹਾਂ ਨੇ ਕਿਹਾ ਕਿ ਸਮੇਂ ਦੀ ਜਾਂਚ ਅਤੇ ਨਿਗਰਾਨੀ ਲਈ ਅਸੀਂ ਫੋਨ ਟੈਪਿੰਗ ਕੀਤੇ। ਫੋਨ ਲਾਈਨਾਂ ਟੈਪ ਕਰਨ ਲਈ, ਸਾਰੀਆਂ ਮਸ਼ੀਨਾਂ ਐਨ ਐਸ ਈ (ਨੈਸ਼ਨਲ ਸਟਾਕ ਐਕਸਚੇਂਜ) ਨੇ ਦਿੱਤੀਆਂ ਸਨ।

# ਦਿੱਲੀ ਏਅਰਪੋਰਟ ਆ ਰਹੇ 7 ਜਹਾਜਾਂ ਦਾ ਰਸਤਾ ਭਾਰੀ ਮੀਂਹ ਕਾਰਨ ਬਦਲਿਆ



ਨਵੀਂ ਦਿੱਲੀ, 21 ਜੁਲਾਈ (ਪੋਸਟ ਬਿਊਰੋ)- ਦਿੱਲੀ ਵਿੱਚ ਕੱਲ੍ਹ ਦੁਪਹਿਰੇ ਹੋਈ ਭਾਰੀ ਬਾਰਸ਼ ਕਾਰਨ ਦਿੱਲੀ ਵੱਲੋਂ ਆ ਰਹੇ ਸੱਤ ਜਹਾਜਾਂ ਦਾ ਰਸਤਾ ਬਦਲਿਆ ਗਿਆ ਅਤੇ ਕਰੀਬ 40 ਉਡਾਣਾਂ ਦੇਰ ਨਾਲ ਰਵਾਨਾ ਹੋਈਆਂ।

ਕੱਲ੍ਹ ਖਰਾਬ ਮੌਸਮ ਦੇ ਕਾਰਨ ਘੱਟੋ ਘੱਟ 25 ਉਡਾਣਾਂ ਨੂੰ ਰਵਾਨਾ ਹੋਣ ਵਿੱਚ ਦੇਰੀ ਹੋਈ ਅਤੇ 15 ਜਹਾਜ ਦੇਰ ਨਾਲ ਹਵਾਈ ਅੱਡੇ ਉੱਤੇ ਉਤਰੇ।ਵਿਸਤਾਰਾ ਏਅਰਲ-ਾਇੰਸ ਨੇ ਟਵੀਟ ਕਰ ਕੇ ਦੱਸਿਆ ਕਿ ਮੁੰਬਈ ਤੋਂ ਦਿੱਲੀ ਆਈਆਂ ਉਸਦੀਆਂ ਦੋ ਉਡਾਣਾਂ ਨੂੰ ਭਾਰੀ ਬਾਰਸ਼ ਕਾਰਨ ਦੂਸਰੇ ਸ਼ਹਿਰਾਂ ਵੱਲ ਮੁੜਨਾ ਪਿਆ, ਜਿਨ੍ਹਾਂ ਵਿੱਚ ਇੱਕ ਨੂੰ ਜੈਪੁਰ ਅਤੇ ਦੂਸਰੀ ਨੂੰ ਇੰਦੌਰ ਵਿੱਚ ਉਤਾਰਿਆ ਗਿਆ।ਪੰਜ ਹੋਰ ਉਡਾਣਾਂ ਨੂੰ ਵੀ ਦਿੱਲੀ ਹਵਾਈ ਅੱਡੇ ਦੀ ਬਜਾਏ ਦੂਸਰੇ ਸ਼ਹਿਰਾਂ ਦੇ ਵੱਲ ਮੋੜਨਾ ਪਿਆ ਹੈ। ਦਿੱਲੀ ਹਵਾਈ ਅੱਡੇ ਦੇ ਪ੍ਰਬੰਧਾਂ ਦੀ ਜ਼ਿੰਮੇਦਾਰੀ ਸੰਭਾਲ ਰਹੇ ਦਿੱਲੀ ਇੰਟਰਨੈਸ਼ਨਲ ਏਅਰਪੋਰਟ ਲਿਮਿਟਡ ਤੋਂ ਜਦੋਂ ਇਸ ਸਬੰਧ ਵਿੱਚ ਜਾਣਕਾਰੀ ਮੰਗੀ, ਤਾਂ ਉਸ ਨੇ ਕੋਈ ਜਵਾਬ ਨਹੀਂ ਦਿੱਤਾ।

# ਲੇਖਕ ਤੇ ਸਭਿਆਚਾਰ ਦੇ ਬਾਕੀ ਕਾਮੇ ਵਾਤਾਵਰਣ, ਸਮਾਜਿਕ ਤਾਣਾ ਬਾਣਾ ਸਹੀ ਰੱਖਣ ਲਈ ਹੋਰ ਸਮਰਪਿਤ ਹੋਣ : ਸੀਚੇਵਾਲ

ਲੁਧਿਆਣਾ, 21 ਜੁਲਾਈ (ਗਿਆਨ ਸਿੰਘ): ਬੀਤੇ ਦਿਨੀਂ ਵਾਤਾਵਰਣ ਸੰਭਾਲ ਵਿੱਚ ਕੌਮਾਂਤਰੀ ਪ੍ਰਸਿੱਧੀ ਪ੍ਰਾਪਤ ਬਾਬਾ ਬਲਬੀਰ ਸਿੰਘ ਸੀਚੇਵਾਲ ਮੈਂਬਰ ਪਾਰਲੀਮੈਂਟ ਨੇ ਕਾਲ਼ੀ ਬੇਈਂ ਸਫ਼ਾਈ ਤੇ ਸੰਭਾਲ ਮੁ-ਹੰਮ ਦੀ 22ਵੀਂ ਵਰ੍ਹੇਗੰਢ ਮੌਕੇ ਕਰਵਾਏ ਕਵੀ ਦਰਬਾਰ ਉਪਰੰਤ ਪੰਜਾਬੀ ਕਵੀ ਤੇ ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ ਨੂੰ ਦਸਤਾਰ ਤੇ ਸਨਮਾਨ ਚਿੰਨ੍ਹ ਭੇਟ ਕਰਕੇ ਸਨਮਾਨਿਤ ਕੀਤਾ।

ਬਾਬਾ ਬਲਬੀਰ ਸਿੰਘ ਸੀਚੇਵਾਲ ਨੇ ਲਿਖਾਰੀਆਂ, ਬੁੱਧੀਜੀਵੀਆਂ ਅਤੇ ਸੱਭਿਆਚਾਰਕ ਕਾਮਿਆਂ ਨੂੰ ਪ੍ਰੇਰਨਾ ਦਿੰਦਿਆਂ ਕਿਹਾ ਕਿ ਵਾਤਾਵਰਣ ਸੰਭਾਲ,ਸਮਾਜਿਕ ਤਾਣਾ ਬਾਣਾ ਸਹੀ ਰੱਖਣ ਤੇ ਲੋਕ ਹੱਕ ਚੇਤਨਾ ਲਈ ਸਮਰਪਿਤ ਲਿਖਤਾਂ ਲਿਖਣ ਤਾਂ ਜੋ ਆਦ਼ਾਦੀ ਦੇ ਸਹੀ ਅਰਥ ਸਮਝ ਆ ਸਕਣ ਤੇ ਸਮਾਜਿਕ ਵਿਕਾਸ ਸਾਵਾਂ ਹੋਵੇ। ਉਨ੍ਹਾਂ ਕਿਹਾ ਕਿ ਵਿਗਿਆਨ ਨੇ ਜਿੱਥੇ ਸਾਨੂੰ ਬਹੁਤ ਕੁਝ ਦਿੱਤਾ ਹੈ, ਉਸ ਨਾਲੋਂ ਕਿਤੇ ਵੱਧ ਖੋਹਿਆ ਹੈ। ਪੌਣ ਪਾਣੀ ਤੇ ਪਲੀਤ ਧਰਤੀ ਨੂੰ ਗੁਰੂ ਨਾਨਕ ਆਸ਼ੇ ਅਨੁਸਾਰ ਸਵੱਛ ਕਰਨ ਦੀ ਲੋੜ ਹੈ।

ਇਸ ਮੌਕੇ ਕਰਵਾਏ ਕਵੀ ਦਰਬਾਰ ਵਿੱਚ ਸ਼ਾਮਿਲ ਪੰਜਾਬੀ ਕਵੀਆਂ ਤੇ ਲਿਖਾਰੀਆਂ ਤ੍ਰੈਲੋਚਨ ਲੋਚੀ, ਮੁਖਤਾਰ ਸਿੰਘ ਚੰਦੀ, ਡਾ. ਆਸਾ ਸਿੰਘ ਘੁੰਮਣ ਸੰਚਾਲਕ ਸਿਰ-ਜਣਾ ਕੇਂਦਰ ਕਪੂਰਥਲਾ, ਡਾਃ ਸਵਰਾਜ ਸਿੰਘ , ਮਨਜਿੰਦਰ ਧਨੋਆ ਬਲਬੀਰ ਸ਼ੇਰਪੁਰੀ, ਸੰਤ ਸੰਧੂ, ਡਾ. ਰਾਮ ਮੂਰਤੀ, ਬਹਾਦਰ ਸਿੰਘ ਸੰਧੂ, ਮੋਤਾ ਸਿੰਘ ਸਰਾਏ, ਕੁਲਵਿੰਦਰ



ਸਿੰਘ ਸਰਾਏ, ਕਰਮਜੀਤ ਸਿੰਘ ਗਰੇਵਾਲ ਨੂੰ ਬਾਬਾ ਬਲਬੀਰ ਸਿੰਘ ਸੀਚੇਵਾਲ ਨੇ ਸਨਮਾਨਿਤ ਕੀਤਾ।

ਬਾਦ ਵਿੱਚ ਇਨ੍ਹਾਂ ਲੇਖਕਾਂ ਨੇ ਕਾਲ਼ੀ ਬੇਈਂ ਕੰਢੇ ਯਾਦਗਾਰੀ ਬੂਟੇ ਵੀ ਲਗਾਏ।

ਬਾਬਾ ਗੁਰੂ ਨਾਨਕ ਦੇਵ ਜੀ ਦੀ ਦੀ ਕਾਲ਼ੀ ਵੇਈਂ ਕੰਢੇ ਸ਼ਬਦ-ਏ-ਨਾਦ ਜੱਥੇ ਵਿੱਚ ਸ਼ਾਮਿਲ ਰਬਾਬੀਆਂ ਭਾਈ ਰਣਜੋਧ ਸਿੰਘ,ਨਵਜੋਧ ਸਿੰਘ ਤੇ ਸਿਮਰਨਜੀਤ ਸਿੰਘ ਨੇ ਤੰਤੀ ਸਾਜ਼ਾਂ ਨਾਲ ਸ਼ਬਦ ਗਾਇਨ ਕਰਕੇ ਪੁਰਤਨ ਸਮੇਂ ਦੀ ਯਾਦ ਨੂੰ ਤਾਜ਼ਾ ਕਰ ਦਿੱਤਾ।

ਸਮਾਗਮ ਦੀ ਸ਼ੁਰੂਆਤ ਵਿੱਚ ਸੰਤ ਅਵਤਾਰ ਸਿੰਘ ਯਾਦਗਾਰੀ ਸਕੂਲ ਸੀਚੇਵਾਲ ਦੇ ਬੱਚਿਆਂ ਨੇ ਰਸ-ਭਿੰਨਾ ਕੀਰਤਨ ਕੀਤਾ।

ਇਸ ਤੋਂ ਪਹਿਲਾਂ ਅਮਰੀਕਾ ਤੋਂ ਆਏ ਚਿੰਤਕ ਡਾ: ਸਵਰਾਜ ਸਿੰਘ ਜੀ ਨੇ ਕਿਹਾ ਕਿ ਯੂਕਰੇਨ ਤੇ ਰੂਸ ਵਿੱਚ ਜੋ ਜੰਗ ਚੱਲ ਰਹੀ ਹੈ ਇਸ ਦੇ ਖਾਤਮੇ ਤੋਂ ਬਾਅਦ ਇਹ ਸੰਸਾਰ ਬਹੁ-ਧਰੁਵੀ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਸੰਸਾਰ ਨੂੰ ਇੱਕ ਦਿਨ ਗੁਰੂ ਨਾਨਕ ਦੇ ਫਲਸਫੇ ਅਨੁਸਾਰ ਹੀ ਚੱਲਣਾ ਪਵੇਗਾ।

ਇਸ ਮੌਕੇ ਭਾਈ ਪਰਮਜੀਤ ਸਿੰਘ ਦੀ ਅਗਵਾਈ ਵਾਲੇ ਇੰਟਰਨੈਸ਼ਨਲ ਮੀਰੀ-ਪੀਰੀ ਢਾਡੀ ਜੱਥੇ ਵੱਲੋਂ ਤਿਆਰ ਕੀਤੀ ਐਲਬਮ 'ਗੁਰੂ ਮਨਾਓ ਗ੍ਰੰਥ' ਦਾ ਪੋਸਟਰ ਜਾਰੀ ਕੀਤਾ ਗਿਆ। ਪੰਜਾਬੀ ਸਾਹਿੱਤ ਅਕਾਡਮੀ ਮੈਂਬਰ, ਕੌਮੀ ਪੁਰਸਕਾਰ ਵਿਜੇਤਾ ਅਧਿਆਪਕ ਤੇ ਲੇਖਕ ਕਰਮਜੀਤ ਸਿੰਘ ਗਰੇਵਾਲ ਦੇ ਗੀਤ 'ਵਿਗਿਆਨ ਦਾ ਯੁੱਗ' ਦਾ ਪੋਸਟਰ ਲੋਕ ਅਰਪਨ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੋਤਾ ਸਿੰਘ ਸਰਾਏ ਯੂ ਕੇ ਸੰਚਾਲਕ ਯੋਰਪੀਨ ਪੰਜਾਬੀ ਸੱਥ, ਕੁਲਵਿੰਦਰ ਸਿੰਘ ਸਰਾਏ ਸਾਬਕਾ ਜ਼ਿਲ੍ਹਾ ਸਿੱਖਿਆ ਅਫ਼ਸਰ ਨਵਾਂ ਸ਼ਹਿਰ,ਸਾਬਕਾ ਚੇਅਰਮੈਨ ਮੋਹਣ ਲਾਲ ਸੂਦ,ਪ੍ਰੋ: ਆਸਾ ਸਿੰਘ ਘੁੰਮਣ,ਸੁਰਜੀਤ ਸਿੰਘ ਸ਼ੰਟੀ, ਸਰਪੰਚ ਜੋਗਾ ਸਿੰਘ ਤੇ ਹੋਰ ਸਖਸ਼ੀਅਤਾਂ ਹਾਜ਼ਰ ਸਨ। ਸਟੇਜ ਸਕੱਤਰ ਦੀ ਡਿਊਟੀ ਸੰਤ ਸੁਖਜੀਤ ਸਿੰਘ ਸੀਚੇਵਾਲ ਨੇ ਬੜੇ ਜੀਵੰਤ ਢੰਗ ਨਾਲ ਨਿਭਾਈ।




# ਕਰਮਜੀਤ ਗਰੇਵਾਲ ਦਾ ਗੀਤ 'ਬੱਚਿਓ ਯੁਗ ਵਿਗਿਆਨ ਦਾ ਆਇਆ' ਸੰਤ ਸੀਚੇਵਾਲ ਵੱਲੋਂ ਰਿਲੀਜ਼



ਲੁਧਿਆਣਾ, 21 ਜੁਲਾਈ (ਗਿਆਨ ਸਿੰਘ): ਬੀਤੇ ਦਿਨੀਂ ਬੱਚਿਆਂ ਲਈ 300 ਸਿੱਖਿਆਤਮਕ ਗੀਤਾਂ ਦੇ ਆਡੀਓ/ਵੀਡੀਓ ਤਿਆਰ ਕਰਨ ਵਾਲ਼ੇ ਕੌਮੀ ਪੁਰਸਕਾਰ ਜੇਤੂ ਅਧਿਆਪਕ ਤੇ ਉੱਘੇ ਪੰਜਾਬੀ ਲੇਖਕ ਕਰਮਜੀਤ ਸਿੰਘ ਗਰੇਵਾਲ (ਲਲਤੋਂ) ਦਾ ਨਵਾਂ ਬਾਲ ਗੀਤ "ਬੱਚਿਓ ਯੁਗ ਵਿਗਿਆਨ ਦਾ ਆਇਆ" ਉੱਘੇ ਵਾਤਾਵਰਣ ਸੰਭਾਲ ਚੇਤਨਾ ਕਰਮਯੋਗੀ ਸੰਤ ਬਲਵੀਰ ਸਿੰਘ ਸੀਚੇਵਾ਼ਲ ,ਰਾਜ ਸਭਾ ਮੈਂਬਰ, ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਦੇ ਚੇਅਰਮੈਨ ਪ੍ਰੋ.ਗੁਰਭਜਨ ਸਿੰਘ ਗਿੱਲ, ਸੰਤ ਸੁਖਜੀਤ ਸਿੰਘ ਸੀਚੇਵਾਲ, ਡਾਃ ਸਵਰਾਜ ਸਿੰਘ ਯੂ ਐੱਸ ਏ, ਡਾ. ਆਸਾ ਸਿੰਘ ਘੁੰਮਣ ਪ੍ਰਧਾਨ ਸਿਰਜਣਾ ਕੇਂਦਰ ਕਪੂਰਥਲਾ ਤੇ ਹੋਰ ਸਖ਼ਸ਼ੀਅਤਾਂ ਨੇ ਰਿਲੀਜ਼ ਕੀਤਾ।

ਸੰਤ ਬਾਬਾ ਬਲਵੀਰ ਸਿੰਘ ਸੀਚੇਵਾਲ ਨੇ ਬੋਲਦਿਆਂ ਕਿਹਾ ਅਜਿਹੇ ਗੀਤ ਬਾਲ ਮਨਾਂ ਨੂੰ ਵਾਤਾਵਰਨ ਬਾਰੇ ਵਿ-ਗਆਨਕ ਸੇਧ ਦੇਣ ਲਈ ਬਹੁਤ ਜ਼ਰੂਰੀ ਹਨ। ਵਿਗਿਆਨ ਦਾ ਮੁੱਖ ਮੰਤਵ ਹੀ ਮਨੁੱਖਤਾ ਅਤੇ ਬ੍ਰਹਿਮੰਡ ਦੀ ਭਲਾਈ ਹੋਣਾ ਚਾਹੀਦਾ ਹੈ।

ਪ੍ਰੋ.ਗੁਰਭਜਨ ਸਿੰਘ ਗਿੱਲ ਨੇ ਕਿਹਾ ਕਿ ਬਾਲ ਮਨਾਂ ਨੂੰ ਸਿੱਖਿਆ ਅਤੇ ਜ਼ਿੰਦਗੀ ਦੀਆਂ ਕਦਰਾਂ ਕੀਮਤਾਂ ਨਾ਼ਲ ਜੋੜਨ ਲਈ ਗੀਤ ਗਾਇਨ ਵਿਧੀ ਹਮੇਸ਼ਾ ਹੀ ਕਾਰਗਰ ਸਿੱਧ ਹੁੰਦੀ ਹੈ। ਉਨ੍ਹਾਂ ਕਿਹਾ ਕਿ ਮੇਰੇ ਮਿੱਤਰ ਸਃ ਦਲੀਪ ਸਿੰਘ ਦਾਨ ਸਪੁੱਤਰ ਕਰਮਜੀਤ ਸਿੰਘ ਗਰੇਵਾਲ ਬਹੁਤ ਦੇਰ ਤੋਂ ਉਸਾਰੂ ਤੇ ਸੇਧ ਦੇਣ ਵਾ਼ਲੇ ਗੀਤਾਂ ਰਾਹੀਂ ਬੱਚਿਆਂ ਨੂੰ ਸਾਹਿਤ ਅਤੇ ਸੱਭਿਆਚਾਰ ਅਤੇ ਕਦਰਾਂ ਕੀਮਤਾਂ ਨਾ਼ਲ ਜੋੜ ਰਿਹਾ ਹੈ ਤੇ ਉਹਨਾਂ ਦੀਆਂ ਸਭਿਆਚਾਰਕ ਜੜ੍ਹਾਂ ਮਜ਼ਬੂਤ ਕਰ ਰਿਹਾ ਹੈ।

ਉੱਘੇ ਲੇਖਕ ਤ੍ਰੈਲੋਚਨ ਲੋਚੀ ਨੇ ਦੱਸਿਆ ਕਿ ਕਰਮਜੀਤ ਸਿੰਘ ਗਰੇਵਾਲ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਸਲੇਬਸ ਵਿੱਚ ਸ਼ਾਮਲ ਛੇਵੀਂ ਤੋਂ ਅੱਠਵੀਂ ਤੱਕ ਦੇ ਸਾਰੇ ਗੀਤ/ਕਵਿਤਾਵਾਂ ਵੀ ਗਾ ਕੇ ਵੀਡੀਓ ਬਣਾਏ ਹਨ। ਇਨ੍ਹਾਂ ਵੱਲੋਂ ਬਾਲ ਸਾਹਿਤ ਵੰਨਗੀ ਵਾ਼ਲੇ ਬਾਲ ਗੀਤਾਂ, ਬਾਲ ਨਾਟਕਾਂ ਅਤੇ ਬਾਲ ਕਹਾਣੀਆਂ ਦੀਆਂ 10 ਪੁਸਤਕਾਂ ਆ ਚੁੱਕੀਆਂ ਹਨ।

4 ਪੁਸਤਕਾਂ ਸਕੂਲਾਂ ਲਈ ਪ੍ਰਵਾਨ ਹਨ। ਪਹਿਲੀ ਪੁਸਤਕ ਨੂੰ ਸਰਵੋਤਮ ਬਾਲ ਸਾਹਿਤ ਪੁਰਸਕਾਰ ਅਤੇ ਇਨ੍ਹਾਂ ਦੇ ਬਣਾਏ ਵੀਡੀਓ ਪੰਜਾਬੀ ਵਰਨਮਾ਼ਲਾ ਨੂੰ ਅਮੈਰੀਕਨ ਇੰਡੀਆ ਫਾਊਂਡੇਸ਼ਨ ਟ੍ਰਸਟ ਵੱਲੋਂ ਪਹਿਲਾ ਇਨਾਮ ਮਿਲ ਚੁੱਕਿਆ ਹੈ।

ਇਸ ਮੌਕੇ ਹਾਜ਼ਰ ਪ੍ਰਸਿੱਧ ਵਿਦਵਾਨ ਡਾ. ਸਵਰਾਜ ਸਿੰਘ, ਡਾ. ਆਸਾ ਸਿੰਘ ਘੁੰਮਣ, ਮੋਤਾ ਸਿੰਘ ਸਰਾਏ ਯੂ ਕੇ, ਸ਼ਾਇਰ ਮਨਜਿੰਦਰ ਧਨੋਆ , ਪਾਲ ਸਿੰਘ ਨੌਲੀ, ਸਵਰਨ ਸਿੰਘ ਪ੍ਰਧਾਨ ਪੰਜਾਬੀ ਸਾਹਿੱਤ ਸਭਾ ਸੁਲਤਾਨਪੁਰ ਲੋਧੀ,_ਖਤਾਰ ਸਿੰਘ ਚੰਦੀ, ਸੰਤ ਸੰਧੂ, ਡਾ. ਰਾਮ ਮੂਰਤੀ , ਕੁਲਵਿੰਦਰ ਸਿੰਘ ਸਰਾਏ ਅਤੇ ਹੋਰ ਸਖ਼ਸ਼ੀਅਤਾਂ ਨੇ ਵੀ ਕਰਮਜੀਤ ਗਰੇਵਾਲ ਦੇ ਇਸ ਉਪਰਾਲੇ ਲਈ ਮੁਬਾਰਕਬਾਦ ਦਿੱਤੀ।

# ਜ਼ੁਬੈਰ ਨੂੰ ਯੂ ਪੀ ਵਿੱਚ ਦਰਜ ਸਾਰੇ ਕੇਸਾਂ ਵਿੱਚ ਸੁਪਰੀਮ ਕੋਰਟ ਵੱਲੋਂ ਜ਼ਮਾਨਤ

ਨਵੀਂ ਦਿੱਲੀ, 21 ਜੁਲਾਈ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਆਲਟ ਨਿਊਜ਼ ਦੇ ਕੋ-ਫਾਊਂਡਰ ਮੁਹੰਮਦ ਜ਼ੁਬੈਰ ਨੂੰ ਉਸ ਦੇ ਕਥਿਤ ਅਪਮਾਨ-ਜਨਕ ਟਵੀਟ ਦੇ ਸਬੰਧ ਵਿੱਚ ਉਤਰ ਪ੍ਰਦੇਸ਼ ਵਿੱਚ ਦਰਜ ਸਾਰੇ ਕੇਸਾਂ ਵਿੱਚ ਜ਼ਮਾਨਤ ਦੇ ਦਿੱਤੀ ਹੈ। ਅਦਾਲਤ ਨੇ ਕਿਹਾ ਕਿ ਉਸ ਨੂੰ ਲਗਾਤਾਰ ਹਿਰਾਸਤ ਵਿੱਚ ਰੱਖਣ ਦਾ ਕੋਈ ਮਤਲਬ ਨਹੀਂ ਹੈ, ਉਸ ਨੂੰ ਦਿੱਲੀ ਪੁਲਸ ਦੇ ਕੇਸ ਵਿੱਚ ਇੱਥੇ ਇੱਕ ਅਦਾਲਤ ਨੇ ਜ਼ਮਾਨਤ ਦੇ ਦਿੱਤੀ ਹੈ। ਸੁਪਰੀਮ ਕੋਰਟ ਨੇ ਇਹ ਵੀ ਹੁਕਮ ਦਿੱਤਾ ਕਿ ਜੇ ਉਸ ਵਿਰੁੱਧ ਅਜਿਹੀ ਕਾਰਵਾਈ ਲਈ ਕੋਈ ਹੋਰ ਕੇਸ ਦਰਜ ਹੁੰਦਾ ਹੈ ਤਾਂ ਉਸ ਨੂੰ ਜ਼ਮਾਨਤ ਉੱਤੇ ਛੱਡ ਦਿੱਤਾ ਜਾਵੇਗਾ। ਬੈਂਚ ਨੇ ਮੁਹੰਮਦ ਜ਼ੁਬੈਰ ਵਿਰੁੱਧ ਦਰਜ ਕੇਸ ਦੀ ਜਾਂਚ ਲਈ ਉਤਰ ਪ੍ਰਦੇਸ਼ ਸਰਕਾਰ ਵੱਲੋਂ ਬਣਾਈ ਵਿਸ਼ੇਸ਼ ਜਾਂਚ ਟੀਮ (ਐਸ ਆਈ ਟੀ) ਨੂੰ ਭੰਗ ਕਰਨ ਦਾ ਨਿਰਦੇਸ਼ ਵੀ ਜਾਰੀ ਕਰ ਦਿੱਤਾ।

ਜਸਟਿਸ ਡੀ ਵਾਈ ਚੰਦਰਚੂੜ, ਜਸਟਿਸ ਸੂਰਿਆ ਕਾਂਤ ਅਤੇ ਜਸਟਿਸ ਏ ਐਸ ਬੋਪੰਨਾ ਦੇ ਬੈਂਚ ਨੇ ਕਿਹਾ ਕਿ ਰਾਜਧਾਨੀ ਦਿੱਲੀ ਦੀ ਪਟਿਆਲਾ ਹਾਊਸ ਕੋਰਟ ਵਿੱਚ ਚੀਫ਼ ਮੈਟਰੋਪੋਲੀਟਨ ਮੈਜਿਸਟ੍ਰੇਟ ਸਾਹਮਣੇ 20,000 ਰੁਪਏ ਦਾ ਜ਼ਮਾਨਤੀ ਬਾਂਡ ਜਮ੍ਹਾ ਕਰਵਾਉਣ ਪਿੱਛੋਂ ਜ਼ੁਬੈਰ ਨੂੰ ਉਤਰ ਪ੍ਰਦੇਸ਼ ਵਿੱਚ ਦਰਜ ਸਾਰੇ ਕੇਸਾਂ ਵਿੱਚ ਜਮਾਨਤ ਉੱਤੇ ਰਿਹਾਅ ਕਰ ਦਿੱਤਾ ਜਾਵੇਗਾ। ਸੁਪਰੀਮ ਕੋਰਟ ਨੇ ਜ਼ੁਬੈਰ ਨੂੰ ਭਵਿੱਖ ਵਿੱਚ ਟਵੀਟ ਕਰਨ ਤੋਂ ਰੋਕਣ ਤੋਂ ਨਾਂਹ ਕਰਦਿਆਂ ਕਿਹਾ ਕਿ ਕੀ ਵਕੀਲ ਨੂੰ ਬਹਿਸ ਕਰਨ ਤੋਂ ਰੋਕਿਆ ਜਾ ਸਕਦਾ ਹੈ। ਦੋ ਘੰਟੇ ਤੋਂ ਵੱਧ ਚੱਲੀ ਸੁਣਵਾਈ ਮਗਰੋਂ ਦਿੱਤੇ ਲੰਮੇ ਹੁਕਮ ਵਿੱਚ ਸੁਪਰੀਮ ਕੋਰਟ ਦੇ ਬੈਂਚ ਨੇ ਇਹ ਫੈਸਲਾ ਲਿਆ।

# ਫਿਲਮੀ ਦੁਨੀਆ

## ਮ੍ਰਿਣਾਲ ਠਾਕੁਰ ਦਾ ਲਾਈਫਟਾਈਮ ਡੈਬਿਊ



ਬਾਲੀਵੁੱਡ ਅਭਿਨੇਤਰੀ ਮ੍ਰਿਣਾਲ ਠਾਕੁਰ ਸਾਊਥ ਇੰਡਸਟਰੀ ਵਿੱਚ ਡੈਬਿਊ ਕਰਨ ਜਾ ਰਹੀ ਹੈ। ਉਹ ਜਲਦੀ ਹੀ ਦੁਲਕਰ ਸਲਮਾਨ ਨਾਲ ਹਨੂ ਰਾਘਵਪੁਡੀ ਦੀ 'ਸੀਤਾ ਰਾਮਮ' ਵਿੱਚ ਨਜ਼ਰ ਆਏਗੀ। ਮ੍ਰਿਣਾਲ ਠਾਕੁਰ ਨੇ ਇਸ ਫਿਲਮ ਨੂੰ ਲਾਈਫਟਾਈਮ ਡੈਬਿਊ ਦੱਸਿਆ ਹੈ। ਨਿਰਮਾਤਾ ਵੈਜੰਤੀ ਮੂਵੀਜ਼ ਅਤੇ ਸਵਪਨਾ ਸਿਨੇਮਾ ਨੇ ਪਿੱਛੇ ਜਿਹੇ ਫਿਲਮ ਦੇ ਗਾਣੇ 'ਇੰਥਾਧਮ' ਦਾ ਲਿਰਿਕਸ ਵੀਡੀਓ ਰਿਲੀਜ਼ ਕੀਤਾ ਸੀ।

ਸਾਊਥ ਵਿੱਚ ਆਪਣੇ ਡ੍ਰੀਮ ਡੈਬਿਊ ਬਾਰੇ ਮ੍ਰਿਣਾਲ ਨੇ ਕਿਹਾ, ''ਇਹ ਇੱਕ ਸ਼ਾਨਦਾਰ ਮੌਕਾ ਹੈ, ਕਿਉਂਕਿ ਸਾਰੇ ਕਲਾਕਾਰਾਂ ਨੂੰ ਏਦਾਂ ਦਾ ਡੈਬਿਊ ਕਰਨ ਦਾ ਮੌਕਾ ਨਹੀਂ ਮਿਲਦਾ। ਇਹ ਉਹ ਜਗ੍ਹਾ ਹੈ ਜਿੱਥੇ ਤੁਹਾਨੂੰ ਵੈਜੰਤੀ ਮੂਵੀਜ਼ ਅਤੇ ਸਵਪਨਾ ਸਿਨੇਮਾ ਦਾ ਹਿੱਸਾ ਬਣਨ ਦਾ ਮੌਕਾ ਮਿਲਦਾ ਹੈ, ਜਿੱਥੇ ਹਨੂ ਸਰ ਵਰਗੇ ਸ਼ਾਨਦਾਰ ਡਾਇਰੈਕਟਰ ਹਨ।''ਮ੍ਰਿਣਾਲ ਨੇ ਕਿਹਾ, ''ਕਸ਼ਮੀਰ ਤੋਂ ਗੁਜਰਤ ਅਤੇ ਹੈਦਰਾਬਾਦ ਤੱਕ ਅਸੀਂ ਸਾਰੀਆਂ ਖੂਬਸੂਰਤ ਲੋਕੇਸ਼ਨਾਂ ਉੱਤੇ ਸ਼ੂਟਿੰਗ ਕੀਤੀ ਹੈ। ਸਾਡੇ ਨਿਰਮਾਤਾ ਅਸ਼ਵਨੀ ਸਰ ਬੇਹੱਦ ਤਜਰਬੇਕਾਰ ਅਤੇ ਖੁਸ਼ਨੁਮਾ ਸੁਭਾਅ ਦੇ ਵਿਅਕਤੀ ਹਨ। ਫਿਲਮ ਦੀ ਗੱਲ ਕਰੀਏ ਤਾਂ ਇਹ ਬਿਹਤਰੀਨ ਕਹਾਣੀ ਹੈ, ਜਿਸ ਵਿੱਚ ਅਜਿਹੇ ਕਿਰਦਾਰ ਸ਼ਾਮਲ ਹਨ, ਜਿਨ੍ਹਾਂ ਨਾਲ ਦਰਸ਼ਕ ਆਸਾਨੀ ਜੁੜੇ ਹੋਏ ਮਹਿਸੂਸ ਕਰਾਂਗੇ। ਇਹ ਮੇਰੇ ਜੀਵਨ ਭਰ ਦੀ ਸ਼ੁਰੂਆਤ ਹੈ। ਮੈਂ ਬਹੁਤ ਖੁਸ਼ਕਿਸਮਤ ਮਹਿਸੂਸ ਕਰਦੀ ਹਾਂ। ਮੈਨੂੰ ਯਕੀਨ ਹੈ ਕਿ ਲੋਕ ਫਿਲਮ ਵਿੱਚ ਮੇਰੇ ਕਿਰਦਾਰ ਨੂੰ ਭਰਪੂਰ ਪਿਆਰ ਦੇਣਗੇ। ਫਿਲਮ 'ਸੀਤਾ ਰਾਮਮ' ਪੰਜ ਅਗਸਤ ਨੂੰ ਤੇਲਗੂ, ਤਮਿਲ ਅਤੇ ਮਲਿਆਲਮ ਭਾਸ਼ਾ ਵਿੱਚ ਸਿਨੇਮਾਘਰਾਂ ਵਿੱਚ ਦਸਤਕ ਦੇਵੇਗੀ।''

## 'ਤਹਿਰਾਨ' ਵਿੱਚ ਨਜ਼ਰ ਆਏਗੀ ਮਾਨੁਸ਼ੀ



ਸਾਬਕਾ ਮਿਸ ਯੂਨੀਵਰਸ ਮਾਨੁਸ਼ੀ ਛਿੱਲਰ ਨੇ ਫਿਲਮ 'ਸਮਰਾਟ ਪ੍ਰਿਥਵੀਰਾਜ' ਨਾਲ ਆਪਣੇ ਐਕਟਿੰਗ ਸਫਰ ਦਾ ਆਗਾਜ਼ ਕੀਤਾ ਸੀ। ਉਸ ਵਿੱਚ ਉਸ ਦੇ ਆਪੋਜ਼ਿਟ ਅਕਸ਼ੈ ਕੁਮਾਰ ਸਨ। ਅੱਗੋਂ ਮਾਨੁਸ਼ੀ ਨੇ ਜਾਨ ਅਬਰਾਹਮ ਦੀ ਫਿਲਮ 'ਤਹਿਰਾਨ' ਨਾਲ ਜੁੜਨ ਦੀ ਖਬਰ ਇੰਟਰਨੈੱਟ ਉੱਤੇਪਾਈ ਹੈ। ਇਹ ਫਿਲਮ ਸੱਚੀ ਘਟਨਾ ਉੱਤੇ ਆਧਾਰਤ ਹੈ। ਦਿਨੇਸ਼ ਵਿਜਨ ਦੇ ਨਿਰਮਾਣ ਵਾਲੀ ਇਸ ਫਿਲਮ ਨੂੰ ਅਰੁਣ ਗੋਪਾਲਨ ਨਿਰਦੇਸ਼ਤ ਕਰ ਰਹੇ ਹਨ। ਇਸ ਦੀ ਕਹਾਣੀ ਰਿਤੇਸ਼ ਸ਼ਾਹ ਅਤੇ ਆਸ਼ੀਸ਼ ਸ਼ਰਮਾ ਨੇ ਲਿਖੀ ਹੈ। ਮਾਨੁਸ਼ੀ ਨੇ ਜਾਨ ਦੇ ਨਾਲ ਆਪਣੇ ਲੁਕ ਦੀ ਫੋਟੋ ਟਵਿੱਟਰ ਉੱਤੇ ਸ਼ੇਅਰ ਕਰਦੇ ਹੋਏ ਲਿਖਿਆ, 'ਤਹਿਰਾਨ' ਵਿੱਚ ਜਾਨ ਅਬਰਾਹਮ ਨਾਲ ਜੁੜ ਕੇ ਉਤਸ਼ਾਹਤ ਹਾਂ। ਇਹ ਜਰਨੀ ਸਪੈਸ਼ਲ ਹੋਣ ਵਾਲੀ ਹੈ।

ਜਾਨ ਨੇ ਇਸ ਤੋਂ ਪਹਿਲਾਂ ਇੰਟਰਵਿਊ ਵਿੱਚ ਦੱਸਿਆ ਕਿ ਉਹ ਇਸ ਫਿਲਮ ਦੀ ਸ਼ੂਟਿੰਗ ਈਰਾਨ ਵਿੱਚ ਕਰਨਗੇ। ਇਹ ਸ਼ਾਇਦ ਪਹਿਲੇ ਭਾਰਤੀ ਕਲਾਕਾਰ ਹਨ, ਜੋ ਈਰਾਨ ਵਿੱਚ ਸ਼ੂਟਿੰਗ ਕਰਨਗੇ। ਉਹ ਓਥੇ ਆਪਣੀ ਮਾਂ ਨੂੰ ਵੀ ਨਾਲ ਲੈ ਗਏ ਹਨ। ਫਿਲਹਾਲ ਜਾਨ 29 ਜੁਲਾਈ ਨੂੰ ਰਿਲੀਜ਼ ਹੋ ਰਹੀ ਫਿਲਮ 'ਏਕ ਵਿਲੇਨ ਰਿਟਰਨਸ' ਵਿੱਚ ਆਉਣਗੇ।

## ਫਿਲਮ 'ਅਪੂਰਵਾ' ਵਿੱਚ ਪਹਿਲੀ ਵਾਰ ਸੋਲੋ ਲੀਡ ਰੋਲ ਵਿੱਚ ਆਏਗੀ ਤਾਰਾ ਸੁਤਾਰੀਆ



ਤਾਰਾ ਸੁਤਾਰੀਆ ਜਲਦੀ ਹੀ ਫਿਲਮ 'ਏਕ ਵਿਲੇਨ ਰਿਟਰਨਜ਼' ਨਾਲ ਪਰਦੇ ਉੱਤੇ ਆਉਣ ਵਾਲੀ ਹੈ। ਇਸ ਦੇ ਇਲਾਵਾ ਉਸ ਨੇ ਇੱਕ ਹੋਰ ਫਿਲਮ ਸਾਈਨ ਕੀਤੀ ਹੈ ਜਿਸ ਵਿੱਚ ਉਹ ਪਹਿਲੀ ਵਾਰ ਸੋਲੋ ਲੀਡ ਰੋਲ ਵਿੱਚ ਆਏਗੀ। ਸਟਾਰ ਸਟੂਡੀਓਜ਼ ਨੇ ਤਾਰਾ ਨਾਲ 18 ਅਪ੍ਰੈਲ ਨੂੰ ਆਪਣੇ ਅਗਲੇ ਪ੍ਰੋਜੈਕਟ ਦਾ 'ਅਪੂਰਵਾ' ਦਾ ਐਲਾਨ ਕੀਤਾ ਸੀ। ਤਾਰਾ ਦੀ ਇਸ ਫਿਲਮ ਨੂੰ ਨਿਖਿਲ ਨਾਗੇਸ਼ ਭੱਟ ਨਿਰਦੇਸ਼ਤ ਕਰਨਗੇ। ਇਸ ਫਿਲਮ ਬਾਰੇ ਤਾਰਾ ਦਾ ਕਹਿਣਾ ਹੈ, ''ਮੈਂ ਇਸ ਤੋਂ ਬਿਹਤਰ ਸਕ੍ਰਿਪਟ ਦੀ ਡਿਮਾਂਡ ਨਹੀਂ ਕਰ ਸਕਦੀ ਅਤੇ ਇੱਕ ਯੰਗ ਅਭਿਨੇਤਰੀ ਵਜੋਂ 'ਅਪੂਰਵਾ' ਦੀ ਭੂਮਿਕਾ ਲਾਇਕ ਹੋਣ ਉੱਤੇ ਮੈਨੂੰ ਮਾਣ ਹੈ। ਇਹ ਉਸ ਲੜਕੀ ਦੀ ਕਹਾਣੀ ਹੈ, ਜਿਸ ਦਾ ਹੌਸਲਾ ਤੇ ਸ਼ਕਤੀ ਕਮਾਲ ਹੈ ਅਤੇ ਮੈਂ ਅਜਿਹੀ ਯੁਵਾ ਔਰਤ ਦੀ ਭੂਮਿਕਾ ਲਈ ਆਪਣੀ ਜਰਨੀ ਸ਼ੁਰੂ ਕਰਨ ਲਈ ਐਕਸਾਈਟਿਡ ਹਾਂ, ਜਿਸ ਦਾ ਦਿਮਾਗ ਅਤੇ ਹਿੰਮਤ ਹੀ ਉਸ ਨੂੰ ਹਰ ਮੁਸ਼ਕਲ ਵਿੱਚ ਜਿੰਦਾ ਰੱਖਦੇ ਹਨ।''

## ਸਲਮਾਨ ਦੀ ਚੌਥੀ ਪਾਰੀ



ਸਲਮਾਨ ਖਾਨ ਚੌਥੀ ਪਾਰੀ ਖੇਡਣ ਲਈ ਤਿਆਰ ਹੈ। ਇੱਥੇ ਗੱਲ ਉਸ ਦੇ ਪ੍ਰਸਿੱਧ ਕਿਰਦਾਰ ਚੁਲਬੁਲ ਪਾਂਡੇ ਦੀ ਹੋ ਰਹੀ ਹੈ। 'ਦਬੰਗ' ਸੀਰੀਜ਼ ਦੀਆਂ ਫਿਲਮਾਂ ਦੇ ਤਿੰਨ ਭਾਗ ਬਣ ਚੁੱਕੇ ਹਨ ਅਤੇ ਅੱਗੋਂ ਵਾਰੀ 'ਦਬੰਗ 4' ਦੀ ਹੈ।ਸੂਤਰਾਂ ਮੁਤਾਬਕ ਸਲਮਾਨ ਦੀ ਸੁਪਰਹਿੱਟ ਸੀਰੀਜ਼ 'ਦਬੰਗ' ਦੇ ਚੌਥੇ ਐਡੀਸ਼ਨ ਦੀ ਸਕ੍ਰਿਪਟ ਉੱਤੇ ਕੰਮ ਹੋ ਰਿਹਾ ਹੈ। ਦੱਸਿਆ ਜਾਂਦਾ ਹੈ ਕਿ ਤਿਗਮਾਂਸ਼ੂ ਧੂਲੀਆ 'ਦਬੰਗ 4' ਲਿਖ ਰਹੇ ਹਨ। ਇਸ ਦੀ ਕਹਾਣੀ ਜਿੰਦਾਂ ਦਾ ਆਕਾਰ ਲੈ ਰਹੀ ਹੈ ਉਸ ਤੋਂ ਸਲਮਾਨ ਬਹੁਤ ਖੁਸ਼ ਹੈ ਅਤੇ ਜੇ ਸਭ ਕੁਝ ਠੀਕ ਠਾਕ ਰਿਹਾ ਤਾਂ ਸਾਲ ਦੇ ਅਖੀਰ ਵਿੱਚ 'ਦਬੰਗ 4' ਫਲੋਰ ਉੱਤੇ ਆ ਸਕਦੀ ਹੈ। ਸੁਣਨ ਵਿੱਚ ਆ ਰਿਹਾ ਹੈ ਕਿ ਸੰਭਵ ਹੈ ਕਿ ਤਿਗਮਾਂਗੂ ਹੀ 'ਦਬੰਗ 4' ਦਾ ਨਿਰਦੇਸ਼ਨ ਕਰੇਗਾ, ਜੋ ਇਸ ਤੋਂ ਪਹਿਲਾਂ 'ਸਾਹਿਬ ਬੀਵੀ ਔਰ ਗੈਂਗਸਟਰ' ਅਤੇ 'ਪਾਨ ਸਿੰਘ ਤੋਮਰ' ਆਦਿ ਫਿਲਮਾਂ ਦਾ ਨਿਰਦੇਸ਼ਨ ਕਰ ਚੁੱਕੇ ਹਨ। ਇਹ ਵੀ ਅਟਕਲਾਂ ਹਨ ਕਿ ਸਲਮਾਨ ਨੇ ਆਪਣੀ ਫੀਸ ਦੁੱਗਣੇ ਤੋਂ ਵੱਧ ਕਰ ਦਿੱਤੀ ਹੈ। 'ਬਿੱਗ ਬੌਸ 16' ਦੇ ਪ੍ਰੀ-ਪ੍ਰੋਡਕਸ਼ਨ ਦੀਆਂ ਤਿਆਰੀਆਂ ਵੀ ਹਨ। ਕਿਹਾ ਜਾਂਦਾ ਹੈ ਕਿ ਸਲਮਾਨ ਨੇ ਪਿਛਲੇ ਸੀਜਨ ਲਈ 250 ਕਰੋੜ ਰੁਪਏ ਲਏ ਸਨ। ਇਸ ਲਈ ਜੇ ਸੱਚ ਮੰਨੀਏ ਤਾਂ 'ਬਿੱਗ ਬੌਸ 16' ਲਈ ਸਲਮਾਨ ਦੀ ਫੀਸ ਪੰਜ ਸੌ ਕਰੋੜ ਤੋਂ ਉਪਰ ਹੋ ਸਕਦੀ ਹੈ।






## ਕਾਰਤਿਕ ਆਰੀਅਨ ਸਟਾਰਰ ਪ੍ਰੋਜੈਕਟ ਲਈ ਸਾਜਿਦ ਅਤੇ ਕਬੀਰ ਨੇ ਫਿਰ ਮਿਲਾਇਆ ਹੱਥ

ਸਾਜਿਦ ਨਾਡਿਆਡਵਾਲਾ ਨੇ ਫਿਰ ਇੱਕ ਰੋਮਾਂਚਕ ਕਾਸਟਿੰਗ ਕੀਤੀ ਹੈ। ਉਸ ਦੀ ਅਗਲੀ ਫਿਲਮ ਵਿੱਚ ਕਾਰਤਿਕ ਆਰੀਅਨ ਨਜ਼ਰ ਆਉਣਗੇ। ਇਸ ਅਨਟਾਈਟਲਡ ਫਿਲਮ ਨੂੰ ਕਬੀਰ ਖਾਨ ਫਿਲਮਜ਼ ਵੱਲੋਂ ਨਿਰਦੇਸ਼ਤ ਕੀਤੀ ਜਾਏਗੀ। ਦੂਸਰੇ ਪਾਸੇ ਇਹ ਅਨਟਾਈਟਲਡ ਫਿਲਮ ਸਾਜਿਦ ਤੇ ਕਬੀਰ ਨੂੰ ਇੱਕ ਵਾਰ ਫਿਰ ਇਕੱਠੇ ਕਰੇਗੀ। ਇਸ ਵਿੱਚ ਮੇਕਰਸ ਕਾਰਤਿਕ ਨੂੰ ਪਹਿਲਾਂ ਕਦੇ ਨਜ਼ਰ ਨਾ ਆਏ ਅਵਤਾਰ ਵਿੱਚ ਦੇਖਣਗੇ। ਪ੍ਰੋਜੈਕਟ ਨਾਲ ਜੁੜੀ ਜਾਣਕਾਰੀ ਸੀਕ੍ਰੇਟ ਰੱਖੀ ਹੈ, ਪਰ ਇਹ ਇੱਕ ਇੰਟਰਟੇਨਰ ਫਿਲਮ ਹੋਵੇਗੀ। ਇਹ ਫਿਲਮ ਅਗਲੇ ਸਾਲ ਦੇ ਸ਼ੁਰੂ ਵਿੱਚ ਫਲੋਰ ਉੱਤੇ ਜਾਏਗੀ। ਸਾਜਿਦ ਦਾ ਇਹ ਪ੍ਰੋਜੈਕਟ ਇੱਕ ਸੱਚੀ ਘਟਨਾ ਉੱਤੇ ਆਧਾਰਤ ਹੋਵੇਗਾ। ਜਿਸ ਨੂੰ ਕਈ ਦੇਸ਼ਾਂ ਵਿੱਚ ਸ਼ੂਟ ਕੀਤਾ ਜਾਵੇਗਾ। ਦਾਅਵਾ ਕੀਤਾ ਗਿਆ ਹੈ ਕਿ ਇਹ ਪ੍ਰੋਜੈਕਟ ਕਾਰਤਿਕ ਆਰੀਅਨ ਦੇ ਅੱਜ ਤੱਕ ਦੇ ਕਰੀਅਰ ਦੇ ਸਭ ਤੋਂ ਵੱਡੇ ਪ੍ਰੋਜੈਕਟਾਂ ਵਿੱਚੋਂ ਇੱਕ ਹੋ ਸਕਦਾ ਹੈ। ਪਿੱਛੇ ਜਿਹੇ ਕਾਰਤਿਕ ਨੇ ਆਪਣੀ ਅਗਲੀ ਫਿਲਮ 'ਸ਼ਹਿਜ਼ਾਦਾ' ਦੀ ਰਿਲੀਜ਼ ਡੇਟ ਦੱਸੀ ਸੀ। ਉਸ ਦੀ ਇਹ ਫਿਲਮ 10 ਫਰਵਰੀ 2023 ਨੂੰ ਵੈਲੇਂਨਟਾਈਨ ਡੇਅ ਉੱਤੇ ਸਿਨੇਮਾਘਰਾਂ ਵਿੱਚ ਆਵੇਗੀ।













FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017